Space for Advertisement

13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -14 ISSUE - 2
April 16, 2025

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਦਾ ਜਨਮ ਦਿਵਸ ਸਾਰੀ ਦੁਨੀਆਂ ਭਰ 'ਚ ਮਨਾਇਆ ਗਿਆ।
(ਸਬੰਧਤ ਰਿਪੋਰਟਾਂ ਅਤੇ ਲੇਖ ਅੰਦਰ ਦੇਖੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ






ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਉਸਾਰੀ ਜਾ ਰਹੀ ਗੁਰੂ ਘਰ ਦੀ ਬਿਲਡਿੰਗ 'ਚ ਡਾ. ਅੰਬੇਦਕਰ ਲਾਇਬ੍ਰੇਰੀ 'ਚ ਡਾ. ਅੰਬੇਦਕਰ ਜੀ ਦਾ ਬਸਟ ਲਗਾਇਆ, ਜਿਸ ਦਾ ਉਦਘਾਟਨ ਭਾਰਤ ਤੋਂ ਉਚੇਚੇ ਤੌਰ 'ਤੇ ਆਏ ਭਾਰਤੀ ਲੋਕ ਸਭਾ ਦੇ ਮੈਂਬਰ ਅਤੇ ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਫਾਊਂਡਰ ਪ੍ਰਧਾਨ ਮਾਣਯੋਗ ਸ੍ਰੀ ਚੰਦਰ ਸ਼ੇਖਰ ਆਜ਼ਾਦ ਜੀ ਨੇ ਵੱਡੀ ਗਿਣਤੀ 'ਚ ਹਾਜ਼ਰ ਸੰਗਤਾਂ ਦੀ ਹਾਜ਼ਰੀ 'ਚ ਡਾ. ਅੰਬੇਦਕਰ ਦੇ ਬੁੱਤ ਦੀ ਬੜੇ ਅਦਬ ਨਾਲ ਘੁੰਡ ਚੁਕਾਈ ਕਰਕੇ ਕੀਤਾ।

**(ਹੋਰ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਦੇਖੋ)**

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਚੌਥਾ ਮਹਾਨ ਨਗਰ ਕੀਰਤਨ ਬਹੁਤ ਹੀ ਸ਼ਰਧਾਪੂਰਵਕ ਕੱਢਿਆ ਗਿਆ









**ਯੂਬਾ ਸਿਟੀ (ਡੀ. ਡੀ. ਬੀ.)** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦ ਸਹਿਯੋਗ ਨਾਲ ਬਹੁਤ ਸ਼ਰਧਾ ਪੂਰਵਕ ਚੌਥਾ ਮਹਾਨ ਨਗਰ ਕੀਰਤਨ 6 ਅਪ੍ਰੈਲ ਨੂੰ ਕੱਢਿਆ ਗਿਆ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 10 ਮਾਰਚ 2025 ਨੂੰ ਆਰੰਭ ਹੋਈ ਅਤੇ 6 ਅਪ੍ਰੈਲ ਦਿਨ ਐਤਵਾਰ ਤੱਕ ਸਮੂਹ ਸਾਧ ਸੰਗਤ ਵੱਲੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਮਿਤੀ 4 ਅਪ੍ਰੈਲ 2025 ਨੂੰ ਆਰੰਭ ਹੋਏ, ਸ਼ਨਿਚਰਵਾਰ 5 ਅਪ੍ਰੈਲ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਅਤੇ 6 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 9 ਵਜੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ (ਜੋ ਸ਼ੁੱਕਰਵਾਰ ਅਤੇ ਸ਼ਨਿਚਰਵਾਰ ਵੀ ਸਜਾਏ ਗਏ), ਜਿਸ ਦੌਰਾਨ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਜਸਵਿੰਦਰ ਸਿੰਘ, ਭਾਈ ਆਤਮਜੋਤ ਸਿੰਘ ਅਤੇ ਭਾਈ ਉਂਕਾਰ ਸਿੰਘ ਊਨਾ ਸਾਹਿਬ ਵਾਲੇ ਘਾਟ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਅਤੇ ਸ. ਗੁਰਨਾਮ ਸਿੰਘ ਭੰਡਾਲ ਤੇ ਉਹਨਾਂ ਦੇ ਢਾਡੀ ਜਥੇ ਨੇ ਧਾਰਮਿਕ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਉਪਰੰਤ ਮਹਾਨ ਨਗਰ ਕੀਰਤਨ ਦੀ ਹਰਿ ਦੇ ਨਿਸ਼ਾਨ ਸਾਹਿਬ ਅਤੇ ਪੰਜ ਪਿਆਰਿਆਂ ਦੀ ਰਹਿਨੁਮਾਈ ਵਿਚ ਆਰੰਭਤਾ ਹੋਈ, ਜਿਸ ਦੌਰਾਨ ਦੂਰੋਂ-ਨੇੜਿਉਂ ਰਿਕਾਰਡ ਤੋੜ ਸੰਗਤਾਂ ਨੇ ਹਾਜ਼ਰੀਆਂ ਭਰੀਆਂ ਤੇ ਮਹਾਨ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾਇਆ ਤੇ ਵਾਹਿਗੁਰੂ ਦੇ ਸ਼ਬਦ ਨੂੰ ਸਰਵਣ ਕੀਤਾ। ਤਿੰਨ ਘੰਟਿਆਂ ਤੋਂ ਵੱਧ ਸਮਾਂ ਚੌਥੇ ਮਹਾਨ ਨਗਰ ਕੀਰਤਨ ਦੀ ਗੁਰੂ ਘਰ ਵਾਪਸੀ ਹੋਈ, ਜਿਸ ਦਾ ਨਗਰ 'ਚ ਸੰਗਤਾਂ ਨੇ ਮਹਾਨ ਨਗਰ ਕੀਰਤਨ ਦੇ ਦਰਸ਼ਨ ਪਾ ਕੇ ਆਪਣੇ ਆਪ ਨੂੰ ਸੁਭਾਗਾ ਸਮਝਿਆ ਅਤੇ ਮਹਾਨ ਨਗਰ ਕੀਰਤਨ 'ਚ ਸ਼ਾਮਲ ਸੰਗਤਾਂ ਨੂੰ ਜੀ ਆਇਆਂ ਆਖਦਿਆਂ ਭਾਂਤ-ਭਾਂਤ ਦੇ ਲੰਗਰ, ਚਾਹ-ਪਾਣੀ, ਫਰੂਟ, ਜੂਸ ਆਦਿ ਨਾਲ ਸੰਗਤਾਂ ਦੀ ਸੇਵਾ ਕੀਤੀ।

ਚੌਥੇ ਮਹਾਨ ਨਗਰ ਕੀਰਤਨ ਦੀ ਗੁਰੂ ਘਰ ਵਾਪਸੀ ਤੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਅਰਵਿੰਦ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਪੰਜ ਪਿਆਰੇ ਸਾਹਿਬਾਨ ਦਾ ਪੂਰਾ ਮਾਣ-ਸਨਮਾਨ ਕਰਦਿਆਂ ਸਿਰੋਪਾਓ ਨਾਲ ਨਿਵਾਜਿਆ ਗਿਆ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਮੀਡੀਆ ਤੋਂ ਇਲਾਵਾ ਜਿਹਨਾਂ ਸੰਸਥਾਵਾਂ/ਪਰਿਵਾਂ ਨੇ ਜੋ ਵੀ ਨਗਰ ਕੀਰਤਨ 'ਚ ਸੇਵਾਵਾਂ ਨਿਭਾਈਆਂ, ਦਾ ਕੋਟਿਨ ਕੋਟਿ ਧੰਨਵਾਦ ਕੀਤਾ ਗਿਆ ਅਤੇ ਸਿਰੋਪਾਓ ਨਾਲ ਸਨਮਾਨ ਅਕੀਤਾ ਗਿਆ। ਸਟੇਜ ਦੀ ਸੇਵਾ ਸ. ਗੁਰਦੀਪ ਸਿੰਘ ਸਟੇਜ ਸਕੱਤਰ ਨੇ ਬਾਖ਼ੂਬੀ ਨਾਲ ਨਿਭਾਈ ਅਤੇ ਉਹਨਾਂ ਗੁਰੂ ਘਰ ਦੇ ਪ੍ਰਧਾਨ ਤੇ ਚੇਅਰਮੈਨ ਵੱਲੋਂ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਕੋਟਿਨ-ਕੋਟਿ ਧੰਨਵਾਦ ਕਰਦਿਆਂ ਸਨਿਮਰ ਬੇਨਤੀ ਕੀਤੀ ਕਿ ਇਹ ਆਪ ਸਭ ਦੇ ਸਹਿਯੋਗ ਅਤੇ ਹਾਜ਼ਰੀਆਂ ਭਰਨ ਨਾਲ ਸੰਭਵ ਹੋ ਸਕਿਆ। ਸੋ ਆਪ ਗੁਰੂ ਘਰ ਲਗਾਤਾਰ ਹਾਜ਼ਰੀਆਂ ਲਗਾਉਂਦੇ ਰਹੋ ਤੇ ਗੁਰਪੁਰਬ ਦਿਹਾੜੇ ਅਤੇ ਪੰਜਵੇਂ ਮਹਾਨ ਨਗਰ ਕੀਰਤਨ 'ਚ ਇਸ ਤਰ੍ਹਾਂ ਹਾਜ਼ਰੀਆਂ ਭਰਨਾ ਜੀ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।

**(ਹੋਰ ਤਸਵੀਰਾਂ ਦੇਖੋ ਸਫਾ 28 ਤੋਂ 32 'ਤੇ)**
**(ਤਸਵੀਰਾਂ 'ਦੇਸ਼ ਦੁਆਬਾ')**

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY
INVESTMENT REALTY
Ram Saroay
Broker/Realtor
Commercial Properties
Business License 031035
ramsaroay@hotmail.com
Cell (510) 368-3983

MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
RAMESH SUMAN
Broker Realtor
RCS-D ™
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg - Upcoming Programs

**Guru Piyari Saadh Sangat Ji:**

**Waheguru Ji Ka Khalsa Waheguru Ji KI Fateh!**



**The following programs will be celebrated at the Gurdwara Sahib:**

**April 20, 2025**
**Birthday Celebration of Babasaheb Dr. Bhim Rao Ambedkar**

Sri Sukhmani Sahib Path and Langar Sewa will be hosted by Sangat to celebrate 135th birth anniversary of Bharat Ratna Dr. B. R. Ambedkar.

**June 27-28-29, 2025**
**Pittsburg Gurughar's 40th Anniversary**

Sri Guru Ravidass Temple Pittsburg's 40th anniversary will be celebrated on June 29, 2025. Akhand Path will start on Friday 6/27/2025 at 10:00 AM and will be concluded with Bhog ceremony on Sunday 6/29/2025. We are extremely thankful to our founding members for creating this place of worship for the community. Path and Langar Sewa will be hosted by Guru Ki Sangat. More details to follow.

***Gurughar is open every day. Sukhmani Sahib path/ Akhand Path, Kirtan and Langar Sewa is hosted by Sangat or some devotee every Sunday.***

**"NANAK NAM CHARDI KALA TERE BHANE SARBAT DA BHALA"**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruaravidasstemple.com



Chairman
Vinod Kumar



President
Sunita Singh Bangar



Gen. Secretary
Upinder Pal (Ricky)



Treasurer
Shinder Pal Narabut

ਐਸੀ ਲਾਲ ਤੁਝ ਬਿਨੁ ਕਉਨ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੈ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ॥




# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)

**ਰਾਸ਼ਟਰ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਜੀ ਦਾ 134ਵਾਂ ਜਨਮ ਦਿਨ ਅਤੇ ਬਹੁਜਨ ਸਮਾਜ ਪਾਰਟੀ ਦਾ ਸਥਾਪਨਾ ਦਿਵਸ 4 ਮਈ 2025 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ Sri Guru Ravidass Sabha Fresno (CA) & Worldwide BSP Supporters Team ਵੱਲੋਂ ਸੰਯੁਕਤ ਰੂਪ 'ਚ ਮਨਾਇਆ ਜਾ ਰਿਹਾ ਹੈ।**



ਰਾਜਨੀਤਕ ਸ਼ਕਤੀ ਹਾਸਲ ਕੀਤੇ ਬਗੈਰ ਦੱਬੇ ਕੁਚਲੇ ਵਰਗਾਂ ਦੇ ਲੋਕਾਂ ਦੀ ਹਾਲਤ ਵਿਚ ਸੁਧਾਰ ਨਹੀਂ ਹੋਵੇਗਾ। - ਡਾ. ਅੰਬੇਦਕਰ

**Programme:**

4 ਮਈ 2025 ਦਿਨ ਐਤਵਾਰ ਨੂੰ ਸਵੇਰੇ 10 ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਸਰਬੱਤ ਦੇ ਭਲੇ ਦੀ ਅਰਦਾਸ ਕਰਨਗੇ ਤੇ ਉਹਨਾਂ ਤੋਂ ਇਲਾਵਾ ਪ੍ਰਸਿੱਧ ਕੀਰਤਨੀਏ ਭਾਈ ਹਰਵਿੰਦਰ ਸਿੰਘ ਰਸੀਆ, ਭਾਈ ਹਰਬਲਾਸ ਸਿੰਘ ਝਿੰਗੜ ਅਤੇ ਭਾਈ ਰਾਮ ਆਸਰਾ ਜੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

ਇਸ ਉਪਰੰਤ ਡਾ. ਅੰਬੇਦਕਰ ਜੀ ਦੇ 134ਵੇਂ ਜਨਮ ਦਿਨ ਦੀ ਖੁਸ਼ੀ 'ਚ ਖੂਬ ਵਿਚਾਰਾਂ ਹੋਣਗੀਆਂ। ਸ੍ਰੀ ਅਮਰਜੀਤ ਸਿੰਘ ਬੱਧਣ (Worldwide BSP Supporters Team, Canada) ਮੁੱਖ ਮਹਿਮਾਨ ਵਜੋਂ "ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੇ ਜੀਵਨ ਅਤੇ ਸੰਘਰਸ਼" ਬਾਰੇ ਵਿਸ਼ੇਸ਼ ਵਿਚਾਰ ਰੱਖਣਗੇ। ਵਿਸ਼ੇਸ਼ ਮਹਿਮਾਨ ਡਾ. ਨਿਰਮਲ ਸਿੰਘ ਭੱਟੀ ("Untouchable" who were they and why they became untouchable) 'ਤੇ ਵਿਸ਼ੇਸ਼ ਜਾਣਕਾਰੀ ਵਿਸਥਾਰ ਪੂਰਵਕ ਰੱਖਣਗੇ ਅਤੇ ਪ੍ਰੋ. ਪੁਨੀਤਾ ਸੱਲ੍ਹਣ ਬਾਬਾ ਸਾਹਿਬ ਦੇ ਔਰਤ ਵਰਗ ਲਈ ਕੀਤੇ ਸੰਘਰਸ਼ ਬਾਰੇ ਵਿਚਾਰ ਰੱਖਣਗੇ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦਾ ਸਥਾਪਨਾ ਦਿਵਸ (14 ਅਪ੍ਰੈਲ 1984) ਮਨਾਇਆ ਜਾਵੇਗਾ ਤੇ ਇਸ ਦੌਰਾਨ ਸ੍ਰੀ ਅਮਰ ਦੜੌਚ (Worldwide BSP Supporters Team, USA.) ਆਪਣੇ ਵਿਚਾਰ ਰੱਖਣਗੇ।



Mr. Amarjit Badhan (Worldwide BSP Supporters Team, Canada)



Dr. Nirmal Singh Bhatti



Prof. Puneeta Salhan



Mr. Amar Daroch

**Sri Guru Ravidass Sabha Fresno (CA) & Worldwide BSP Supporters Team ਵੱਲੋਂ ਸਮੂਹ ਗੁਰੂ ਪਿਆਰੀ ਸੰਗਤਾਂ ਨੂੰ ਨਿਮਰਤਾ ਸਹਿਤ ਸੱਦਾ ਦਿੱਤਾ ਜਾਂਦਾ ਹੈ।**

## ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ) ਦੇ ਸੇਵਾਦਾਰ



ਬੀਬੀ ਸੁਰਿੰਦਰ ਕੌਰ ਬੰਗੜ (ਚੇਅਰਪਰਸਨ)



ਸ੍ਰੀ ਰਤਨ ਪਾਲ ਜੱਸੀ (ਵਾਈਸ ਚੇਅਰਮੈਨ)



ਸ੍ਰੀ ਅਮਰ ਦੜੋਚ (ਪ੍ਰਧਾਨ)



ਸ੍ਰੀ ਸੁੱਚਾ ਸਿੰਘ ਝੱਮਟ (ਵਾਈਸ ਪ੍ਰਧਾਨ)



ਸ੍ਰੀ ਸ਼ਿਵਚਰਨ (ਜਨਰਲ ਸਕੱਤਰ)



ਸ੍ਰੀ ਤੇਗਵੀਰ ਸਿੰਘ ਭਾਟੀਆ (ਸਹਾਇਕ ਜਨਰਲ ਸਕੱਤਰ)



ਸ੍ਰੀ ਦਵਿੰਦਰ ਸਿੰਘ ਨਿਗਾਹ (ਖਜਾਨਚੀ)



ਸ੍ਰੀ ਕੁਲਦੀਪ ਸਿੰਘ (ਸਹਾਇਕ ਖਜਾਨਚੀ)



ਸ੍ਰੀ ਕੁਲਦੀਪ ਸਿੰਘ ਬੰਗੜ (ਸਟੇਜ ਸਕੱਤਰ)



ਬੀਬੀ ਦੀਪਿਕਾ ਕਲੇਰ (ਸਹਾਇਕ ਸਟੇਜ ਸਕੱਤਰ)



ਸ੍ਰੀ ਪਵਨ ਸਰੋਇਆ (ਮੀਡੀਆ ਪਰਸਨ)



ਭਾਈ ਰਾਮ ਸਿੰਘ ਜੀ ਹੈੱਡ ਗ੍ਰੰਥੀ

**5025 S Cherry Ave Fresno, CA 93706**

**ਗੁਰੂ ਘਰ ਦਾ ਫੋਨ ਨੰਬਰ: 559-486-3091**

# ਬੰਗਾਲ ਦੇ ਮੁਰਸ਼ਿਦਾਬਾਦ ਦੰਗਿਆਂ ਲਈ ਮਮਤਾ ਨੇ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਇਆ

ਕੋਲਕਾਤਾ- ਮੁਰਸ਼ਿਦਾਬਾਦ ਹਿੰਸਾ ਦੇ ਵਿਚਕਾਰ, ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇਮਾਮਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਸੀਐਮ ਮਮਤਾ ਨੇ ਵਕਫ਼ ਐਕਟ ਨੂੰ ਲੈ ਕੇ ਕੇਂਦਰ 'ਤੇ ਨਿਸ਼ਾਨਾ ਸਾਧਿਆ ਹੈ। ਕਾਂਗਰਸ ਉਤੇ ਨਿਸ਼ਾਨਾ ਸਾਧਦਿਆਂ ਉਸ ਨੂੰ ਅਸਿੱਧੇ ਤੌਰ 'ਤੇ ਦੋਸ਼ੀ ਠਹਿਰਾਉਂਦਿਆਂ ਮਮਤਾ ਬੈਨਰਜੀ ਨੇ ਕਿਹਾ ਕਿ ਜਿਥੇ ਹਿੰਸਾ ਹੋਈ ਉਥੇ ਕਾਂਗਰਸ ਪਾਰਟੀ ਸੰਸਦ ਸੀਟ ਜਿੱਤੀ ਹੈ। ਉਸ ਨੂੰ ਹਿੰਸਾ ਰੋਕਣੀ ਚਾਹੀਦੀ ਸੀ। ਮੁਰਸ਼ਿਦਾਬਾਦ ਦੇ ਉਹ ਇਲਾਕੇ ਜਿੱਥੇ ਵਕਫ਼ ਸੋਧ ਐਕਟ ਦੇ ਵਿਰੋਧ ਵਿਚ ਹਿੰਸਾ ਭੜਕੀ ਸੀ, ਅਸਲ ਵਿਚ ਮਾਲਦਾ ਲੋਕ ਸਭਾ ਹਲਕੇ ਦੇ ਅਧੀਨ ਆਉਂਦੇ ਹਨ। ਇਹ ਸੀਟ ਕਾਂਗਰਸ ਨੇ ਜਿੱਤੀ ਹੈ। ਕਾਂਗਰਸ ਨੂੰ ਇਸ ਹਿੰਸਕ ਸਥਿਤੀ ਨੂੰ ਕਾਬੂ ਕਰਨਾ ਚਾਹੀਦਾ ਸੀ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੁੱਧਵਾਰ ਨੂੰ ਨੇਤਾਜੀ ਇਨਡੋਰ ਸਟੇਡੀਅਮ ਵਿਚ ਇਮਾਮਾਂ ਅਤੇ ਮੁਅਜ਼ਿਨਾਂ ਦੇ ਇਕੱਠ ਵਿੱਚ ਸਿੱਧੇ ਤੌਰ 'ਤੇ ਇਹ ਦੋਸ਼ ਲਗਾਇਆ। ਮਮਤਾ ਨੇ ਕਿਹਾ ਕਿ ਇਹ ਇੱਕ ਪਹਿਲਾਂ ਤੋਂ ਯੋਜਨਾਬੱਧ ਫਿਰਕੂ ਹਿੰਸਾ ਹੈ। ਬਹੁਤ ਭੜਕਾਹਟ ਕੀਤੀ ਗਈ ਹੈ, ਅਸ਼ਾਂਤੀ ਪੈਦਾ ਕੀਤੀ ਗਈ ਹੈ। ਜੇਕਰ ਤ੍ਰਿਣਮੂਲ ਨੇ ਇਹ ਸਭ ਕੀਤਾ ਹੁੰਦਾ, ਤਾਂ ਤ੍ਰਿਣਮੂਲ ਦੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਘਰਾਂ 'ਤੇ ਹਮਲੇ ਨਾ ਹੁੰਦੇ।



ਮੁਰਸ਼ਿਦਾਬਾਦ ਜ਼ਿਲ੍ਹੇ ਦੇ ਕੁਝ ਇਲਾਕਿਆਂ ਵਿਚ ਵਕਫ਼ ਐਕਟ ਸੰਬੰਧੀ ਬੇਨਿਯਮੀਆਂ ਹੋਈਆਂ ਹਨ। ਮਮਤਾ ਨੇ ਅੱਗੇ ਕਿਹਾ ਕਿ ਮੁਰਸ਼ਿਦਾਬਾਦ ਹਿੰਸਾ ਲਈ ਕੇਂਦਰ ਸਰਕਾਰ ਵੀ ਜ਼ਿੰਮੇਵਾਰ ਹੈ। ਬੰਗਾਲ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਜਾਣ ਬੁੱਝ ਕੇ ਅਜਿਹੇ ਕੰਮ ਕਰ ਰਹੀ ਹੈ ਕਿ ਜਿਸ ਨਾਲ ਸਾਡੀ ਸਰਕਾਰ ਦਾ ਅਕਸ ਖ਼ਰਾਬ ਹੋਵੇ ਪਰ ਕੇਂਦਰ ਦੀ ਕੋਈ ਵੀ ਗਲਤ ਚਾਲ ਸਾਡੇ ਸੂਬੇ ਵਿਚ ਨਹੀਂ ਚੱਲਣ ਦਿੱਤੀ ਜਾਵੇਗੀ। ਸੂਬੇ ਦੇ ਲੋਕ ਸਾਡੇ ਨਾਲ ਹਨ।

**ਮਮਤਾ ਬੈਨਰਜੀ ਨੇ ਇਮਾਮਾਂ ਨਾਲ ਮੀਟਿੰਗ ਕੀਤੀ**

ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਜ਼ਿਲ੍ਹੇ ਵਿਚ ਵਕਫ਼ ਐਕਟ ਵਿਰੁੱਧ ਵਿਰੋਧ ਪ੍ਰਦਰਸ਼ਨ ਜਾਰੀ ਹਨ। ਇਸ ਦੌਰਾਨ, ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵਕਫ਼ ਐਕਟ ਸਬੰਧੀ ਇਮਾਮਾਂ ਨਾਲ ਮੀਟਿੰਗ ਕੀਤੀ। ਇਸ ਸਮੇਂ ਦੌਰਾਨ, ਸੀਐਮ ਮਮਤਾ ਨੇ ਵਕਫ਼ ਐਕਟ ਰਾਹੀਂ ਕੇਂਦਰ 'ਤੇ ਨਿਸ਼ਾਨਾ ਸਾਧਿਆ ਹੈ।

ਸੀਐਮ ਮਮਤਾ ਨੇ ਕਿਹਾ- ਮੁਰਸ਼ਿਦਾਬਾਦ ਜ਼ਿਲ੍ਹੇ ਦੇ ਕੁਝ ਇਲਾਕਿਆਂ ਵਿੱਚ ਵਕਫ਼ ਐਕਟ ਨੂੰ ਲੈ ਕੇ ਕੁਝ ਬੇਨਿਯਮੀਆਂ ਹੋਈਆਂ ਸਨ। ਮਮਤਾ ਨੇ ਅੱਗੇ ਕਿਹਾ- ਜੇਕਰ ਟੀਐਮਸੀ ਵਕਫ਼ ਹਿੰਸਾ ਵਿਚ ਸ਼ਾਮਲ ਹੁੰਦੀ, ਜਿਵੇਂ ਕਿ ਵਿਰੋਧੀ ਧਿਰ ਦਾਅਵਾ ਕਰ ਰਹੀ ਹੈ, ਤਾਂ ਇਸ ਦੇ ਨੇਤਾਵਾਂ ਦੇ ਘਰਾਂ 'ਤੇ ਹਮਲਾ ਨਾ ਹੁੰਦਾ।

ਮੁਰਸ਼ਿਦਾਬਾਦ ਦੇ ਉਹ ਇਲਾਕੇ ਜਿੱਥੇ ਵਕਫ਼ ਸੋਧ ਐਕਟ ਦੇ ਵਿਰੋਧ ਵਿਚ ਹਿੰਸਾ ਭੜਕੀ ਸੀ, ਅਸਲ ਵਿਚ ਮਾਲਦਾ ਲੋਕ ਸਭਾ ਹਲਕੇ ਦੇ ਅਧੀਨ ਆਉਂਦੇ ਹਨ। ਇਹ ਸੀਟ ਕਾਂਗਰਸ ਨੇ ਜਿੱਤੀ ਹੈ। ਕਾਂਗਰਸ ਨੂੰ ਇਸ ਹਿੰਸਕ ਸਥਿਤੀ ਨੂੰ ਕਾਬੂ ਕਰਨਾ ਚਾਹੀਦਾ ਸੀ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੁੱਧਵਾਰ ਨੂੰ ਨੇਤਾਜੀ ਇਨਡੋਰ ਸਟੇਡੀਅਮ ਵਿਚ ਇਮਾਮਾਂ ਅਤੇ ਮੁਅਜ਼ਿਨਾਂ ਦੇ ਇਕੱਠ ਵਿੱਚ ਸਿੱਧੇ ਤੌਰ 'ਤੇ ਇਹ ਦੋਸ਼ ਲਗਾਇਆ। ਮਮਤਾ ਨੇ ਕਿਹਾ ਕਿ ਇਹ ਇੱਕ ਪਹਿਲਾਂ ਤੋਂ ਯੋਜਨਾਬੱਧ ਫਿਰਕੂ ਹਿੰਸਾ ਹੈ। ਬਹੁਤ ਭੜਕਾਹਟ ਕੀਤੀ ਗਈ ਹੈ, ਅਸ਼ਾਂਤੀ ਪੈਦਾ ਕੀਤੀ ਗਈ ਹੈ। ਜੇਕਰ ਤ੍ਰਿਣਮੂਲ ਨੇ ਇਹ ਸਭ ਕੀਤਾ ਹੁੰਦਾ, ਤਾਂ ਤ੍ਰਿਣਮੂਲ ਦੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੇ ਘਰਾਂ 'ਤੇ ਹਮਲੇ ਨਾ ਹੁੰਦੇ।

**'ਵਕਫ਼ ਐਕਟ ਵਿਰੁੱਧ ਲੜਾਈ 'ਚ ਟੀਐਮਸੀ ਸਭ ਤੋਂ ਅੱਗੇ'**

ਮਮਤਾ ਬੈਨਰਜੀ ਦਾ ਕਹਿਣਾ ਹੈ ਕਿ ਟੀਐਮਸੀ ਸੰਸਦ ਵਿਚ ਵਕਫ਼ ਕਾਨੂੰਨ ਵਿਰੁੱਧ ਲੜਾਈ ਵਿਚ ਸਭ ਤੋਂ ਅੱਗੇ ਹੈ, ਭਾਜਪਾ ਦੁਆਰਾ ਪੈਸੇ ਦਿੱਤੇ ਗਏ ਕੁਝ ਮੀਡੀਆ ਹਾਊਸ ਬੰਗਾਲ ਨੂੰ ਬਦਨਾਮ ਕਰਨ ਲਈ ਦੂਜੇ ਰਾਜਾਂ ਵਿਚ ਹਿੰਸਾ ਦੇ ਵੀਡੀਓ ਪ੍ਰਸਾਰਿਤ ਕਰ ਰਹੇ ਹਨ। ਮਮਤਾ ਬੈਨਰਜੀ ਨੇ ਕਿਹਾ ਕੇਂਦਰ ਸਰਕਾਰ ਦੀ ਕਿਸੇ ਵੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ ਜੋ ਪੱਛਮੀ ਬੰਗਾਲ ਦੇ ਲੋਕਾਂ ਦੇ ਹਿੱਤਾਂ ਦੇ ਖ਼ਿਲਾਫ਼ ਹੋਵੇ।

# 'ਕਾਂਗਰਸ ਨੂੰ ਵਿਰੋਧ ਕਰਨ ਦਾ ਹੱਕ ਪਰ ਜ਼ਮੀਨ ਤੇ ਪੈਸਾ ਲੁੱਟਣ ਦਾ ਨਹੀਂ'- ਭਾਜਪਾ

**ਨਵੀਂ ਦਿੱਲੀ-** ਭਾਜਪਾ ਸੰਸਦ ਮੈਂਬਰ ਰਵੀ ਸ਼ੰਕਰ ਪ੍ਰਸਾਦ ਨੇ ਨੈਸ਼ਨਲ ਹੈਰਾਲਡ ਮਾਮਲੇ ਵਿਚ ਦੇਸ਼ ਭਰ ਵਿੱਚ ਈਡੀ ਦਫ਼ਤਰਾਂ ਦੇ ਬਾਹਰ ਵਿਰੋਧ ਪ੍ਰਦਰਸ਼ਨਾਂ ਦੇ ਕਾਂਗਰਸ ਦੇ ਐਲਾਨ 'ਤੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਭਾਜਪਾ ਨੇਤਾ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਕਾਂਗਰਸ ਪਾਰਟੀ ਕੋਲ ਵਿਰੋਧ ਕਰਨ ਦੀਆਂ ਸ਼ਕਤੀਆਂ ਅਤੇ ਅਧਿਕਾਰ ਜ਼ਰੂਰ ਹਨ ਪਰ ਇਹ ਸਰਕਾਰ ਦੁਆਰਾ ਨੈਸ਼ਨਲ ਹੈਰਾਲਡ ਨੂੰ ਦਿੱਤੀ ਗਈ ਜਨਤਕ ਜਾਇਦਾਦ ਦੀ ਦੁਰਵਰਤੋਂ ਤੱਕ ਸੀਮਤ ਨਹੀਂ ਹੈ। ਭਾਜਪਾ ਸੰਸਦ ਮੈਂਬਰ ਰਵੀ ਸ਼ੰਕਰ ਪ੍ਰਸਾਦ ਨੇ ਨੈਸ਼ਨਲ ਹੈਰਾਲਡ ਮਾਮਲੇ ਵਿੱਚ ਦੇਸ਼ ਭਰ ਵਿੱਚ ਈਡੀ ਦਫਤਰਾਂ ਦੇ ਬਾਹਰ ਵਿਰੋਧ ਪ੍ਰਦਰਸ਼ਨਾਂ ਦੇ ਕਾਂਗਰਸ ਦੇ ਐਲਾਨ 'ਤੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਭਾਜਪਾ ਨੇਤਾ ਨੇ ਕਿਹਾ, "ਭਾਜਪਾ ਵੱਲੋਂ, ਮੈਂ ਸ਼ੁਰੂ ਵਿੱਚ ਹੀ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਜਦੋਂ ਕਿ ਕਾਂਗਰਸ ਪਾਰਟੀ ਕੋਲ ਧਰਨੇ ਦੇਣ ਦੀਆਂ ਸ਼ਕਤੀਆਂ ਅਤੇ ਅਧਿਕਾਰ ਜ਼ਰੂਰ ਹਨ, ਇਹ ਸਰਕਾਰ ਦੁਆਰਾ ਨੈਸ਼ਨਲ ਹੈਰਾਲਡ ਨੂੰ ਦਿੱਤੀ ਗਈ ਜਨਤਕ ਜਾਇਦਾਦ ਦੀ ਦੁਰਵਰਤੋਂ ਤੱਕ ਸੀਮਤ ਨਹੀਂ ਹੈ।" ਨੈਸ਼ਨਲ ਹੈਰਾਲਡ ਦੇ ਕਥਿਤ ਮਨੀ ਲਾਂਡਰਿੰਗ ਮਾਮਲੇ ਵਿਚ ਰਾਹੁਲ ਗਾਂਧੀ, ਸੋਨੀਆ ਗਾਂਧੀ ਅਤੇ ਹੋਰਾਂ ਵਿਰੁੱਧ ਈਡੀ ਦੀ ਮੁਕੱਦਮਾ ਸ਼ਿਕਾਇਤ 'ਤੇ, ਭਾਜਪਾ ਸੰਸਦ ਮੈਂਬਰ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਰਾਹੁਲ ਗਾਂਧੀ ਅਤੇ ਸੋਨੀਆ ਗਾਂਧੀ ਜ਼ਮਾਨਤ 'ਤੇ ਬਾਹਰ ਹਨ।

# ਇਸ ਸਾਲ ਖੂਬ ਹੋਵੇਗੀ ਬਰਸਾਤ, ਆਮ ਨਾਲੋਂ ਜ਼ਿਆਦਾ ਬਾਰਿਸ਼ ਦੀ ਸੰਭਾਵਨਾ

ਨਵੀਂ ਦਿੱਲੀ : ਉੱਤਰ ਭਾਰਤ 'ਚ ਇਸ ਸਮੇਂ ਭਿਆਨਕ ਗਰਮੀ ਤੇ ਲੂ ਦਾ ਕਹਿਰ ਦੇਖਣ ਨੂੰ ਮਿਲ ਰਿਹਾ ਹੈ। ਅਪ੍ਰੈਲ ਮਹੀਨੇ ਹੀ ਤਾਪਮਾਨ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਦੌਰਾਨ ਮੌਨਸੂਨ ਦੇ ਸਬੰਧ 'ਚ ਭਾਰਤ ਮੌਸਮ ਵਿਗਿਆਨ ਵਿਭਾਗ ਨੇ ਚੰਗੀ ਖਬਰ ਦਿੱਤੀ ਹੈ। ਭਾਰਤੀ ਮੌਸਮ ਵਿਗਿਆਨ ਵਿਭਾਗ ਨੇ ਮੰਗਲਵਾਰ ਨੂੰ ਦੱਸਿਆ ਕਿ ਇਸ ਮੌਨਸੂਨ 'ਚ ਭਾਰਤ 'ਚ ਆਮ ਨਾਲੋਂ ਜ਼ਿਆਦਾ ਬਾਰਿਸ਼ਹੋਣ ਦੀ ਸੰਭਾਵਨਾ ਹੈ।



ਨਾਲ ਹੀ ਪੂਰੇ ਮੌਸਮ ਦੌਰਾਨ ਅਲ-ਨੀਨੋ ਦੀ ਸਥਿਤੀ ਦੀ ਸੰਭਾਵਨਾ ਨੂੰ ਖਾਰਜ ਕਰ ਦਿੱਤਾ। ਭਾਰਤੀ ਮੌਸਮ ਵਿ-ਗਆਨ ਵਿਭਾਗ ਦੇ ਮੁਖੀ ਮ੍ਰਿਤੁੰਜਯ ਮਹਾਪਾਤਰ ਨੇ ਦਿੱਲੀ 'ਚ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਭਾਰਤ 'ਚ ਚਾਰ ਮਹੀਨਿਆਂ ਦੇ ਮੌਨਸੂਨ ਮੌਸਮ (ਜੂਨ ਤੋਂ ਸਤੰਬਰ) 'ਚ ਆਮ ਨਾਲੋਂਵੱਧ ਬਰਸਾਤ ਹੋਣ ਦੀ ਸੰਭਾਵਨਾ ਹੈ ਅਤੇ ਬਰਸਾਤ ਦੀ ਮਿਆਦ ਦਾ ਔਸਤ 87 ਸੈਂਟੀਮੀਟਰ ਦਾ 105 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਹੈ। ਉਨ੍ਹਾਂ ਕਿਹਾ ਕਿ ਭਾਰਤੀ ਉਪਮਹਾਦੀਪ 'ਚ ਆਮ ਨਾਲੋਂ ਘੱਟ ਮੌਨਸੂਨ ਬਰਸਾਤ ਨਾਲ ਜੁੜੀ ਅਲ-ਨੀਨੋ ਦੀ ਸਥਿਤੀ ਇਸ ਵਾਰ ਵਿਕਸਤ ਹੋਣ ਦੀ ਸੰਭਾਵਨਾ ਨਹੀਂ ਹੈ।

ਭਾਰਤ ਇਕ ਕਿਸਾਨ ਪ੍ਰਧਾਨ ਦੇਸ਼ ਹੈ। ਕਿਸਾਨੀ ਖੇਤਰ ਲਈ ਮੌਨਸੂਨ ਮਹੱਤਵਪੂਰਨ ਹੈ। ਕਿਸਾਨੀ ਦੇਸ਼ ਦੀ ਲਗਪਗ 42।3 ਪ੍ਰਤੀਸ਼ਤ ਆਬਾਦੀ ਦੀ ਆਰਥਿਕਤਾ ਦਾ ਆਧਾਰ ਹੈ ਤੇ ਦੇਸ਼ ਦੇ ਕੁੱਲ ਘਰੇਲੂ ਉਤਪਾਦ 'ਚ 18।2 ਪ੍ਰਤੀਸ਼ਤ ਦਾ ਯੋਗਦਾਨ ਦਿੰਦਾ ਹੈ। ਇਹ ਜਾਣਨਾ ਜ਼ਰੂਰੀ ਹੈ ਕਿ ਸ਼ੁੱਧ ਖੇਤੀ ਵਾਲੇ ਖੇਤਰ ਦਾ 52 ਪ੍ਰਤੀਸ਼ਤ ਮੁੱਢਲੀ ਵਰਖਾ ਪ੍ਰਣਾਲੀ 'ਤੇ ਨਿਰਭਰ ਕਰਦਾ ਹੈ। ਇਸ ਤੋਂ ਇਲਾਵਾ ਦੇਸ਼ ਭਰ ਵਿਚ ਬਿਜਲੀ ਉਤਪਾਦਨ ਦੇ ਨਾਲ-ਨਾਲ ਪੀਣ ਵਾਲੇ ਪਾਣੀ ਲਈ ਮਹੱਤਵਪੂਰਨ ਜਲਾਸ਼ਿਆਂ ਨੂੰ ਦੁਬਾਰਾ ਭਰਨਾ ਵੀ ਵਰਖਾ ਲਈ ਜ਼ਰੂਰੀ ਹੈ।

ਇਸੇ ਲਈ, ਮੌਨਸੂਨ ਦੇ ਮੌਸਮ 'ਚ ਆਮ ਵਰਖਾ ਦੀ ਭਵਿੱਖਵਾਣੀ ਦੇਸ਼ ਲਈ ਵੱਡੀ ਰਾਹਤ ਦੀ ਗੱਲ ਹੈ। ਪੌਣ-ਪਾਣੀ ਵਿਗਿਆਨੀਆਂ ਦਾ ਕਹਿਣਾ ਹੈ ਕਿ ਵਰਖਾ ਦੇ ਦਿਨਾਂ ਦੀ ਗਿਣਤੀ ਘਟ ਰਹੀ ਹੈ ਜਦੋਂਕਿ ਭਾਰੀ ਵਰਖਾ ਦੀ ਘਟਨਾ (ਥੋੜ੍ਹੇ ਸਮੇਂ 'ਚ ਜ਼ਿਆਦਾ ਬਾਰਿਸ਼) ਵਧ ਰਹੀ ਹੈ। ਇਸੇ ਕਾਰਨ ਲਗਾਤਾਰ ਸੋਕਾ ਤੇ ਹੜ੍ਹ ਆ ਰਹੇ ਹਨ। ਭਾਰਤ ਦੇ ਕੁਝ ਹਿੱਸੇ ਪਹਿਲਾਂ ਹੀ ਭਿਆਨਕ ਗਰਮੀ ਨਾਲ ਜੂਝ ਰਹੇ ਹਨ। ਇਸ ਦੌਰਾਨ, ਮੌਸਮ ਵਿਭਾਗ ਨੇ ਦੱਸਿਆ ਹੈ ਕਿ ਅਪ੍ਰੈਲ ਤੋਂ ਜੂਨ ਦੀ ਮਿਆਦ 'ਚ ਜ਼ਬਰਦਸਤ ਲੂ ਪੈਣ ਦੀ ਸੰਭਾਵਨਾ ਹੈ। ਮੰਨਿਆ ਜਾ ਰਿਹਾ ਹੈ ਕਿ ਤਾਪਮਾਨ 'ਚ ਵਾਧਾ ਅਤੇ ਲੂ ਕਾਰਨ ਬਿਜਲੀ ਦੀ ਮੰਗ ਵਧਣ ਦੀ ਸੰਭਾਵਨਾ ਹੈ। ਇਸ ਦੌਰਾਨ ਮੌਨਸੂਨ ਨਾਲ ਜੁੜੀ ਚੰਗੀ ਖਬਰ ਨੇ ਲੋਕਾਂ ਨੂੰ ਰਾਹਤ ਦਿੱਤੀ ਹੈ।



# ਗ੍ਰਿਫਤਾਰ ਪ੍ਰਵਾਸੀਆਂ ਨੂੰ ਹਜਾਰਾਂ ਮੀਲ ਦੂਰ ਲਿਜਾਇਆ ਜਾ ਰਿਹਾ ਤਾਂ ਜੋ ਉਹ ਵਕੀਲਾਂ ਦੀ ਮੱਦਦ ਨਾ ਲੈ ਸਕਣ, ਦਾਇਰ ਪਟੀਸ਼ਨ ਵਿੱਚ ਖੁਲਾਸਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਵਕੀਲਾਂ ਦੁਆਰਾ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਦੁਆਰਾ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਕੇ ਉਨਾਂ ਦੇ ਘਰਾਂ ਤੋਂ ਹਜਾਰਾਂ ਮੀਲ ਦੂਰ ਲਿਜਾਇਆ ਜਾ ਰਿਹਾ ਹੈ ਤਾਂ ਜੋ ਉਹ ਕਾਨੂੰਨੀ ਮਦਦ ਨਾ ਲੈ ਸਕਣ। ਪਟੀਸ਼ਨ ਅਨੁਸਾਰ ਜਾਰਜਟਾਊਨ ਯੁਨੀਵਰਸਿਟੀ ਵਿਚ ਭਾਰਤੀ ਮੂਲ ਦੇ ਪ੍ਰੋਫੈਸਰ ਬਦਰ ਖਾਨ ਸੂਰੀ ਨੂੰ ਸੰਘੀ ਅਧਿਕਾਰੀਆਂ ਦੁਆਰਾ ਅਰਲਿੰਗਟਨ, ਵਰਜੀਨੀਆ ਵਿਚ ਉਸ ਦੇ ਘਰ ਦੇ ਬਾਹਰੋਂ ਗ੍ਰਿਫਤਾਰ ਕੀਤਾ ਗਿਆ ਤੇ ਉਸ ਨੂੰ 1000 ਮੀਲ ਦੂਰ ਇਕ ਦਿਹਾਤੀ ਜੇਲ ਵਿਚ ਲਿਜਾਇਆ ਗਿਆ। ਵਕੀਲਾਂ ਦੁਆਰਾ ਦਾਇਰ ਸੋਧੀ ਅਪੀਲ ਵਿਚ ਕਿਹਾ ਗਿਆ ਹੈ ਕਿ ਖਾਨ ਸੂਰੀ ਕੋਲ ਬਕਾਇਦਾ ਵੀਜਾ ਹੈ ਤੇ ਉਹ ਪ੍ਰੋਫੈਸਰ ਵਜੋਂ ਕੰਮ ਕਰਨ ਦੇ ਨਾਲ ਨਾਲ ਪੜਾਈ ਵੀ ਕਰ ਰਿਹਾ ਹੈ। ਉਸ ਨੂੰ ਹੱਥ ਕੜੀਆਂ ਲਾ ਕੇ ਚਾਂਟਿਲੀ, ਵਰਜੀਨੀਆ ਲਿਜਾਇਆ ਗਿਆ ਜਿਥੇ ਉਸ ਦੇ ਉਂਗਲੀਆਂ ਦੇ ਨਿਸ਼ਾਨ ਲਏ ਗਏ ਤੇ ਹੋਰ ਕਾਗਜ਼ੀ ਕਾਰਵਾਈ ਕੀਤੀ ਗਈ। ਅੱਧੀ ਰਾਤ ਨੂੰ ਉਸ ਨੂੰ ਫਾਰਮਵਿਲੇ, ਵਰਜੀਨੀਆ ਵਿਚ ਇਕ ਬੰਦੀ ਕੇਂਦਰ ਵਿਚ ਲਿਜਾਇਆ ਗਿਆ ਜਿਥੋਂ ਉਸ ਨੂੰ ਆਈ ਸੀ ਈ ਦੇ ਰਿਚਮਾਂਡ ਦਫਤਰ ਵਿਚ ਭੇਜ ਦਿੱਤਾ ਗਿਆ। ਪਟੀਸ਼ਨ ਅਨੁਸਾਰ ਇਸ ਤੋਂ ਬਾਅਦ ਸੂਰੀ ਨੂੰ ਅਲੈਗਜੈਂਡਰੀਆ, ਲੋਇਸਿਆਨਾ ਵਿਖੇ ਬੰਦੀ ਕੇਂਦਰ ਵਿੱਚ ਲਿਜਾਇਆ ਗਿਆ ਜਿਥੇ ਉਸ ਨੂੰ ਕਿਹਾ ਗਿਆ ਅਗਲੇ ਦਿਨ ਉਸ ਨੂੰ ਨਿਊ ਯਾਰਕ ਭੇਜ ਦਿੱਤਾ ਜਾਵੇਗਾ ਪਰੰਤੂ ਇਸ ਦੀ ਬਜਾਏ ਬੇੜੀਆਂ ਵਿਚ ਜਕੜੇ ਸੂਰੀ ਨੂੰ ਅਲਵਰਾਡੋ, ਟੈਕਸਾਸ ਵਿਚ ਪਰੇਰੀਲੈਂਡ ਡਿਟੈਨਸ਼ਨ ਸੈਂਟਰ ਵਿਚ ਭੇਜ ਦਿੱਤਾ ਗਿਆ। ਜਿਥੇ ਉਸ ਨੂੰ ਬਹੁਤ ਹੀ ਭੈੜੇ ਹਾਲਾਤ ਵਿਚ ਰਖਿਆ ਗਿਆ ਹੈ। ਹੋਰ ਗ੍ਰਿਫਤਾਰ ਪ੍ਰਵਾਸੀਆਂ ਨਾਲ ਵੀ ਅਜਿਹਾ ਸਲੂਕ ਕੀਤਾ ਜਾ ਰਿਹਾ ਹੈ ਜਿਨਾਂ ਵਿਚ ਟਫਟਸ ਯੁਨੀਵਰਸਿਟੀ ਦਾ ਗਰੈਜੂਏਟ ਵਿਦਿਆਰਥੀ ਰੁਮੇਸਾ ਉਜ਼ਤੁਰਕ ਤੇ ਸਾਬਕਾ ਕੋਲੰਬੀਆ ਯੁਨੀਵਰਸਿਟੀ ਦਾ ਗਰੈਜੁਏਟ ਵਿਦਿਆਰਥੀ ਮਹਿਮੂਦ ਖਲੀਲ ਵੀ ਸ਼ਾਮਿਲ ਹੈ। ਵਕੀਲਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਇਹ ਸਾਰੇ ਦਾਅਪੇਚ ਇਸ ਲਈ ਵਰਤ ਰਿਹਾ ਹੈ ਤਾਂ ਜੋ ਗ੍ਰਿਫਤਾਰ ਪ੍ਰਵਾਸੀਆਂ ਨੂੰ ਵਕੀਲਾਂ, ਪਰਿਵਾਰਾਂ ਤੇ ਹੋਰ ਮੱਦਦਗਾਰ ਪ੍ਰਣਾਲੀ ਤੋਂ ਦੂਰ ਰੱਖਿਆ ਜਾ ਸਕੇ।

# ਭਾਰਤੀ ਮੂਲ ਦੇ ਭਾਰਤ ਆਨੰਦ ਲਿਓਨਾਰਡ ਐਨ ਸਟਰਨ ਸਕੂਲ ਆਫ ਬਿਜ਼ਨਸ ਦੇ ਡੀਨ ਨਿਯੁਕਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਨਿਊਯਾਰਕ ਯੁਨੀਵਰਸਿਟੀ ਨੇ ਭਾਰਤੀ ਮੂਲ ਦੇ ਭਾਰਤ ਐਨ ਆਨੰਦ ਨੂੰ ਲਿਓਨਾਰਡ ਐਨ ਸਟਰਨ ਸਕੂਲ ਆਫ ਬਿਜ਼ਨਸ ਦਾ ਅਗਲਾ ਡੀਨ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਇਸ ਵੇਲੇ ਉਹ ਹਾਵਰਡ ਯੁਨੀਵਰਸਿਟੀ ਵਿਚ ਉਪ ਪ੍ਰਧਾਨ ਤੇ ਹਾਵਰਡ ਬਿਜ਼ਨਸ ਸਕੂਲ ਵਿਚ ਪ੍ਰੋਫੈਸਰ ਹਨ। ਉਹ ਆਪਣਾ ਨਵਾਂ ਅਹੁੱਦਾ ਅਗਸਤ 2025 ਵਿਚ ਸੰਭਾਲਣਗੇ। ਯੁਨੀਵਰਸਿਟੀ ਵੱਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਆਨੰਦ ਨੂੰ ਡਿਜ਼ੀਟਲ ਤੇ ਸਿੱਖਿਆ ਦੇ ਖੇਤਰ ਵਿਚ ਲੰਬਾ ਤਜ਼ਰਬਾ ਹੈ। ਉਨਾਂ ਨੇ ਕਈ ਪ੍ਰਮੁੱਖ ਅਹੁੱਦਿਆਂ ਉਪਰ ਕੰਮ ਕੀਤਾ ਹੈ। ਉਹ ਐਚ ਬੀ ਐਸ ਆਨਲਾਈਨ ਦੇ ਸੀਨੀਅਰ ਐਸੋਸੀਏਟ ਡੀਨ ਰਹਿ ਚੁੱਕੇ ਹਨ ਜਿਥੇ ਉਨਾਂ ਨੇ ਆਨ ਲਾਈਨ ਬਿਜ਼ਨਸ ਸਿੱਖਿਆ ਦਾ ਨਵਾਂ ਰੂਪ ਜਾਰੀ ਕਰਨ ਵਿਚ ਮੱਦਦ ਕੀਤੀ । ਉਨਾਂ ਨੇ ਕੋਵਿਡ ਮਹਾਂਮਾਰੀ ਦੌਰਾਨ ਸਿੱਖਿਆ ਪ੍ਰਤੀ ਪਹੁੰਚ ਨੂੰ ਨਵੀਂ ਦਿਸ਼ਾ ਦੇਣ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ ਹੈ।

# ਹੈਲੀਕਾਪਟਰ ਤਬਾਹ ਹੋ ਕੇ ਹਡਸਨ ਦਰਿਆ ਵਿਚ ਡਿੱਗਾ, ਪਾਇਲਟ ਸਮੇਤ ਸਪੇਨੀ ਪਰਵਿਾਰ ਦੇ 5 ਜੀਆਂ ਦੀ ਮੌਤ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਇਕ ਹੈਲੀਕਾਪਟਰ ਤਬਾਹ ਹੋ ਕੇ ਹਡਸਨ ਦਰਿਆ ਵਿਚ ਡਿੱਗ ਜਾਣ ਦੀ ਖਬਰ ਹੈ ਜਿਸ ਵਿਚ ਸਵਾਰ ਪਾਇਲਟ ਸਮੇਤ ਸਾਰੇ 6 ਜਣਿਆਂ ਦੀ ਮੌਤ ਹੋ ਗਈ। ਹੈਲੀਕਾਪਟਰ ਵਿਚ ਸਪੇਨ ਤੋਂ ਆਇਆ ਸੈਲਾਨੀ ਪਰਿਵਾਰ ਸਵਾਰ ਸੀ ਜੋ ਅਸਮਾਨ ਉਪਰੋਂ ਨਿਊਯਾਰਕ ਸ਼ਹਿਰ ਤੇ ਇਸ ਦੇ ਆਸ ਦੇ ਖੇਤਰ ਦਾ ਨਜ਼ਾਰਾ ਵੇਖਣਾ ਚਹੁੰਦਾ ਸੀ। ਨਿਊ ਯਾਰਕ ਸ਼ਹਿਰ ਦੇ ਮੇਅਰ ਏਰਿਕ ਐਡਮਜ ਨੇ ਕਿਹਾ ਹੈ ਕਿ ਸਾਈਟਸੀਇੰਗ ਕੰਪਨੀ ਨਿਊ ਯਾਰਕ ਦਾ ਇਕ ਇੰਜਣ ਵਾਲਾ ਬੈੱਲ 206 ਹੈਲੀਕਾਪਟਰ ਦੁਪਹਿਰ ਬਾਅਦ 3.15 ਵਜੇ ਉਡਾਣ ਭਰਨ ਤੋਂ ਛੇਤੀ ਬਾਅਦ ਦਰਿਆ ਵਿਚ ਜਾ ਡਿੱਗਾ। ਉਨਾਂ ਕਿਹਾ ਕਿ ਮਾਰੇ ਗਏ ਸਪੇਨੀ ਪਰਿਵਾਰ ਦੇ ਜੀਆਂ ਵਿਚ ਦੋ ਬਾਲਗ ਤੇ 3 ਬੱਚੇ ਸ਼ਾਮਿਲ ਹਨ। ਹਾਲਾਂ ਕਿ ਰਾਹਤ ਟੀਮ ਨੇ ਤੁਰੰਤ ਸਾਰੇ 6 ਲੋਕਾਂ ਨੂੰ ਪਾਣੀ ਵਿਚੋਂ ਕੱਢ ਲਿਆ ਸੀ ਪਰੰਤੂ ਉਨਾਂ ਨੂੰ ਬਚਾਇਆ ਨਹੀਂ ਜਾ ਸਕਿਆ। 4 ਨੂੰ ਤਾਂ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ 2 ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਏ। ਮਾਰੇ ਗਏ ਪਰਿਵਾਰ ਦੇ ਜੀਆਂ ਦੇ ਨਾਂ ਤੁਰੰਤ ਜਾਰੀ ਨਹੀਂ ਕੀਤੇ ਹਨ। ਐਡਮਜ ਨੇ ਕਿਹਾ ਹੈ ਕਿ ਘਟਨਾ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ ਪਰੰਤੂ ਲੱਗਦਾ ਹੈ ਕਿ ਹੈਲੀਕਾਪਟਰ ਉਲਟਾ ਦਰਿਆ ਵਿਚ ਡਿੱਗਾ ਹੈ। ਜਿਸ ਸਮੇ ਇਹ ਹਾਦਸਾ ਹੋਇਆ ਉਸ ਸਮੇ ਅਸਮਾਨ ਵਿਚ ਬਦਲ ਛਾਏ ਹੋਏ ਸਨ ਤੇ 10 ਤੋਂ 15 ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾ ਚੱਲ ਰਹੀ ਸੀ। ਇਥੇ ਜਿਕਰਯੋਗ ਹੈ ਕਿ ਸੈਲਾਨੀ ਅਕਸਰ ਹੀ ਸਟੈਚੂ ਆਫ ਲਿਬਰਟੀ, ਏਲਿਸ ਆਈਲੈਂਡ, ਦ ਐਂਪਾਇਰ ਸਟੇਟ ਬਿਲਡਿੰਗ ਤੇ ਵਾਲ ਸਟਰੀਟ ਸਮੇਤ ਸਮੁੱਚੇ ਨਿਊ ਯਾਰਕ ਸ਼ਹਿਰ ਉਪਰ ਅਸਮਾਨ ਉਪਰੋਂ ਝਾਤੀ ਮਾਰਨ ਲਈ ਹੈਲੀਕਾਪਟਰ ਕਿਰਾਏ 'ਤੇ ਲੈਂਦੇ ਹਨ। ਕੰਪਨੀ ਪ੍ਰਤੀ ਵਿਅਕਤੀ ਤਕਰੀਬਨ 274 ਡਾਲਰ ਲੈਂਦੀ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ ’ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿ-ਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ’ ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਂਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

# “ਦਲਿਤਾਂ ਦਾ ਇਉਂ ਕੀਤਾ ਸਿਰ ਉੱਚਾ”



ਨਿਰਮਲ ਪ੍ਰੇਮੀ, ਰਾਮਗੜ੍ਹ
91-94631-61691

ਭਾਰਤ ਦਾ ਸੰਵਿਧਾਨ ਕਹਿੰਦਾ ਹੈ ਕਿ ਕਿਸੇ ਵੀ ਆਦਮੀ ਨੂੰ ਉਸ ਦੀ ਜਾਤੀ ਨਾਲ ਸੰ-ਬੋਧਿਤ ਨਾ ਕਰੋ। ਇਸ ਦੇ ਬਾਵਜੂਦ ਵੀ ਅਕਸਰ ਲੋਕ ਇਹੋ ਜਿਹਾ ਕਰਦੇ ਹਨ। ਸ਼ਰੇਆਮ ਕਿਸੇ ਦਲਿਤ ਆਦਮੀ ਨੂੰ ਅਪਮਾਨਿਤ ਕਰਦੇ ਹਨ। ਹੁਣੇ ਇਸੇ ਤਥਾਕਥਿਤ ਅਪਮਾਨਿਤ ਸ਼ਬਦ ਨੂੰ ਕਿਸੇ ਨੇ ਆਈਡੀਆ ਬਣਾ ਲਿਆ ਅਤੇ ਇਕ ਬ੍ਰਾਂਡ ਹੀ ਬਣਾ ਦਿੱਤਾ। ਮੁੰਬਈ ਦੇ ਧਾਰਵੀ ਦੇ ਇਕ ਨੌਜਵਾਨ ਨੇ ਦਲਿਤਾਂ ਦੇ ਲਈ ਇਸਤੇਮਾਲ ਹੋਣ ਵਾਲੇ ’ਚਮਾਰ’ ਸ਼ਬਦ ਨੂੰ ਲੈ ਕੇ ’ਚਮਾਰ ਸਟੂਡੀਓ’ ਦੀ ਸ਼ੁਰੂਆਤ ਕੀਤੀ। ਇਸ ਸਟੂਡੀਓ ਦੀ ਕਲਪਨਾ ਨੂੰ ਹਕੀਕਤ ਵਿਚ ਬਦਲਣ ਵਾਲਾ ਸੁਧੀਰ ਰਾਜਭਰ ਹੈ। ਸੁਧੀਰ ਆਪਣੇ ਚਮਾਰ ਸਟੂਡੀਓ ਵਿਚ ਫ਼ੈਸ਼ਨੇਬਲ ਹੈਂਡਬੈਗਸ ਅਤੇ ਟੋਟ ਬੈਗਸ ਬਣਾਉਂਦੇ ਹਨ। ਹਾਲ ਹੀ ਵਿਚ ਰਾਹੁਲ ਗਾਂਧੀ ਦਾ ਮੁੰਬਈ ਦੇ ਧਾਰ ਵਿਚ ਚਮਾਰ ਸਟੂਡੀਓ ਦਾ ਦੌਰਾ ਕਰਨ ਤੋਂ ਬਾਅਦ ਇਹ ਸਟੂਡੀਓ ਇਕ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਅੱਜਕਲ੍ਹ ਨਿਊਜ਼ ਟ੍ਰੈਡ ਵਿਚ ਵੀ ਚਮਾਰ ਸਟੂਡੀਓ ਆਨਲਾਈਨ ਪਲੇਟਫਾਰਮ ਨੂੰ ਸਰਚਿੰਗ ਲਿਸਟ ਵਿਚ ਸਭ ਨਾਲੋਂ ਵੱਧ ਸਰਚ ਕਰਨ ਵਾਲੇ ਬ੍ਰਾਂਡ ਦੇ ਤੌਰ ’ਤੇ ਦੇਖਿਆ ਜਾ ਰਿਹਾ ਹੈ।

ਚਮਾਰ ਸਟੂਡੀਓ ਹੁਣ ਤੱਕ ਇਕ ਬ੍ਰਾਂਡ ਦਾ ਰੂਪ ਲੈ ਚੁੱਕਾ ਹੈ। ਦਲਿਤ ਭਾਈਚਾਰਾ, ਚਮਾਰ ਸ਼ਬਦ ਨੂੰ ਅੱਜ ਵੀ ਗਾਲ਼ ਅਤੇ ਅਸ਼ਲੀਲਤਾ ਦਾ ਦੰਸ਼ ਝੱਲਦਾ ਹੋਇਆ ਆ ਰਿਹਾ ਹੈ। ਜਿਹਦੇ ਕਾਰਨ ਕੁਝ ਖਾਸ ਜਾਤੀ ਦੇ ਲੋਕਾਂ ਦੀ ਤੰਗ ਸੋਚ ਦਾ ਵੀ ਪਤਾ ਲੱਗਦਾ ਹੈ। ਕਿਸੇ ਵੀ ਜਾਤੀ ਨੂੰ ਗਾਲ਼ ਸੂਚਕ ਸ਼ਬਦ ਦੇ ਨਾਲ ਇਸਤੇਮਾਲ ਕਰਨਾ ਕਿੰਨਾ ਸਹੀ ਹੈ? ਇਸ ਉੱਤੇ ਸੋਚਣਾ ਜ਼ਰੂਰ ਚਾਹੀਦਾ ਹੈ। ਚਮਾਰ ਦਲਿਤ ਭਾਈਚਾਰੇ ਦੀ ਇਹੋ ਜਿਹੀ ਜਾਤੀ ਹੈ ਜਿਹਨੂੰ ਹਰ ਕੋਈ ਨੀਵੀਂ ਜਾਤੀ ਇੰਝ ਕਹੋ ਗਾਲ਼ ਦੇ ਤੌਰ ’ਤੇ ਇਸਤੇਮਾਲ ਕਰਦਾ ਹੈ। ਜਾਤੀ ਕੋਈ ਵੀ ਹੋਵੇ ਉਸ ਦੀ ਪੈਦਾਇਸ਼ ਇਨਸਾਨਾਂ ਰਾਹੀਂ ਹੀ ਹੋਈ ਹੈ, ਪਰ ਪੱਛਮੀ ਉਤਰ ਪ੍ਰਦੇਸ਼ ਵਿਚ ਚਮਾਰ ਜਾਤੀ ਦੀ ਜਨ-ਸੰਖਿਆ ਵੱਡੀ ਪੱਧਰ ’ਤੇ ਹੈ। ਇਹ ਜਾਤੀ ਅੱਜ ਆਪਣੀ ਕਾਬਲੀਅਤ ਦੇ ਜ਼ੋਰ ਉੱਤੇ ਜਿਸ ਤਰੀਕੇ ਨਾਲ ਆਪਣੀ ਪਛਾਣ ਨੂੰ ਕੰਮ ਦੇ ਆਧਾਰ ’ਤੇ ਮਾਪਦੀ ਹੈ, ਇਹ ਬੇਹੱਦ ਕਾ-ਬਲੇਗੌਰ ਹੈ। ਚਮਾਰ ਸ਼ਬਦ ਅੱਜ ਜਾਤੀ ਸੂਚਕ ਨਹੀਂ, ਬਲਕਿ ਇਹ ਇਕ ਇਹੋ ਜਿਹੀ ਮਿਸਾਲ ਦੇ ਰੂਪ ਵਿਚ ਉਭਰ ਕੇ ਸਾਹਮਣੇ ਆ ਰਿਹਾ ਹੈ, ਜਿਹਦੀ ਚਰਚਾ ਹੁਣ ਦੇਸ਼-ਵਿਦੇਸ਼ਾਂ ਵਿਚ ਵੀ ਹੋਣ ਲੱਗੀ ਹੈ।

ਚਮਾਰ ਭਾਈਚਾਰੇ ਦੇ ਲੋਕ ਸਭ ਨਾਲੋਂ ਜ਼ਿਆਦਾ ਪੜ੍ਹ-ਲਿਖ ਕੇ ਅੱਜ ਹਰੇਕ ਖੇਤਰ ਵਿਚ ਆਪਣਾ ਮੁਕਾਮ ਹਾਸਲ ਕਰਨ ਵਿਚ ਕਾਮਯਾਬ ਹੋ ਰਹੇ ਹਨ। ਇਹ ਜਾਤੀ ਹਮੇਸ਼ਾ ਇਮਾਨਦਾਰੀ ਦੇ ਨਾਲ ਆਪਣੇ ਪੇਸ਼ੇ ਨੂੰ ਕਰਦੀ ਆ ਰਹੀ ਹੈ, ਜਿਹੜੀ ਹੁਣ ਕਿਸੇ ਪਛਾਣ ਦੀ ਮੋਹਤਾਜ ਨਹੀਂ ਹੈ। ਕਿਹਾ ਜਾਂਦਾ ਹੈ ਕਿ ਚਮਾਰ ਜਾਤੀ ਦੇ ਲੋਕ ਚਮੜੇ ਦਾ ਵਪਾਰ ਕਰਦੇ ਹਨ, ਮਤਲਬ ਇਹਨਾਂ ਦਾ ਪੇਸ਼ਾ ਚਮੜੇ ਦੀ ਖੱਲ ਨਾਲ ਉਤਪਾਦ ਤਿਆਰ ਕਰਨਾ ਹੈ ਪਰ ਚਮਾਰ ਸ਼ਬਦ ਨੂੰ ਲੈ ਕੇ ਤੰਗ ਮਾਨਸਿਕਤਾ ਦਾ ਸਮਾਜ ਅੱਜ ਵੀ ਆਪਣੀ ਗਲੀ-ਸੜੀ ਸੋਚ ਦਾ ਸ਼ਿਕਾਰ ਹੈ, ਮਤਲਬ ਉਹ ਮਾਨਸਿਕ ਰੂਪ ਨਾਲ ਅਪਾਹਜ ਹੈ, ਜਿਹੜਾ ਕਿਸੇ ਵੀ ਜਾਤੀ ਨੂੰ ਲੈ ਕੇ ਗੰਦੀ ਅਤੇ ਭੱਦੀ ਭਾਸ਼ਾ ਦਾ ਇਸਤੇਮਾਲ ਕਰਦਾ ਹੈ। ਹੁਣ ਇਹੋ ਜਿਹੀ ਮਾਨਸਿਕਤਾ ਨੂੰ ਆਖਿਰ ਕਿਹੜੇ ਤੌਰ ’ਤੇ ਦੇਖਿਆ ਜਾਵੇ, ਇਹ ਦੇਖਣ ਵਾਲੀ ਗੱਲ ਹੈ।

ਯੂ. ਪੀ. ਦੇ ਸਹਾਰਨਪੁਰ ਜ਼ਿਲ੍ਹੇ ਦੇ ਸ਼ਬੀਰਪੁਰ ਪਿੰਡ ਵਿਚ ਭੀਮ ਆਰਮੀ ਚੀਫ਼ ਚੰਦਰਸ਼ੇਖਰ ਆਜਾਦ ਨੇ ਜਦ ਪਿੰਡ ਦੇ ਬਾਹਰ ’ਦਾ ਗ੍ਰੇਟ ਚਮਾਰ’ ਦਾ ਬੋਰਡ ਲਗਾਇਆ ਤਾਂ ਉਸ ਨੂੰ ਲੈ ਕੇ ਜਾਤੀ ਸੂਚਕ ਟੀਕਾ-ਟਿੱਪਣੀ ਖੂਬ ਸੁਣਨ ਨੂੰ ਮਿਲੀ। ਪਿੰਡ ਦਾ ਉੱਚਾ ਵਰਗ ਵੀ ਇਸ ਉੱਤੇ ਹਮਲਾਵਰ ਦਿੱਸਿਆ ਤਾਂ ਕਈ ਵਾਰ ਉਹਨਾਂ ਨੇ ਇਸ ਬੋਰਡ ਨੂੰ ਹਟਾਉਣ ਦੇ ਲਈ ਸ਼ਾਸਨ-ਪ੍ਰਸ਼ਾਸਨ ਨੂੰ ਖਤ ਵੀ ਲਿਖਿਆ ਪਰ ਪਿੰਡ ਦਾ ਦਲਿਤ ਭਾਈਚਾਰਾ ਇਕੱਠਾ ਹੋ ਕੇ ਆਪਣੇ ਆਪ ਉੱਤੇ ਮਾਣ ਮਹਿਸੂਸ ਕਰਨ ਲੱਗਾ।

ਪੱਛਮ ਉਤਰ ਪ੍ਰਦੇਸ਼ ਦੇ ਮੇਰਠ, ਗਾਜ਼ੀਆਬਾਦ, ਮੁਜ਼ੱਫਰਪੁਰ, ਬਾਗਪਤ ਅਤੇ ਸਹਾਰਨਪੁਰ ਜ਼ਿਲ੍ਹਿਆਂ ਵਿਚ ਚਮਾਰ ਜਾਤੀ ਸਭ ਨਾਲੋਂ ਵੱਧ ਪ੍ਰਗਤੀਸ਼ੀਲ ਅਤੇ ਨੌਕਰੀ ਪੇਸ਼ਾ ਵਾਲਾ ਵਰਗ ਹੈ, ਜਿਹੜਾ ਕਿਸੇ ਉੱਤੇ ਨਿਰਭਰ ਨਹੀਂ ਹੈ, ਰੋਜ਼ੀ ਰੋਜ਼ਗਾਰ ਦੇ ਖੇਤਰ ਵਿਚ ਵੀ ਸਭ ਨਾਲੋਂ ਅੱਗੇ ਹੈ। ਨਾਲ ਹੀ ਖੇਤੀ ਕਿਸਾਨੀ ਵਿਚ ਕਾਫੀ ਪ੍ਰਪੱਕ ਮੰਨਿਆ ਜਾਂਦਾ ਹੈ, ਪਰ ਇਹ ਸਿਲਸਿਲਾ ਹੁਣ ਕਾਫੀ ਅੱਗੇ ਵੱਧ ਚੁੱਕਾ ਹੈ। ਚਮਾਰ ਸ਼ਬਦ ਹੁਣ ਇਕ ਬ੍ਰਾਂਡ ਦੇ ਰੂਪ ਵਿਚ ਸਥਾਪਤ ਹੋ ਚੁੱਕਿਆ ਹੈ। ਪੰਜਾਬ ਦਾ ਚਮਾਰ ਭਾਈਚਾਰਾ ਵੀ ਕਾਫੀ ਸਮਰੱਥ ਅਤੇ ਪ੍ਰਗਤੀਸ਼ੀਲ ਹੈ, ਜੋ ਜ਼ਿਆਦਾਤਰ ਵਿਦੇਸ਼ ਵਿਚ ਰਹਿ ਕੇ ਆਪਣੇ ਵਪਾਰ ਨੂੰ ਵਧਾਉਣ ਵਿਚ ਲੱਗੇ ਹਨ।

ਚਮਾਰ ਸਟੂਡੀਓ ਦੇ ਸੰਸਥਾਪਕ ਸੁਧੀਰ ਰਾਜਭਰ ਇਸ ਸਮੇਂ ਚਰਚਾ ਦਾ ਕੇਂਦਰ ਬਣੇ ਹੋਏ ਹਨ। ਹਰ ਕੋਈ ਉਹਨਾਂ ਦੇ ਸਟੂਡੀਓ ਦੀ ਤਾਰੀਫ ਦੇ ਕਸੀਦੇ ਪੜ੍ਹ ਰਿਹਾ ਹੈ। ਮੁੰਬਈ ਦੇ ਧਾਰਾਵੀ ਵਿਚ ਸਥਿਤ ਇਹ ਸਟੂਡੀਓ ਅੱਜ ਸੋਸ਼ਲ ਮੀਡੀਆ ਉੱਤੇ ਆਪਣੀ ਲੋਕਪ੍ਰਿਅਤਾ ਖੂਬ ਬਟੋਰ ਰਿਹਾ ਹੈ। ਇਹ ਸਟੂਡੀਓ ਮੁੰਬਈ ਦਾ ਇਕ ਇਹੋ ਜਿਹਾ ਫੈਸ਼ਨ ਬ੍ਰਾਂਡ ਬਣ ਚੁੱਕਾ ਹੈ, ਜੋ ਚਮੜੇ ਦਾ ਕੰਮ ਕਰਨ ਵਾਲੇ ਦਲਿਤ ਕਾਰੀਗਰਾਂ ਨੂੰ ਮਜ਼ਬੂਤ ਬਣਾ ਕੇ ਉਹਨਾਂ ਨੂੰ ਇਕ ਇਹੋ ਜਿਹਾ ਮੰਚ ਦੇ ਰਿਹਾ ਹੈ, ਜਿਹਦੇ ਨਾਲ ਉਹਨਾਂ ਦੇ ਕੰਮ ਨੂੰ ਦੇਸ਼ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਪ੍ਰਸਿੱਧੀ ਮਿਲ ਰਹੀ ਹੈ। ਇਹੀ ਕਾਰਨ ਹੈ ਚਮਾਰ ਸਟੂਡੀਓ ਦੇ ਬਣਾਏ ਸਮਾਨ ਦੇਸ਼-ਵਿਦੇਸ਼ਾਂ ਵਿਚ ਨਿਰਯਾਤ ਹੋ ਰਹੇ ਹਨ। ਜਿਸ ਪ੍ਰਕਾਰ ਨਾਲ ਮੋਚੀ ਬ੍ਰਾਂਡ ਅੱਜ ਦੇਸ਼ ਵਿਚ ਇਕ ਸਥਾਪਤ ਬ੍ਰਾਂਡ ਬਣ ਚੁੱਕਾ ਹੈ। ਕੁਝ ਇਸੇ ਤਰ੍ਹਾਂ ਚਮਾਰ ਸਟੂਡੀਓ ਆਪਣੇ ਚੰਗੇ ਉਤਪਾਦ ਅਤੇ ਕਾਰੀਗਰੀ ਦੇ ਜ਼ੋਰ ਉੱਤੇ ਆਪਣੀ ਇਕ ਨਵੀਂ ਪਛਾਣ ਸਥਾਪਤ ਕਰ ਰਿਹਾ ਹੈ। ਸੁਧੀਰ ਰਾਜਭਰ ਦਾ ਸਫਰ ਬਹੁਤ ਹੀ ਬੁਰੇ ਦੌਰ ਵਿਚ ਭਲੇ ਹੀ ਗੁਜ਼ਰਿਆ ਹੋਵੇ, ਪਰ ਸਾਲ 2015 ਵਿਚ ਜਦ ਭਾਰਤ ਵਿਚ ਬੀਫ ਬੈਨ ਦੇ ਕਾਰਨ ਦਲਿਤ-ਮੁਸਲਿਮ ਭਾਈਚਾਰੇ ਦੇ ਕਾਰੀਗਰਾਂ ਨੂੰ ਕਾਫੀ ਨੁਕਸਾਨ ਹੋਇਆ। ਇਸੇ ਨਾਲ ਪ੍ਰਭਾਵਿਤ ਹੋ ਕੇ ਰਾਜਭਰ ਨੇ ਚਮਾਰ ਸਟੂਡੀਓ ਦੀ ਸਥਾਪਨਾ ਕੀਤੀ। ਚਮਾਰ ਸਟੂਡੀਓ ਦਾ ਮੂਲ ਮਕਸਦ ਦਲਿਤ ਭਾਈਚਾਰੇ ਦੇ ਲਈ ਫਿਰ ਤੋਂ ਉਹਨਾਂ ਦਾ ਸਨਮਾਨ ਵਾਪਸ ਲਿਆਉਣਾ ਹੈ। ਨਾਲ ਹੀ ਇਕ ਇਹੋ ਜਿਹਾ ਮੰਚ ਪ੍ਰਦਾਨ ਕਰਨਾ, ਜਿੱਥੇ ਉਹਨਾਂ ਦੀ ਕਲਾ ਨੂੰ ਸਨਮਾਨ ਅਤੇ ਇੱਜ਼ਤ ਮਿਲ ਸਕੇ।

ਸੁਧੀਰ ਰਾਜਭਰ ਵੱਲੋਂ ਸ਼ੁਰੂ ਕੀਤਾ ਗਿਆ ਸਟਾਰਟ-ਅਪ ਚਮਾਰ ਭਾਈਚਾਰੇ ਨੂੰ ਕੁਝ ਵਾਪਸ ਦੇ ਰਿਹਾ ਹੈ। ਰਾਜਭਰ ਨੇ ਇਕ ਮੁਲਾਕਾਤ ਵਿਚ ਕਿਹਾ ਸੀ ਕਿ ਉਹ ਚਾਹੁੰਦੇ ਹਨ ਕਿ ਲੋਕ ਚਮਾਰ (ਚਮੜੇ ਦੇ ਕਾਰਖਾਨੇ ਵਿਚ ਕੰਮ ਕਰਨ ਵਾਲਾ ਆਦਮੀ) ਸ਼ਬਦ ਉੱਤੇ ਮਾਣ ਕਰ ਸਕੇ।ਕਾਰੀਗਰ ਪਹਿਲਾਂ ਨਾਲੋਂ ਹੀ ਕਿਤੇ ਵੱਧ ਬੈਠਾ ਬਣਾਉਣ ਵਿਚ ਮਾਹਿਰ ਹੋ ਚੁੱਕੇ ਹਨ। ਰਾਜਭਰ ਨੂੰ ਬੱਸ ਬਿਹਤਰ ਕੱਚਾ ਮਾਲ ਮੁਹ-ੱਈਆ ਕਰਾਉਣਾ ਅਤੇ ਕਲਾਕਾਰਾਂ ਨੂੰ ਕਪਾਹ, ਲੇਟੇਕਸ, ਰਿਸਾਇਕਲ ਕੀਤੀ ਗਈ ਪਤਲੀ ਰਬੜ ਸੀਟ ਅਤੇ ਕੈਨਵਾਸ ਮੁਹੱਈਆ ਕਰਵਾਉਣਾ ਹੁੰਦਾ ਹੈ। ਸਟੂਡੀਓ ਨੇ ਹਾਲ ਹੀ ਵਿਚ ਬੰਬੇ ਬਲੈਕ ਕਲੇਕਸ਼ਨ ਨਾਂ ਦਾ ਇਕ ਸੰਗ੍ਰਹਿ ਪੇਸ਼ ਕੀਤਾ ਹੈ ਜੋ ਜਲਦ ਹੀ ਕਲਾਰਕ ਹਾਊਸ ਇਨਿਸ਼ਿਏਟਿਵ ਅਤੇ ਕੋਲਾਬਾ ਬਾਜ਼ਾਰ ਵਿਚ ਮੌਜੂਦ ਹੋਵੇਗਾ। ਜਿਹਨਾਂ ਦੇ ਉਤਪਾਦਾਂ ਦੀ ਕੀਮਤ ਸੱਤ ਸੌ ਰੁਪਏ ਤੋਂ ਲੈ ਕੇ ਨੌਂ ਹਜ਼ਾਰ ਦੇ ਵਿਚਾਲੇ ਹੈ।

ਰਾਜਭਰ ਨੇ ਪਿਛਲੇ ਸਾਲ ਮੁੰਬਈ ਵਿਚ ’ਟੇਕ ਦ ਸਿਟੀ ਪ੍ਰੋਜੈਕਟ’ ਵਿਚ ਭਾਗ ਲਿਆ, ਜਿਹਦੇ ਵਿਚ ਉਹਨਾਂ ਨੇ ਦੱਸਿਆ ਕਿ ਮੈਂ ਕੁਝ ਇਹੋ ਜਿਹਾ ਪੇਸ਼ ਕਰਨ ਦਾ ਫੈਸਲਾ ਕੀਤਾ, ਜੋ ਮੇਰੇ ਭਾਈਚਾਰੇ ਦੀ ਅਗਵਾਈ ਕਰਦਾ ਹੋਵੇ। ਉਹਨਾਂ ਨੇ ਇਕ ਕੱਪੜੇ ਦੇ ਬੈਗ ਨੂੰ ਸ਼ੋਕੇਸ ਕੀਤਾ, ਜਿਹਦੇ ਵਿਚ ਵੱਖੋ-ਵੱਖ ਲਿਪੀਆਂ ਵਿਚ ’ਚਮਾਰ’ ਸ਼ਬਦ ਲਿਖਿਆ ਸੀ। ਉਹ ਦੱਸਦੇ ਹਨ ਕਿ ਮੈਂ ਇਹ ਸ਼ਬਦ ਲੋਕਾਂ ਵਿਚਾਲੇ ਲਿਆਉਣਾ ਚਾਹੁੰਦਾ ਸੀ ਅਤੇ ਉਹਨਾਂ ਨੂੰ ਦੱਸਣਾ ਚਾਹੁੰਦੀ ਸੀ ਕਿ ਇਹ ਸਿਰਫ ਇਕ ਪੇਸ਼ਾ ਹੈ। ਮੈਂ 40 ਥੈਲੇ ਲੈ ਗਿਆ ਸੀ ਅਤੇ ਸਾਰੇ ਵਿਕ ਗਏ ਸਨ। ਰਾਜਭਰ ਨੇ ਕੰਮ ਦੀ ਰਫਤਾਰ ਜਾਰੀ ਰੱਖਣ ਦੇ ਲਈ ਖੋਜ ਕਰਨ ਦਾ ਫੈਸਲਾ ਕੀਤਾ।

ਅਜੇ ਉਹਨਾਂ ਦੇ ਕੋਲ ਪੱਕਾ ਕਲਾਂ ਸਟੂਡੀਓ ਨਹੀਂ ਹੈ, ਇਸ ਲਈ ਉਹ ਵੈਬਸਾਈਟ ਦੇ ਜ਼ਰੀਏ ਆਨਲਾਈਨ ਸਮਾਨ ਵੇਚ ਰਹੇ ਹਨ, ਨਾਲ ਹੀ ਉਹਨਾਂ ਦੇ ਕੰਮ ਦੇ ਕੁਝ ਨਮੂਨੇ ਮੁੰਬਈ ਵਿਚ ਲੀ ਮਿਲ ਸਟੋਰ ਵਿਚ ਵੀ ਦੇਖੇ ਜਾ ਸਕਦੇ ਹਨ। ਉਹ ਅਕਸਰ ਡਿਜ਼ਾਹਿਨ ਅਤੇ ਕੰਮ ਉੱਤੇ ਚਰਚਾ ਕਰਨ ਦੇ ਲਈ ਉਹਨਾਂ ਸਾਰੇ ਚਰਮਕਾਰਾਂ ਨਾਲ ਮਿਲਦੇ ਰਹਿੰਦੇ ਹਨ, ਜਿਹਨਾਂ ਦੇ ਨਾਲ ਉਹ ਕੰਮ ਕਰਦੇ ਹਨ। ਉਹ ਕਾਂਦੀਵਲੀ ਵਿਚ ਇਕ ਆਰਟ ਸਟੂਡੀਓ ਬਣਾਉਣ ਦੀ ਯੋਜਨਾ ਬਣਾ ਰਹੇ ਹਨ, ਜਿੱਥੇ ਉਹਨਾਂ ਦੀ ਟੀਮ ਦੇ ਮੈਂਬਰ ਉਹਨਾਂ ਨੂੰ ਮਿਲੇ ਆਰਡਰ ਉੱਤੇ ਕੰਮ ਕਰਨ ਦੇ ਲਈ ਇਕੱਠੇ ਬੈਠ ਸਕਣਗੇ। ਰਾਜਭਰ ਕਹਿੰਦੇ ਹਨ ਕਿ ਸਟੂਡੀਓ ਵਿਚ ਇਕ ਕੋਨਾ ਅੱਜ ਦੇ ਵਕਤ ਦੇ ਡਿਜ਼ਾਹਿਨ ਅਤੇ ਕਲਾ ਨਾਲ ਸਬੰਧਤ ਕਿਤਾਬਾਂ ਨੂੰ ਸਮਰਪਿਤ ਹੋਵੇਗਾ। ਚਮਾਰ ਸਟੂਡੀਓ ਮਾਲਕ ਸੁਧੀਰ ਰਾਜਭਰ ਨੂੰ ਲੋਕ ਜਿਸ ਜਾਤੀ ਸੂਚਕ ਨਾਮ ਨਾਲ ਚਿੜਾਉਂਦੇ ਸਨ, ਉਸੇ ਨੂੰ ਹੀ ਇਕ ਬ੍ਰਾਂਡ ਬਣਾ ਲਿਆ ਤਾਂ ਕਿ ਉਹ ਲੋਕਾਂ ਨੂੰ ਆਸਾਨੀ ਨਾਲ ਸਮਝਾ ਸਕਣ ਕਿ ਚਮਾਰ ਕੋਈ ਜਾਤੀ ਨਹੀਂ, ਬਲਕਿ ਇਕ ਪੇਸ਼ਾ ਹੈ।

ਉਤਰ ਪ੍ਰਦੇਸ਼ ਦੇ ਜੌਨਪੁਰ ਨਾਮ ਸਬੰਧ ਰੱਖਣ ਵਾਲੇ ਸੁਧੀਰ ਰਾਜਭਰ ਪਿੰਡ ਵਿਚ ਜਾਤੀ ਸੂਚਕ ਨਾਮ ਨਾਲ ਪੁਕਾਰੇ ਜਾਣ ਉੱਤੇ ਬਹੁਤ ਅਪਮਾਨਤ ਹੋਏ। ਸੁਧੀਰ ਨੇ ਚਮਾਰ ਸ਼ਬਦ ਦੇ ਪ੍ਰਤੀ ਸਨਮਾਨ ਵਾਪਸ ਲਿਆਉਣ ਦੇ ਲਈ ਇਸ ਨੂੰ ਬ੍ਰਾਂਡ ਬਣਾਉਣ ਦਾ ਫੈਸਲਾ ਕੀਤਾ ਅਤੇ ਸਾਲ 2018 ਵਿਚ ’ਚਮਾਰ ਸਟੂਡੀਓ’ ਦੀ ਸਥਾਪਨਾ ਕੀਤੀ। ਆਰੰਭ ਵਿਚ ਇਕ ਦਲਿਤ ਮੋਚੀ ਦੇ ਨਾਲ ਮਿਲ ਕੇ ਕੰਮ ਕੀਤਾ ਅਤੇ ਫੁਟਪਾਥ ਉੱਤੇ ਆਪਣਾ ਸਟਾਲ ਲਗਾਇਆ। ਕੰਮ ਵਧਿਆ ਤਾਂ ਧਾਰਾਵੀ ਦੀ ਟੈਨਰੀ ਵਿਚ ਲੇਦਰ ਕ੍ਰਾਫਟਮੈਨ ਦੇ ਨਾਲ ਮਿਲ ਕੇ ਆਪਣਾ ਬ੍ਰਾਂਡ ਬਣਾਇਆ।

ਮੁੰਬਈ ਦੇ ਕਈ ਵੱਡੇ ਸ਼ੋਅਰੂਮ ਅਤੇ ਆਨਲਾਈਨ ਉੱਤੇ ਵੀ ਇਹ ਬੈਗਸ ਮੌਜੂਦ ਹਨ। ਸੁਧੀਰ ਦੇ ’ਚਮਾਰ’ ਬ੍ਰਾਂਡ ਦੇ ਬੈਗਸ ਦੀ ਜਰਮਨੀ, ਅਮਰੀਕਾ ਅਤੇ ਜਾਪਾਨ ਵਿਚ ਵੀ ਕਾਫੀ ਮੰਗ ਵੱਧ ਰਹੀ ਹੈ। ਇਹ ਇਕ ਚੰਗਾ ਉਪਰਾਲਾ ਹੈ, ਜਿਹਨਾਂ ਦੇ ਉਤਪਾਦ ਦਿੱਸਣ ਵਿਚ ਬੋਲਡ ਅਤੇ ਸੁੰਦਰ ਹਨ।

ਰਾਜਭਰ ਨੇ ਦਲਿਤ ਭਾਈਚਾਰੇ ਦੇ ਲਈ ਇਕ ਇਹੋ ਜਿਹਾ ਮੰਚ ਪ੍ਰਦਾਨ ਕਰਨ ਵਿਚ ਮਦਦ ਕੀਤੀ ਹੈ, ਜਿਹੜਾ ਉਹਨਾਂ ਨੂੰ ਉਹਨਾਂ ਦੀ ਜਾਤੀ ਨਾਲ ਨਹੀਂ, ਬਲਕਿ ਉਹਨਾਂ ਦੇ ਕੰਮ ਨਾਲ ਉਹਨਾਂ ਨੂੰ ਪਹਿਚਾਣ ਮਿਲ ਸਕੇ।

# ਹਾਈ ਕੋਰਟ ਵੱਲੋਂ ਪ੍ਰਤਾਪ ਬਾਜਵਾ ਨੂੰ ਰਾਹਤ, 22 ਅਪਰੈਲ ਤੱਕ ਗ੍ਰਿਫ਼ਤਾਰੀ ’ਤੇ ਰੋਕ ਲਾਈ



**ਚੰਡੀਗੜ੍ਹ-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਾਂਗਰਸੀ ਆਗੂ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਵੱਡੀ ਰਾਹਤ ਦਿੱਤੀ ਹੈ। ਪ੍ਰਤਾਪ ਬਾਜਵਾ ਨੇ ‘ਬੰਬਾਂ ਬਾਰੇ ਬਿਆਨ’ ਮਾਮਲੇ ਵਿਚ ਪੰਜਾਬ ਪੁਲੀਸ ਵੱਲੋਂ ਮੁਹਾਲੀ ਦੇ ਫੇਜ਼ 7 ਥਾਣੇ ਵਿਚ ਦਰਜ ਐਫਆਈਆਰ ਰੱਦ ਕਰਾਉਣ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

ਹਾਈ ਕੋਰਟ ਨੇ ਅੱਜ ਮਾਮਲੇ ਦੀ ਸੁਣਵਾਈ ਮਗਰੋਂ ਪ੍ਰਤਾਪ ਬਾਜਵਾ ਦੀ ਗ੍ਰਿ-ਫਤਾਰੀ ਉਤੇ 22 ਅਪਰੈਲ ਤੱਕ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਬਾਜਵਾ ਨੂੰ ਪ੍ਰੈੱਸ ਵਿੱਚ ਕਿਸੇ ਵੀ ਤਰ੍ਹਾਂ ਦੀ ਬਿਆਨਬਾਜ਼ੀ ਕਰਨ ਤੋਂ ਵੀ ਰੋਕ ਦਿੱਤਾ ਹੈ। ਹਾਈ ਕੋਰਟ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਪੁਲੀਸ ਜਾਂਚ ਵਿੱਚ ਸਹਿਯੋਗ ਕਰਨ ਲਈ ਕਿਹਾ ਹੈ।

ਬਾਜਵਾ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਉਨ੍ਹਾਂ ਦੇ ਮੁਵੱਕਿਲ ਦਾ ਬਿਆਨ ਅਖ਼ਬਾਰ ਵਿਚ ਛਪੀ ਖ਼ਬਰ ਉੱਤੇ ਅਧਾਰਤ ਸੀ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ ਅਤੇ ਇਸ ਮਾਮਲੇ ਵਿੱਚ ਜਵਾਬ ਦਾਇਰ ਕਰਨ ਲਈ ਕਿਹਾ ਹੈ। ਅਗਲੀ ਸੁਣਵਾਈ 22 ਅਪਰੈਲ ਨੂੰ ਹੋਵੇਗੀ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫੌਸਦੋਨਦੋ ਦੀ ਕਰੇਜੋ ਵਿਖੇ 21 ਅਪਰੈਲ ਨੂੰ ਬਾਬਾ ਸਾਹਿਬ ਜੀ ਦਾ ਜਨਮ ਦਿਨ ਤੇ ਵਿਸ਼ੇਸ਼ ਸਮਾਗਮ

**ਰੋਮ (ਇਟਲੀ) ਟੇਕ ਚੰਦ ਜਗਤਪੁਰ** – ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ, ਰਤਨ ਡਾ ਬੀ ਆਰ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਨ ਸਬੰਧੀ ਵਿਸ਼ੇਸ਼ ਸਮਾਗਮ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਰਿਜੋਂਮਿਲੀਆ ਵਲੋਂ ਫਸਦੋਨਦੋ ਦੀ ਕਰੇਜੋ ਵਿਖੇ ਸਮੂਹ ਸੰਗਤ ਦੇ ਸਹਿਯੋਗ ਨਾਲ 21 ਅਪ੍ਰੈਲ ਦਿਨ ਸੋਮਵਾਰ ਨੂੰ ਮਨਾਇਆ ਜਾ ਰਿਹਾ ਹੈ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਕਸ਼ਮੀਰ ਲਾਲ ਮਹਿੰਮੀ ਅਤੇ ਜਨਰਲ ਸਕੱਤਰ ਪੰਮਾ ਲਧਾਣਾ ਨੇ ਕਿਹਾ ਕਿ ਇਸ ਸਮਾਗਮ ਚ ਸੰਤ ਕ੍ਰਿਸ਼ਨ ਨਾਥ ਜੀ ਚਹੇੜੂ ਵਾਲੇ ਉਚੇਚੇ ਤੌਰ ਤੇ ਪਹੁੰਚ ਕੇ ਭਾਰਤ ਰਤਨ ਬਾਬਾ ਭੀਮ ਰਾ ਅੰਬੇਡਕਰ ਸਾਹਿਬ ਜੀ ਦੇ ਸੰਘਰਸ਼ਮਈ ਜੀਵਨ ਅਤੇ ਇਤਿਹਾਸ ਸਬੰਧੀ ਆਪਣੇ ਵਿਚਾਰ ਸੰਗਤਾਂ ਦੇ ਸਨਮੁਖ ਕਰਨਗੇ ।ਇਸ ਮੌਕੇ ਤੇ ਇਟਲੀ ਦੇ ਨਾਮਵਰ ਗਾਇਕ ਸਮਾਜਿਕ, ਧਾਰਮਿਕ ਅਤੇ ਮਿਸ਼ਨਰੀ ਗੀਤਾਂ ਰਾਹੀਂ ਬਾਬਾ ਸਾਹਿਬ ਜੀ ਦੇ ਮਿਸ਼ਨ ਅਤੇ ਵਿਚਾਰਧਾਰਾ ਦਾ ਪ੍ਰਚਾਰ ਕਰਨਗੇ। ਉਹਨਾਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਸਮਾਗਮ ਵਿੱਚ ਵੱਧ ਚੜ ਕੇ ਸ਼ਮੂਲੀਅਤ ਕਰਨ





# ਡਾ. ਅੰਬੇਡਕਰ ਨੇ ਦੇਸ਼ ਦੀ ਤਰੱਕੀ ਲਈ ਹਰ ਖੇਤਰ 'ਚ ਲਾਮਿਸਾਲ ਅਗਵਾਈ ਕੀਤੀ: ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**–ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਇਥੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਨੂੰ ਉਨ੍ਹਾਂ ਦੇ 134ਵੇਂ ਜਨਮ ਦਿਵਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਵਿਦਿਆਰਥੀਆਂ ਨੂੰ ਤਾਕੀਦ ਕੀਤੀ ਕਿ ਉਹ ਬਾਬਾ ਸਾਹਿਬ ਅੰਬੇਡਕਰ ਦੀ ਜੀਵਨੀ ਨੂੰ ਅਵੱਸ਼ ਪੜ੍ਹਨ ਜਿਹੜੀ ਉਨ੍ਹਾਂ ਨੂੰ ਮਿੱਥਿਆ ਟੀਚਾ ਹਾਸਲ ਕਰਨ ਵਿਚ ਪ੍ਰੇਰਣਾਸਰੋਤ ਬਣੇਗੀ।

ਸਥਾਨਕ ਬੱਸ ਸਟੈਂਡ ਨਜ਼ਦੀਕ ਅੰਬੇਡਕਰ ਚੌਕ ਵਿਚ ਬਾਬਾ ਸਾਹਿਬ ਡਾ। ਭੀਮ ਰਾ ਅੰਬੇਡਕਰ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਪੰਜਾਬ ਸਰਕਾਰ ਵਲੋਂ ਸਰਕਾਰੀ ਕਾਲਜ ਵਿਖੇ 134ਵੀ ਅੰਬੇਡਕਰ ਜੈਯੰਤੀ ਨੂੰ ਸਮਰਿਪਤ ਜ਼ਿਲ੍ਹਾ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ।.ਰਵਜੋਤ ਸਿੰਘ ਨੇ ਕਿਹਾ ਕਿ ਸੰਵਿਧਾਨ ਦਾ ਨਿਰਮਾਣ ਕਰਨ ਦੇ ਨਾਲ-ਨਾਲ ਬਾਬਾ ਸਾਹਿਬ ਨੇ ਦੇਸ਼ ਦੀ ਤਰੱਕੀ ਅਤੇ ਵਿਕਾਸ ਲਈ ਹਰ ਖੇਤਰ ਵਿਚ ਬਾਕਮਾਲ ਅਗਵਾਈ ਕੀਤੀ ਜਿਸ ਦੀ ਮਿਸਾਲ ਦੁਨੀਆਂ ਦੇ ਕੋਨੇ-ਕੋਨੇ ਵਿਚ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਡਾ। ਭੀਮ ਰਾ ਅੰਬੇਡਕਰ ਭਾਰਤ ਰਤਨ ਹੀ ਨਹੀਂ ਸਗੋਂ ਵਿਸ਼ਵ ਰਤਨ ਸ਼ਖ਼ਸੀਅਤ ਸਨ ਜਿਨ੍ਹਾਂ ਨੂੰ ਮਹਾਨ ਸਮਾਜ ਸੁਧਾਰਕ, ਨਾਰੀ ਜਾਤੀ ਦੇ ਮੁਕਤੀਦਾਤਾ, ਸਫਲ ਵਕੀਲ, ਉੱਘੇ ਸਿਆਸਤਦਾਨ, ਮਹਾਨ ਅਧਿਆਪਕ ਅਤੇ ਦਾਰਸ਼ਨਿਕ ਵਜੋਂ ਦੁਨੀਆਂ ਭਰ ਵਿਚ ਜਾਣਿਆਂ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਹਰ ਇਕ ਨਾਗਰਿਕ ਨੂੰ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ ਦਾ ਹੱਕ ਦਿਵਾਉਣ ਦੇ ਨਾਲ-ਨਾਲ ਉਨ੍ਹਾਂ ਨੇ ਸੰਵਿਧਾਨ ਵਿਚ ਦੇਸ਼ ਵਾਸੀਆਂ ਲਈ ਮੌਲਿਕ ਅਧਿਕਾਰਾਂ ਦੀ ਵਿਵਸਥਾ ਕੀਤੀ ਜਿਸ ਨਾਲ ਭੇਦਭਾਵ ਦਾ ਪਾੜਾ ਖਤਮ ਹੋਣਾ ਸ਼ੁਰੂ ਹੋਇਆ। ਉਨ੍ਹਾਂ ਕਿਹਾ ਕਿ ਹੱਕ-ਹਕੂਕ ਦੀ ਰਾਖੀ ਕਰਨ ਤੋਂ ਇਲਾਵਾ ਡਾ। ਬੀ।ਆਰ। ਅੰਬੇਡਕਰ ਨੇ ਦੇਸ਼ ਦੀ ਝੋਲੀ ਵਿਚ ਭਾਰਤੀ ਰਿਜ਼ਰਵ ਬੈਂਕ, ਵਿੱਤ ਕਮਿਸ਼ਨ, ਇੰਪਲਾਇਮੈਂਟ ਐਕਸਚੇਂਜ ਤੋਂ ਇਲਾਵਾ ਕਈ ਪ੍ਰੋਜੈਕਟ ਪਾਏ ਜਿਨ੍ਹਾਂ ਨੇ ਦੇਸ਼ ਦੇ ਵਿਕਾਸ ਵਿਚ ਵੱਡੀ ਭੂਮਿਕਾ ਨਿਭਾਈ। ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਆਪਣੇ ਸੰਬੋਧਨ ਵਿਚ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਸਿੱਖਿਆ ਦੀ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਹਰ ਇਕ ਨੂੰ ਸਿੱਖਿਆ ਹਾਸਲ ਕਰਨ ਲਈ ਪ੍ਰੇਰਿਆ।ਉਨ੍ਹਾਂ ਕਿਹਾ ਕਿ ਦੇਸ਼ ਦੇ ਪਹਿਲੇ ਕਾਨੂੰਨ ਮੰਤਰੀ ਬਣੇ ਡਾ। ਭੀਮ ਰਾ ਅੰਬੇਡਕਰ ਦੀਆਂ ਵੱਖ-ਵੱਖ ਖੇਤਰਾਂ ਵਿਚ ਪਹਿਲਕਦਮੀਆਂ ਹਮੇਸ਼ਾ ਵਿਦਿਆਰਥੀਆਂ, ਅਫ਼ਸਰਸ਼ਾਹੀ ਅਤੇ ਸਿਆਸਤਦਾਨਾਂ ਲਈ ਪ੍ਰੇਰਣਾ ਸਰੋਤ ਰਹਿਣਗੀਆਂ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਬਹੁਤ ਵੱਡੇ ਰਾਸ਼ਟਰਵਾਦੀ ਸਨ ਜਿਨ੍ਹਾਂ ਨੇ ਕਿਹਾ ਸੀ ਕਿ ਅਸੀਂ



ਮੁੱਢ ਤੋਂ ਅਖੀਰ ਤੱਕ ਭਾਰਤੀ ਹਾਂ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਨੇ ਸਮਾਜ ਨੂੰ ਬਰਾਬਰੀ, ਆਜ਼ਾਦੀ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦਿਆਂ ਸਾਰਿਆਂ ਲਈ ਬਰਾਬਰੀ ਦੇ ਹੱਕ ਰੱਖੇ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਸੰਵਿਧਾਨ ਵਿਚ ਵਿਵਸਥਾ ਕਰਕੇ ਔਰਤਾਂ ਨੂੰ ਬਰਾਬਰੀ ਦੇ ਹੱਕ ਦਿਵਾਏ ਅਤੇ ਡਾ. ਅੰਬੇਡਕਰ ਦੀ ਦੂਰਅੰਦੇਸ਼ ਸਦਕਾ ਔਰਤਾਂ ਅੱਜ ਹਰ ਖੇਤਰ ਵਿਚ ਬੁਲੰਦੀਆਂ ਛੋਹ ਰਹੀਆਂ ਹਨ।

ਪੰਜਾਬ ਸਰਕਾਰ ਵਲੋਂ ਡਾ. ਅੰਬੇਡਕਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਗੱਲ ਕਰਦਿਆਂ ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੂਬੇ ਅੰਦਰ ਸਿੱਖਿਆ, ਸਿਹਤ ਅਤੇ ਰੋਜ਼ਗਾਰ ਦੇ ਖੇਤਰ ਵਿਚ ਲਾਮਿਸਾਲ ਕੰਮ ਹੋਏ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਦਫ਼ਤਰਾਂ ਵਿਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਤੇ ਭਾਰਤ ਰਤਨ ਡਾ. ਬੀ. ਆਰ. ਅੰਬੇਡਕਰ ਦੀਆਂ ਤਸਵੀਰਾਂ ਹਮੇਸ਼ਾ ਦੇਸ਼ ਭਗਤੀ ਅਤੇ ਹੱਕ-ਹਕੂਕ ਦਾ ਸੰਦੇਸ਼ ਦਿੰਦੀਆਂ ਹਨ। ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਬੀ.ਆਰ. ਅੰਬੇਡਕਰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਵਿਦਿਆਰਥੀਆਂ ਨੂੰ ਵਧਾਈ ਪੱਤਰ ਸੌਂਪੇ। ਉਨ੍ਹਾਂ ਨੇ ਆਸ਼ੀਰਵਾਦ ਸਕੀਮ ਤਹਿਤ ਲਾਭਪਾਤਰੀਆਂ ਨੂੰ ਸਰਟੀਫਿਕੇਟ ਵੀ ਤਕਸੀਮ ਕੀਤੇ। ਉਨ੍ਹਾਂ ਵਲੋਂ ਭਲਾਈ ਵਿਭਾਗ ਦੀਆਂ ਸਕੀਮਾਂ ਨੂੰ ਦਰਸਾਉਂਦਾ ਕਿਤਾਬਚਾ ਵੀ ਜਾਰੀ ਕੀਤਾ ਗਿਆ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

# ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਮਹਾਨ ਨਗਰ ਕੀਰਤਨ 19 ਨੂੰ ਸਜਾਇਆ ਜਾਵੇਗਾ-ਤਿਆਰੀਆਂ ਮੁਕੰਮਲ

**ਵੈਨਕੂਵਰ (ਮਲਕੀਤ ਸਿੰਘ)** ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕਨੇਡਾ ਦੇ ਸਰੀ ਸ਼ਹਿਰ ਦੀ 128 ਸਟਰੀਟ ਤੇ ਸਥਿਤ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਹਰੇਕ ਸਾਲ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਜਾਇਆ ਜਾਣ ਵਾਲਾ ਮਹਾਨ ਨਗਰ ਕੀਰਤਨ ਇਸ ਸਾਲ 19 ਅਪ੍ਰੈਲ ਨੂੰ ਸਜਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਜਿਸ ਸਬੰਧੀ ਲੜੀਦੇ ਪ੍ਰਬੰਧਾਂ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਇਸ ਸਬੰਧੀ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰਿਆਂ ਨੇ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਚ 19 ਅਪ੍ਰੈਲ ਨੂੰ ਸਜਾਇਆ ਜਾਣ ਵਾਲਾ ਇਹ ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ ਅਰਦਾਸ ਕਰਨ ਉਪਰੰਤ ਰਵਾਨਾ ਹੋਏਗਾ।। ਜੋ 124 ਸਟਰੀਟ ਦੇ ਨਾਲ ਨਾਲ 75 ਐਵਨਿਊ 128 ਸਟਰੀਟ ਰਾਹੀਂ ਹੁੰਦਾ ਹੋਇਆ ਸ਼ਾਮ ਵੇਲੇ ਵਾਪਸ ਗੁਰਦੁਆਰਾ ਦਸ਼ਮੇਸ਼ ਦਰਬਾਰ ਚ ਸਮਾਪਤ ਹੋਏਗਾ।

ਜ਼ਿਕਰ ਯੋਗ ਹੈ ਕਿ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਾਲ 1998 ਤੋਂ ਸਰੀ ਦੇ ਉਕਤ ਗੁਰੂ ਘਰ ਤੋਂ ਇਹ ਨਗਰ ਕੀਰਤਨ ਹਰ ਸਾਲ ਤੋਂ ਧੂਮ ਧਾਮ ਨਾਲ ਸਜਾਇਆ ਜਾਂਦਾ ਹੈ। ਜਿਸ ਵਿੱਚ ਕਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ ਇਲਾਵਾ ਗੁਆਂਢੀ ਦੇਸ਼ ਅਮਰੀਕਾ ਅਤੇ ਹੋਰਨਾਂ ਦੇਸ਼ਾਂ ਤੋਂ ਵੀ ਵੱਡੀ ਗਿਣਤੀ ਚ ਸ਼ਿਰਕਤ ਕਰਨ ਲਈ ਸੰਗਤਾਂ ਪਹੁੰਚਦੀਆਂ ਹਨ। ਇਹ ਵੀ ਵਰਨਣਯੋਗ ਹੈ ਕਿ ਪਿਛਲੇ ਸਾਲ ਇਸ ਨਗਰ ਕੀਰਤਨ ਚ ਸ਼ਾਮਿਲ ਸੰਗਤਾਂ ਦੀ ਗਿਣਤੀ 5 ਲੱਖ ਦੇ ਕਰੀਬ ਹੋਣੀ ਅਨਮਾਨੀ ਗਈ ਸੀ। ਜਦੋਂ ਕਿ ਇਸ ਸਾਲ ਸੰਗਤਾਂ ਦੀ ਇਹ ਗਿਣਤੀ ਹੋਰ ਵੱਧ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

# ਤਾਜ਼ਾ ਸਰਵੇ ਵਿਚ 58% ਅਮਰੀਕੀਆਂ ਨੇ ਟਰੰਪ ਦੀ ਟੈਰਿਫ਼ ਨੀਤੀ ਨੂੰ ਕੀਤਾ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਇਕ ਤਾਜ਼ਾ ਸਰਵੇ ਜੋ ਵਿਸਾਖੀ ਵਾਲੇ ਦਿਨ ਐਤਵਾਰ ਨੂੰ ਜਾਰੀ ਕੀਤਾ ਗਿਆ ਹੈ, ਅਨੁਸਾਰ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਰਥ ਵਿਵਸਥਾ ਤੇ ਮੁਦਰਾ ਪਸਾਰ ਦੇ ਮੁੱਦੇ 'ਤੇ ਲੋਕਪ੍ਰਿਯਤਾ ਵਿਚ ਤੇਜੀ ਨਾਲ ਗਿਰਵਾਟ ਆਈ ਹੈ। 58% ਅਮਰੀਕੀਆਂ ਨੇ ਦਰਾਮਦ ਬਾਰੇ ਟਰੰਪ ਦੀ ਟੈਰਿਫ਼ ਨੀਤੀ ਦਾ ਵਿਰੋਧ ਕੀਤਾ ਹੈ। ਸੀ ਬੀ ਐਸ ਨਿਊਜ਼ ਨੇ ਆਪਣੇ ਸਰਵੇ ਵਿਚ 2410 ਅਮਰੀਕੀਆਂ ਦੀ ਰਾਏ ਲਈ ਹੈ। ਅਰਥ ਵਿਵਸਥਾ ਨੂੰ ਸੰਭਾਲਣ ਦੇ ਮੁੱਦੇ 'ਤੇ 44% ਅਮਰੀਕੀਆਂ ਨੇ ਟਰੰਪ ਦਾ ਸਮਰਥਨ ਕੀਤਾ ਜਦ ਕਿ ਮੁਦਰਾ ਪਸਾਰ ਦੇ ਮੁੱਦੇ 'ਤੇ ਕੇਵਲ 40% ਲੋਕਾਂ ਨੇ ਟਰੰਪ ਦੇ ਹੱਕ ਵਿਚ ਹਾਮੀ ਭਰੀ ਹੈ। 30 ਮਾਰਚ ਦੀ ਤੁਲਨਾ ਵਿਚ ਇਹ ਦਰ 4% ਘੱਟ ਹੈ। ਸਮੁੱਚੇ ਤੌਰ 'ਤੇ ਇਸ ਮਹੀਨੇ ਟਰੰਪ ਦੀ ਲੋਕਪ੍ਰਿਯਤਾ ਡਿੱਗ ਕੇ 47% 'ਤੇ ਆ ਗਈ ਹੈ ਜੋ ਮਾਰਚ ਵਿਚ 50% ਤੇ ਫਰਵਰੀ ਵਿਚ 53% ਸੀ। ਹਾਲਾਂ ਕਿ 91% ਲੋਕ ਜੋ ਰਿਪਬਲੀਕਨ ਪਾਰਟੀ ਨਾਲ ਜੁੜੇ ਹੋਏ ਹਨ, ਨੇ ਕਿਹਾ ਹੈ ਕਿ ਟਰੰਪ ਕੋਲ ਟੈਰਿਫ਼ ਤੇ ਵਪਾਰ ਬਾਰੇ ਸਪੱਸ਼ਟ ਯੋਜਨਾ ਹੈ ਜਦ ਕਿ ਕੇਵਲ 43% ਆਮ ਲੋਕਾਂ ਨੇ ਟਰੰਪ ਦੀਆਂ ਆਰਥਕ ਨੀਤੀਆਂ ਦਾ ਸਮਰਥਨ ਕੀਤਾ ਹੈ।

# ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ' ਨੂੰ ਮਿਲਿਆ ਭਰਵਾਂ ਹੁੰਗਾਰਾ, ਆਈਏਐਸ-ਆਈਪੀਐਸ ਸਮੇਤ ਸੀਨੀਅਰ ਰਿਟਾ. ਅਫਸਰ ਆਏ ਹੱਕ 'ਚ

**ਫਗਵਾੜਾ (ਬੀ.ਕੇ. ਰੱਤੂ)** ਬਹੁਜਨ ਸਮਾਜ ਪਾਰਟੀ (ਬਸਪਾ) ਦੀ 'ਪੰਜਾਬ ਸੰਭਾਲੋ ਮੁਹਿੰਮ' ਨੂੰ ਸੂਬੇ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੁਹਿੰਮ ਨਾਲ ਸੂਬੇ ਦੇ ਲੋਕ ਭਾਰੀ ਗਿਣਤੀ ਵਿੱਚ ਜੁੜ ਰਹੇ ਹਨ। ਇਸੇ ਲੜੀ ਤਹਿਤ ਅੱਜ ਰਿਟਾ. ਆਈਏਐਸ ਤੇ ਰਿਟਾ। ਆਈਪੀਐਸ ਸਮੇਤ ਸੀਨੀਅਰ ਰਿਟਾ. ਅਧਿਕਾਰੀਆਂ ਨੇ ਬਸਪਾ ਨੂੰ ਸਮਰਥਨ ਦਿੰਦੇ ਹੋਏ ਪਾਰਟੀ ਨੂੰ 2027 ਵਿੱਚ ਪੰਜਾਬ ਦੀ ਸੱਤਾ ਵਿੱਚ ਪਹੁੰਚਾਉਣ ਦਾ ਐਲਾਨ ਕਰ ਦਿੱਤਾ।




ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨਾਲ ਮੁਹਾਲੀ ਵਿੱਚ ਹੋਈ ਮੀਟਿੰਗ ਦੌਰਾਨ ਰਿਟਾ. ਸੀਨੀਅਰ ਅਧਿਕਾਰੀਆਂ ਵੱਲੋਂ ਇਹ ਫੈਸਲਾ ਲਿਆ ਗਿਆ।

ਫਾਰਮ ਫਾਰ ਦ ਵੀਕਰ ਸੈਕਸ਼ਨਸ (ਰਜਿ.) ਦੇ ਬੈਨਰ ਹੇਠ ਅੱਜ ਮੁਹਾਲੀ ਵਿਖੇ ਰਿਟਾ. ਆਈਏਐਸ ਤੇ ਆਈਪੀਐਸ ਸਮੇਤ ਸੀਨੀਅਰ ਰਿਟਾ. ਅਧਿਕਾਰੀਆਂ ਨੇ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਨਾਲ ਮੁਲਾਕਾਤ ਕੀਤੀ। ਰਿਟਾ। ਆਈਏਐਸ ਚੌਧਰੀ ਖੁਸ਼ੀ ਰਾਮ ਤੇ ਰਿਟਾ. ਕਰਨਲ ਪ੍ਰਿਥਵੀ ਰਾਜ ਕੁਮਾਰ ਦੇ ਯਤਨਾਂ ਸਦਕਾ ਰੱਖੀ ਗਈ ਇਸ ਮੀਟਿੰਗ ਦੌਰਾਨ ਬਸਪਾ ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਤੇ ਰਿਟਾ। ਸੀਨੀਅਰ ਅਧਿਕਾਰੀਆਂ ਵਿਚਕਾਰ ਪੰਜਾਬ ਦੇ ਲੋਕਾਂ ਨਾਲ ਜੁੜੇ ਮੁੱਦਿਆਂ 'ਤੇ ਗੰਭੀਰਤਾਪੂਰਵਕ ਵਿਚਾਰ ਚਰਚਾ ਹੋਈ। ਚੰਗੀ ਸਿਹਤ-ਸਿੱਖਿਆ ਵਿਵਸਥਾ, ਰੁਜ਼ਗਾਰ ਦੇਣ, ਨਿਆਂਪੂਰਨ ਕਾਨੂੰਨ ਵਿਵਸਥਾ ਦੇ ਨਿਰਮਾਣ, ਕਿਸਾਨਾਂ-ਕਿਰਤੀਆਂ ਤੇ ਮੁਲਾਜ਼ਮਾਂ ਦੀਆਂ ਮੁਸ਼ਕਿਲਾਂ ਦੇ ਹੱਲ ਅਤੇ ਖੇਤੀਬਾੜੀ ਤੇ ਇੰਡਸਟਰੀ ਦੀ ਤਰੱਕੀ ਆਦਿ ਨਾਲ ਸਬੰਧਤ ਲੋਕ ਪੱਖੀ ਪ੍ਰਬੰਧ ਦੇ ਨਿਰਮਾਣ ਨੂੰ ਲੈ ਕੇ ਬਸਪਾ ਵੱਲੋਂ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਤੋਂ ਪ੍ਰਭਾਵਿਤ ਹੋ ਕੇ ਸੀਨੀਅਰ ਰਿਟਾ। ਅਧਿਕਾਰੀਆਂ ਨੇ ਪਾਰਟੀ ਨੂੰ ਸਮਰਥਨ ਦੇਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਬਾਬਾ ਸਾਹਿਬ ਡਾ। ਭੀਮ ਰਾ ਅੰਬੇਡਕਰ ਤੇ ਸਾਹਿਬ ਕਾਂਸ਼ੀਰਾਮ ਦੇ ਮਾਰਗ 'ਤੇ ਚੱਲਦੇ ਹੋਏ ਕੁਮਾਰੀ ਮਾਇਆਵਤੀ ਦੀ ਅਗਵਾਈ ਵਿੱਚ 2027 ਵਿੱਚ ਲੋਕਾਂ ਨੂੰ ਚੰਗਾ ਪ੍ਰਬੰਧ ਦੇਣ ਲਈ ਬਸਪਾ ਦੀ ਸਰਕਾਰ ਬਣਾਉਣ ਲਈ ਡਟ ਕੇ ਕੰਮ ਕਰਨਗੇ।

ਇਨ੍ਹਾਂ ਰਿਟਾ. ਅਧਿਕਾਰੀਆਂ ਨੇ ਕਿਹਾ ਕਿ ਸੂਬੇ ਦੀ ਸੱਤਾ ਵਿੱਚ ਰਹੀਆਂ ਕਾਂਗਰਸ, ਅਕਾਲੀ-ਭਾਜਪਾ ਤੇ ਆਪ ਦੀਆਂ ਸਰਕਾਰਾਂ ਨੇ ਅਨੁਸੂਚਿਤ ਜਾਤੀਆਂ, ਬੀਸੀ ਵਰਗਾਂ ਸਮੇਤ ਆਮ ਲੋਕਾਂ ਦੇ ਹਿੱਤਾਂ ਦਾ ਹਮੇਸ਼ਾ ਘਾਣ ਕੀਤਾ ਤੇ ਇਨ੍ਹਾਂ ਨੂੰ ਲਗਾਤਾਰ ਅਣਦੇਖਾ ਕੀਤਾ ਗਿਆ। ਇਨ੍ਹਾਂ ਰਿਟਾ. ਸੀਨੀਅਰ ਅਧਿਕਾਰੀਆਂ ਨੇ ਕਿਹਾ ਕਿ ਉਹ ਘਰ-ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨਗੇ ਤੇ ਉਨ੍ਹਾਂ ਨੂੰ ਬਸਪਾ ਦੇ ਲੋਕ ਪੱਖੀ ਅੰਦੋਲਨ ਦਾ ਹਿੱਸਾ ਬਣਾਉਣਗੇ।

ਇਸ ਮੌਕੇ ਸੰਬੋਧਨ ਕਰਦੇ ਹੋਏ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ। ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪਾਰਟੀ ਵੱਲੋਂ ਚਲਾਈ ਜਾ ਰਹੀ 'ਪੰਜਾਬ ਸੰਭਾਲੋ ਮੁਹਿੰਮ' ਨੂੰ ਸੂਬੇ ਦੇ ਸਾਰੇ ਵਰਗਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਡਾ. ਕਰੀਮਪੁਰੀ ਨੇ ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਰਿਟਾ। ਸੀਨੀਅਰ ਅਧਿਕਾਰੀਆਂ ਸਮੇਤ ਸਮਰਥਨ ਦੇਣ ਵਾਲੇ ਸਮੁੱਚੇ ਬਿਊਰੋਕ੍ਰੇਟਸ ਦਾ ਸਮਰਥਨ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਬਸਪਾ ਦੀ ਲੀਡਰਸ਼ਿਪ ਤੇ ਅਫਸਰ ਮਿਲ ਕੇ ਪੰਜਾਬ ਵਿੱਚ ਵੱਡਾ ਪਰਿਵਰਤਨ ਕਰਨਗੇ ਤੇ ਖੁਸ਼ਹਾਲੀ-ਤਰੱਕੀ ਤੇ ਭਾਈਚਾਰੇ ਵਾਲਾ ਲੋਕ ਪੱਖੀ ਰਾਜ ਪ੍ਰਬੰਧ ਸਥਾਪਿਤ ਕਰਨਗੇ। ਇਸ ਮੀਟਿੰਗ ਵਿੱਚ ਬਸਪਾ ਦੇ ਸੂਬਾ ਇੰਚਾਰਜ ਪ੍ਰਜਾਪਤੀ ਅਜੀਤ ਸਿੰਘ ਭੈਣੀ, ਠੇਕੇਦਾਰ ਭਗਵਾਨ ਦਾਸ ਸਿੱਧੂ ਤੇ ਹਰਭਜਨ ਸਿੰਘ ਬਜਹੇੜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਮੀਟਿੰਗ ਦੌਰਾਨ ਫਾਰਮ ਫਾਰ ਦ ਵੀਕਰ ਸੈਕਸ਼ਨ (ਰਜ਼ਿ.) ਦੇ ਪੈਟਰਨ ਜੇ.ਆਰ. ਕੌਂਡਲ ਰਿਟਾ. ਆਈਏਐਸ, ਚੇਅਰਮੈਨ ਟੀ.ਆਰ. ਸਾਰੰਗਲ ਰਿਟਾ. ਆਈ.ਏ.ਐਸ., ਆਰ.ਐਲ. ਕਲਸੀਆ ਰਿਟਾ। ਆਈਏਐਸ, ਐਡੀਸ਼ਨਲ ਸੈਕਟਰੀ ਗਵਰਨਮੈਂਟ ਆਫ ਇੰਡੀਆ ਆਈ.ਪੀ. ।ਐਸ. ਪਿਰਥੀ ਚੰਦ ਰਿਟਾ. ਆਈ.ਏ.ਐਸ., ਸੁਖਦੇਵ ਸਿੰਘ, ਕੁਲਵੰਤ ਸਾਰੰਗਲ ਰਿਟਾ. ਆਈ.ਪੀ.ਐਸ. ਸਾਬਕਾ ਡੀ.ਜੀ.ਪੀ. ਮਹਾਰਾਸ਼ਟਰ, ਡੀ.ਆਰ. ਪਾਲ ਰਿਟਾ। ਜਨਰਲ ਮੈਨੇਜਰ, ਉਂਕਾਰ ਨਾਥ ਡਿਪਟੀ ਸੀ.ਏ.ਜੀ. (ਕੈਗ) ਇੰਡੀਆ, ।ਪੀ. ਚੋਪੜਾ ਸੁਪਰਟੈਂਡੈਂਟ ਇੰਜੀਨੀਅਰ, ਐਚ.ਐਲ. ਮਹਿਮੀ ਸੈਕਟਰੀ ਟੂ ਮਨਿਸਟਰ ਰਿਟਾ. ਸਮੇਤ ਵੱਡੀ ਗਿਣਤੀ ਵਿੱਚ ਸੀਨੀਅਰ ਅਧਿਕਾਰੀ ਮੌਜੂਦ ਸਨ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED TIRES WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

## ਰਾਸ਼ਟਰਪਤੀ ਟਰੰਪ ਨੂੰ ਮਾਰਨ ਲਈ ਲੋੜੀਂਦੇ ਸਾਧਨ ਜੁਟਾਉਣ ਵਾਸਤੇ ਆਪਣੀ ਮਾਂ ਤੇ ਪਿਤਾ ਦੀ ਕੀਤੀ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਵਿਸਕਾਸਿਨ ਵਿਚ ਇਕ ਨੌਜਵਾਨ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਾਰਨ ਦੀ ਯੋਜਨਾ ਬਣਾਈ ਗਈ ਸੀ । ਵਿੱਤੀ ਸਾਧਨ ਜੁਟਾਉਣ ਵਾਸਤੇ ਤੇ ਆਪਣੀ ਯੋਜਨਾ ਨੂੰ ਆਜ਼ਾਦੀ ਨਾਲ ਸਿਰੇ ਚਾੜਨ ਲਈ ਪਹਿਲਾਂ ਉਸ ਨੇ ਆਪਣੀ ਮਾਂ ਤੇ ਪਿਤਾ ਦੀ ਹੱਤਿਆ ਕੀਤੀ। ਇਹ ਪ੍ਰਗਟਾਵਾ ਜਾਂਚ ਏਜੰਸੀ ਐਫ ਬੀ ਆਈ ਨੇ ਅਦਾਲਤ ਵਿਚ ਦਾਇਰ ਹਲਫੀਆ ਬਿਆਨ



ਵਿਚ ਕੀਤਾ ਹੈ। ਹਲਫੀਆ ਬਿਆਨ ਅਨੁਸਾਰ ਨਬਾਲਗ ਨੌਜਵਾਨ 17 ਸਾਲਾ ਨਿਕਿਤਾ ਕੈਸਪ ਨੇ ਆਪਣੀ ਮਾਂ ਤਾਤਿਆਨਾ ਕੈਸਪ (35) ਤੇ ਮਤਰੇਏ ਪਿਤਾ ਡੋਨਾਲਡ ਮੇਅਰ (51) ਦੀ ਹੱਤਿਆ ਕੀਤੀ ਜਿਨਾਂ ਦੀਆਂ ਲਾਸ਼ਾਂ ਪਰਿਵਾਰ ਦੇ ਵੌਕੇਸ਼ਾ ਸਥਿੱਤ ਘਰ ਵਿਚੋਂ ਮਿਲੀਆਂ ਹਨ। ਅਧਿਕਾਰੀਆਂ ਅਨੁਸਾਰ ਇਨਾਂ ਦੋਨਾਂ ਦੀ ਹੱਤਿਆ ਗੋਲੀਆਂ ਮਾਰ ਕੇ ਕੀਤੀ ਗਈ ਹੈ। ਵੌਕੇਸ਼ਾ ਕਾਊਂਟੀ ਸ਼ੈਰਿਫ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਮਲੇ ਦੀ ਤੈਅ ਤੱਕ ਜਾਂਚ ਉਪਰੰਤ ਨੌਜਵਾਨ ਵਿਰੁੱਧ ਹੋਰ ਦੋਸ਼ਾਂ ਤੋਂ ਇਲਾਵਾ ਪਹਿਲਾ ਦਰਜਾ ਹੱਤਿਆਵਾਂ ਦੇ ਦੋਸ਼ ਦਰਜ ਕੀਤੇ ਗਏ ਹਨ। ਸ਼ੈਰਿਫ ਨੇ ਲੋਕਾਂ ਨੂੰ ਕਿਹਾ ਹੈ ਕਿ ਜੇਕਰ ਕਿਸੇ ਕੋਲ ਵੀ ਮਾਮਲੇ ਸਬੰਧੀ ਕੋਈ ਹੋਰ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਪ੍ਰਸ਼ਾਸਨ ਨਾਲ ਸੰਪਰਕ ਕਰੇ। ਹਲਫੀਆ ਬਿਆਨ ਵਿਚ ਕਿਹਾ ਗਿਆ ਹੈ ਕਿ ਲਾਸ਼ਾਂ ਮਿਲਣ ਉਪਰੰਤ ਕੈਸਪ ਨੂੰ ਕੰਸਾਸ ਵਿਚ ਇਕ ਟਰੈਫਿਕ ਸਟਾਪ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਦੀ ਕਾਰ ਵਿਚੋਂ ਇਕ ਗੰਨ, ਗੋਲੀ ਸਿੱਕਾ ਤੇ 14000 ਡਾਲਰ ਬਰਾਮਦ ਹੋਏ ਹਨ। ਕੈਸਪ ਨੇ ਆਪਣੀ ਕਲਾਸ ਦੇ ਇਕ ਸਾਥੀ ਨੂੰ ਮਾਂ ਤੇ ਪਿਤਾ ਨੂੰ ਮਾਰਨ ਦੀ ਯੋਜਨਾ ਬਾਰੇ ਦਸਿਆ ਸੀ ਤੇ ਇਹ ਵੀ ਦੱਸਿਆ ਸੀ ਕਿ ਉਹ ਰੂਸ ਵਿਚ ਕਿਸੇ ਵਿਅਕਤੀ ਦੇ ਸੰਪਰਕ ਵਿਚ ਹੈ ਜੋ ਵਿਅਕਤੀ ਟਰੰਪ ਨੂੰ ਮਾਰਨ ਤੇ ਉਸ ਦੀ ਸਰਕਾਰ ਦਾ ਤਖਤਾ ਉਲਟਾਉਣ ਦੀ ਸਾਜਿਸ਼ ਵਿਚ ਸ਼ਾਮਿਲ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਕੈਸਪ ਵੱਲੋਂ ਲਾਸ਼ਾਂ ਮਿਲਣ ਤੋਂ ਦੋ ਹਫਤੇ ਪਹਿਲਾਂ ਮਾਂ ਤੇ ਪਿਤਾ ਦੀ ਹੱਤਿਆ ਕੀਤੀ ਗਈ ਸੀ।

## ਆਈ ਆਰ ਐਸ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਲਈ ਇਮੀਗ੍ਰੇਸ਼ਨ ਏਜੰਟਾਂ ਨਾਲ ਟੈਕਸ ਜਾਣਕਾਰੀ ਸਾਂਝੀ ਕਰਨ ਲਈ ਸਹਿਮਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਇੰਟਰਨਲ ਰੈਵਨਿਊ ਸਰਵਿਸ (ਆਈ ਆਰ ਐਸ) ਨੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਲੱਭਣ ਲਈ ਸੰਘੀ ਇਮੀਗ੍ਰੇਸ਼ਨ ਏਜੰਟਾਂ ਨਾਲ ਟੈਕਸ ਜਾਣਕਾਰੀ ਸਾਂਝੀ ਕਰਨ ਬਾਰੇ ਸਹਿਮਤੀ ਦੇ ਦਿੱਤੀ ਹੈ। ਇਹ ਜਾਣਕਾਰੀ ਅਦਾਲਤੀ ਦਸਤਾਵੇਜ਼ ਤੋਂ ਮਿਲੀ ਹੈ। ਅਮਰੀਕਾ ਵਿਚ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਲੱਖਾਂ ਪ੍ਰਵਾਸੀਆਂ ਕੋਲ ਸ਼ੋਸਲ ਸਕਿਉਰਿਟੀ ਨੰਬਰ ਨਹੀਂ ਹੈ ਤੇ ਉਹ ਹਰ ਸਾਲ ਟੈਕਸ ਭਰਨ ਲਈ ਵਿਅਕਤੀਗੱਤ ਟੈਕਸਦਾਤਾ ਪਛਾਣ ਨੰਬਰ (ਆਈ ਟੀ ਆਈ ਐਨ) ਦੀ ਵਰਤੋਂ ਕਰਦੇ ਹਨ। ਆਈ ਆਰ ਐਸ ਕੋਲ ਇਨਾਂ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਨਾਂ ਤੇ ਪਤੇ ਮੌਜੂਦ ਹਨ। ਇਸ ਸਾਲ ਫਰਵਰੀ ਦੇ ਸ਼ੁਰੂ ਵਿਚ ਹੋਮਲੈਂਡ ਸਕਿਉਰਿਟੀ ਸਕੱਤਰ ਕ੍ਰਿਸਟੀ ਨੋਏਮ ਨੇ ਖਜ਼ਾਨਾ ਵਿਭਾਗ ਜੋ ਇੰਟਰਨਲ ਰੈਵਨਿਊ ਸਰਵਿਸ ਦਾ ਕੰਮਕਾਜ਼ ਵੇਖਦਾ ਹੈ, ਨੂੰ ਪ੍ਰਵਾਸੀਆਂ ਨੂੰ ਲੱਭਣ ਵਿੱਚ ਮੱਦਦ ਕਰਨ ਦੀ ਬੇਨਤੀ ਕੀਤੀ ਸੀ। ਨਿਆਂ ਵਿਭਾਗ ਦੇ ਵਕੀਲਾਂ ਨੇ ਅਦਾਲਤ ਵਿਚ ਆਈ ਆਰ ਐਸ ਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਵਿਚਾਲੇ ਹੋਏ ਸੋਧੇ ਹੋਏ ਕਰਾਰ ਦੀ ਕਾਪੀ ਦਾਇਰ ਕੀਤੀ। ਇਸ ਸਮਝੌਤੇ ਤਹਿਤ ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਪਤੇ ਤੇ ਹੋਰ ਵੇਰਵਾ ਲੈ ਸਕੇਗੀ। ਨਿਆਂ ਵਿਭਾਗ ਦੇ ਵਕੀਲਾਂ ਨੇ ਅਦਾਲਤ ਵਿਚ ਕਿਹਾ ਹੈ ਕਿ ਅਪਰਾਧਿਕ ਜਾਂਚ ਪੜਤਾਲ ਤਹਿਤ ਡੀ ਐਚ ਐਸ ਕਾਨੂੰਨੀ ਤੌਰ 'ਤੇ ਵਿਅਕਤੀਗੱਤ ਟੈਕਸ ਰਿਟਰਨ ਜਾਣਕਾਰੀ ਲੈਣ ਲਈ ਬੇਨਤੀ ਕਰ ਸਕਦੀ ਹੈ ਤੇ ਆਈ ਆਰ ਐਸ ਇਹ ਜਾਣਕਾਰੀ ਦੇਣ ਤੋਂ ਨਾਂਹ ਨਹੀਂ ਕਰ ਸਕਦੀ। ਦੂਸਰੇ ਪਾਸੇ ਫਲੋਰਿਡਾ ਇਮੀਗ੍ਰਾਂਟ ਕੋਲੀਸ਼ਨ ਜੋ ਇਕ ਪ੍ਰਵਾਸੀ ਸਮਰਥਕ ਸਮੂੰਹ ਹੈ, ਦੇ ਅਧਿਕਾਰੀ ਥਾਮਸ ਕੈਨੇਡੀ ਨੇ ਐਕਸ ਉਪਰ ਪਾਈ ਇਕ ਪੋਸਟ ਵਿਚ ਟਰੰਪ ਪ੍ਰਸ਼ਾਸਨ ਦੀ ਇਸ ਨੀਤੀ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ ਨਾਲ ਲੱਖਾਂ ਪ੍ਰਵਾਸੀ ਟੈਕਸ ਦੇਣਾ ਬੰਦ ਕਰ ਸਕਦੇ ਹਨ ਜਿਸ ਦਾ ਅਸਰ ਸਮੁੱਚੇ ਅਮਰੀਕੀਆਂ ਉਪਰ ਪਵੇਗਾ।

## ਅਮਰੀਕਾ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ ਅਨੇਕਾਂ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–**ਯੂ ਐਸ ਇਮੀਗ੍ਰੇਸ਼ਨ ਪ੍ਰਸ਼ਾਸਨ ਵੱਲੋਂ ਹਾਵਰਡ, ਟਫਟਸ ਤੇ ਸਟੈਂਫੋਰਡ ਸਮੇਤ ਪ੍ਰਮੁੱਖ ਯੂਨੀਵਰਸਿਟੀਆਂ ਦੇ ਅਨੇਕਾਂ ਕੌਮਾਂਤਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਦੀ ਖਬਰ ਹੈ। ਮਾਸ ਮੀਡੀਆ ਬਲੂਮਬਰਗ ਅਨੁਸਾਰ ਇਮੀਗ੍ਰੇਸ਼ਨ ਪ੍ਰਸ਼ਾਸਨ ਦੀ ਇਸ ਕਾਰਵਾਈ ਨੇ ਯੂਨੀਵਰਸਿਟੀਆਂ ਦੇ ਅਧਿਕਾਰੀਆਂ ਨੂੰ ਹੈਰਾਨ ਕਰ ਦਿੱਤਾ ਹੈ। ਜਿਨਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕੀਤੇ ਗਏ ਹਨ ਉਨਾਂ ਵਿਚ ਯੂਨੀਵਰਸਿਟੀਆਂ ਵਿਚ ਇਸ ਸਮੇ ਪੜ ਰਹੇ ਵਿਦਿਆਰਥੀ ਤੇ ਹਾਲ ਹੀ ਵਿਚ ਗਰੈਜੂਏਟ ਬਣੇ ਵਿਦਿਆਰਥੀ ਵੀ ਸ਼ਾਮਿਲ ਹਨ। ਲਾਸ ਏਂਜਲਸ ਟਾਈਮਜ਼ ਦੀ ਰਿਪੋਰਟ ਅਨੁਸਾਰ ਇਕੱਲੇ ਕੈਲੀਫੋਰ-ਨੀਆ ਵਿਚ ਯੂ ਸੀ ਐਲ ਏ, ਯੂ ਸੀ ਬਰਕਲੇ, ਯੂ ਸੀ ਡੇਵਿਸ, ਯੂ ਸੀ ਸੈਨ ਡਇਏਗੋ, ਯੂ ਸੀ ਸਾਂਤਾ ਕਰੂਜ਼ ਤੇ ਸਟੈਂਫੋਰਡ ਸਮੇਤ ਅਨੇਕਾਂ ਸਿੱਖਿਆ ਸੰਸਥਾਵਾਂ ਦੇ ਦਰਜ਼ਨਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਸਟੈਂਫੋਰਡ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਨਾਂ ਨੂੰ ਆਪਣੇ 6 ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਬਾਰੇ ਜਾਣਕਾਰੀ ਹੈ। ਉਨਾਂ ਇਹ ਵੀ ਕਿਹਾ ਹੈ ਕਿ ਜੇਕਰ ਕਾਨੂੰਨੀ ਮਜਬੂਰੀ ਨਾ ਹੋਵੇ ਤਾਂ ਉਹ ਇਮੀਗ੍ਰੇਸ਼ਨ ਪ੍ਰਸ਼ਾਸਨ ਨਾਲ ਵਿਦਿਆਰਥੀਆਂ ਦਾ ਨਿੱਜੀ ਰਿਕਾਰਡ ਸਾਂਝਾ ਨਹੀਂ ਕਰਦੇ। ਹਾਵਰਡ ਦੇ 3 ਮੌਜੂਦਾ ਤੇ 2 ਸਾਬਕਾ ਗਰੈਜੂਏਟ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦਿੱਤੇ ਹਨ। ਏ ਪੀ ਦੀ ਇਕ ਰਿਪੋਰਟ ਵਿਚ ਡਾਰਟਮ-'ਊਥ ਕਾਲਜ, ਮਿਨੀਸੋਟਾ ਸਟੇਟ ਯੂਨੀਵਰਸਿਟੀ, ਐਰੀਜ਼ੋਨਾ ਸਟੇਟ ਯੂਨੀਵਰਸਿਟੀ ਤੇ ਯੂਨੀਵਰਸਿਟੀ ਆਫ ਓਰੇਗੋਨ ਦੇ ਕਈ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰ ਦੇਣ ਦੀ ਪੁਸ਼ਟੀ ਕੀਤੀ ਗਈ ਹੈ। ਇਮੀਗ੍ਰੇਸ਼ਨ ਪ੍ਰਸ਼ਾਸਨ ਵੱਲੋਂ ਡਰਾਈਵਿੰਗ ਨਿਯਮਾਂ ਦੀ ਉਲੰਘਣਾ ਸਮੇਤ ਛੋਟੇ ਮੋਟੇ ਅਪਰਾਧ ਤਹਿਤ ਵਿਦਿਆਰਥੀਆਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ ਜਿਸ ਤੋਂ ਸਿੱਖਿਆ ਸੰਸਥਾਵਾਂ ਦੇ ਪ੍ਰਬੰਧਕ ਪ੍ਰੇਸ਼ਾਨ ਹਨ।

## ਅਮਰੀਕਾ ਵੱਲੋਂ ਦੱਖਣੀ ਸੁਡਾਨ ਦੇ ਸਾਰੇ ਨਾਗਰਿਕਾਂ ਦੇ ਵੀਜ਼ੇ ਰੱਦ ਕੀਤੇ ਜਾਣਗੇ– ਮਾਰਕੋ ਰੁਬੀਓ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੁਬੀਓ ਨੇ ਐਲਾਨ ਕੀਤਾ ਹੈ ਕਿ ਦੱਖਣੀ ਸੁਡਾਨ ਦੇ ਸਾਰੇ ਪਾਸਪੋਰਟ ਧਾਰਕਾਂ ਦੇ ਵੀਜ਼ੇ ਰੱਦ ਕੀਤੇ ਜਾ ਰਹੇ ਹਨ। ਉਸ ਨੇ ਦੋਸ਼ ਲਾਇਆ ਹੈ ਕਿ ਦੱਖਣੀ ਸੁਡਾਨ ਦੀ ਆਰਜੀ ਸਰਕਾਰ ਟਰੰਪ ਪ੍ਰਸ਼ਾਸਨ ਦੁਆਰਾ ਦੇਸ਼ ਵਿਚੋਂ ਕੱਢੇ ਸੁਡਾਨੀਆਂ ਨੂੰ ਵਾਪਿਸ ਲੈਣ ਤੋਂ ਨਾਂਹ ਕਰ ਰਹੀ ਹੈ। ਇਹ ਪਹਿਲੀ ਘਟਨਾ ਹੈ ਜਿਸ ਵਿਚ ਟਰੰਪ ਪ੍ਰਸ਼ਾਸਨ ਦੁਆਰਾ ਕਿਸੇ ਇਕ ਦੇਸ਼ ਦੇ ਪਾਸਪਰੋਟ ਧਾਰਕਾਂ ਵਿਰੁੱਧ ਕਾਰਵਾਈ ਕਰਨ ਦਾ ਐਲਾਨ ਕੀਤਾ ਗਿਆ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਪਹਿਲਾਂ ਹੀ ਚਿਤਾਵਨੀ ਦੇ ਚੁੱਕੇ ਹਨ ਕਿ ਆਪਣੇ ਨਾਗਰਿਕਾਂ ਨੂੰ ਵਾਪਿਸ ਨਾ ਲੈਣ ਵਾਲੇ ਦੇਸ਼ਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਰੁਬੀਓ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਹੁਣ ਸਮਾ ਆ ਗਿਆ ਹੈ ਕਿ ਦੱਖਣੀ ਸੁਡਾਨ ਦੀ ਆਰਜੀ ਸਰਕਾਰ ਅਮਰੀਕਾ ਦਾ ਲਾਹਾ ਲੈਣਾ ਬੰਦ ਕਰ ਦੇਵੇ। ਉਨਾਂ ਕਿਹਾ ਹੈ ਕਿ ਹਰੇਕ ਦੇਸ਼ ਨੂੰ ਹਰ ਹਾਲਤ



ਵਿਚ ਆਪਣੇ ਸ਼ਹਿਰੀ ਸਮਾਬੱਧ ਤਰੀਕੇ ਨਾਲ ਵਾਪਿਸ ਲੈਣੇ ਪੈਣਗੇ ਜਦੋਂ ਅਮਰੀਕਾ ਸਮੇਤ ਕੋਈ ਵੀ ਦੇਸ਼ ਉਨਾਂ ਨੂੰ ਕੱਢਣ ਦਾ ਫੈਸਲਾ ਕਰਦਾ ਹੈ। ਰੁਬੀਓ ਨੇ ਹੋਰ ਕਿਹਾ ਹੈ ਕਿ ਦੱਖਣੀ ਸੁਡਾਨ ਦੇ ਲੋਕਾਂ ਦਾ ਅਮਰੀਕਾ ਵਿਚ ਦਾਖਲਾ ਰੋਕਣ ਲਈ ਉਨਾਂ ਨੂੰ ਵੀਜ਼ੇ ਜਾਰੀ ਕਰਨਾ ਵੀ ਬੰਦ ਕਰ ਦੇਵੇਗਾ। ਉਨਾਂ ਕਿਹਾ ਕਿ ਦੱਖਣੀ ਸੁਡਾਨ ਜਦੋਂ ਮੁਕੰਮਲ ਸਹਿਯੋਗ ਕਰਨਾ ਸ਼ੁਰੂ ਕਰ ਦੇਵੇਗਾ ਤਾਂ ਅਸੀਂ ਆਪਣੀ ਕਾਰਵਾਈ ਉਪਰ ਪੁਨਰ ਵਿਚਾਰ ਕਰਾਂਗੇ।

ਬਾਈਡਨ ਪ੍ਰਸ਼ਾਸਨ ਨੇ ਦੱਖਣੀ ਸੁਡਾਨੀ ਨਾਗਰਿਕਾਂ ਲਈ 2023 ਵਿਚ ਆਰਜੀ ਸੁਰੱਖਿਆ ਪ੍ਰੋਗਰਾਮ ਸ਼ੁਰੂ ਕੀਤਾ ਸੀ ਜਿਸ ਤਹਿਤ ਦੱਖਣੀ ਸੁਡਾਨੀ ਨਾਗਰਿਕਾਂ ਨੂੰ ਅਮਰੀਕਾ ਵਿਚ ਪਨਾਹ ਮਿਲੀ ਹੋਈ ਹੈ। ਇਥੇ ਜਿਕਰਯੋਗ ਹੈ ਕਿ ਦੱਖਣੀ ਸੁਡਾਨ ਵਿਚ ਪਿਛਲੇ ਹਫਤੇ ਪਹਿਲੇ ਉਪ ਰਾਸ਼ਟਰਪਤੀ ਰੀਕ ਮੈਚਰ ਨੂੰ ਘਰ ਵਿਚ ਨਜਰਬੰਦ ਕਰ ਦੇਣ ਉਪਰੰਤ ਗ੍ਰਹਿ ਯੁੱਧ ਦਾ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ।


**Golden State Truck Sales Inc.**

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ

ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600

Fax : (530) 870-1429

532 Houston St.

West Sacramento, CA 95691

Email: myfuturetruck@gmail.com

# ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਅਤੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਨੇ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਵਸ ਪਿੰਡ ਦੋਭੇਟਾ ਵਿੱਚ ਮਨਾਇਆ





ਸ਼੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਅਤੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਭਾਰਤ ਰਤਨ ਡਾਕਟਰ ਭੀਮ ਰਾ ਅੰਬੇਡਕਰ ਦਾ ਜਨਮ ਦਿਵਸ ਪਿੰਡ ਦੋਭੇਟਾ ਵਿੱਚ ਮਨਾਇਆ ਗਿਆ। ਇਸ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਆਗੂ ਡਾਕਟਰ ਜੇ ਐਸ ਕਹਿਲ, ਡਾਕਟਰ ਐਸ ਪੀ ਸੰਧੂ, ਐਡਵੋਕੇਟ ਕੁਲਦੀਪ ਚੰਦ ਦੋਭੇਟਾ, ਸਤੀਸ਼ ਕੁਮਾਰ ਸੰਤੋਖਗੜ੍ਹ, ਰਾਮ ਲਾਲ, ਪ੍ਰੀਤਮ ਚੰਦ, ਸ਼੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਪ੍ਰਧਾਨ ਪ੍ਰੇਮ ਪ੍ਰਕਾਸ਼, ਵਿਜੈ ਸੰਧੂ, ਸੁਖਵਿੰਦਰ ਸਿੰਘ ਗੋਹਲਣੀ, ਪੰਚ ਸੁਰੇਸ਼ ਕੁਮਾਰ, ਸਾਬਕਾ ਪੰਚ ਜਗਦੀਸ਼ ਕੁਮਾਰ ਅਤੇ ਹਾਜਰ ਵਿਦਿਆਰਥੀਆਂ ਰਵਿੰਦਰ ਸਿੰਘ, ਨਰਿੰਦਰ ਸਿੰਘ, ਅਜੇ, ਤਮੰਨਾ, ਰੀਤਿਕਾ, ਅਦਿਤਿਆ, ਮਾਹੀ, ਅੰਸ਼ੁਮਾਨ, ਨਿਸ਼ਾ, ਨੀਮਿਤਾ ਆਦਿ ਨੇ ਡਾਕਟਰ ਅੰਬੇਡਕਰ ਦੇ ਜੀਵਨ ਅਤੇ ਮਿਸ਼ਨ ਬਾਰੇ ਜਾਣਕਾਰੀ ਦਿਤੀ। ਵੱਖ ਵੱਖ ਬੁਲਾਰਿਆਂ ਨੇ ਅਪਣੇ ਸੰਬੋਧਨ ਵਿੱਚ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਅਖੌਤੀ ਵਰਣ ਵਿਵਸਥਾ ਕਾਰਨ ਇੱਕ ਵੱਡੇ ਵਰਗ ਨੂੰ ਜਾਨਵਰਾਂ ਤੋਂ ਵੀ ਭੈੜੀ ਜਿੰਦਗੀ ਜਿਉਣੀ ਪਈ ਅਤੇ ਇਸ ਵਿਵਸਥਾ ਨੂੰ ਖਤਮ ਕਰਨ ਲਈ ਸਮੇਂ-ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ, ਧਾਰਮਿਕ ਰਹਿਵਰਾਂ ਨੇ ਕੰਮ ਕੀਤਾ ਹੈ ਅਤੇ ਇਨ੍ਹਾਂ ਆਗੂਆਂ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾ ਅੰਬੇਡਕਰ ਦਾ ਨਾਮ ਵੀ ਸ਼ਾਮਿਲ ਹੈ। ਅੱਜ ਡਾਕਟਰ ਭੀਮ ਰਾ ਅੰਬੇਡਕਰ ਦਾ ਜਨਮ ਦਿਨ ਭਾਰਤ ਸਮੇਤ ਦੁਨੀਆਂ ਦੇ ਹੋਰ ਕਈ ਦੇਸ਼ਾਂ ਵਿੱਚ ਮਨਾਇਆ ਜਾ ਰਿਹਾ ਹੈ। ਬਾਬਾ ਸਾਹਿਬ ਡਾਕਟਰ ਅੰਬੇਡਕਰ ਵਲੋਂ ਦੱਬੇ ਕੁਚਲੇ ਵਰਗਾਂ ਦੀ ਭਲਾਈ ਲਈ ਕੀਤੇ ਗਏ ਯਤਨਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਹੈ। ਸਦੀਆਂ ਤੋਂ ਪ੍ਰਚਲਿਤ ਗੈਰ ਬਰਾਬਰੀ ਨੂੰ ਕਨੂੰਨੀ ਤੋਰ ਤੇ ਦੂਰ ਕਰਨ ਲਈ ਡਾਕਟਰ ਅੰਬੇਡਕਰ ਦੀ ਮਿਹਨਤ ਨਾਲ ਭਾਰਤੀ ਸੰਵਿਧਾਨ ਤਿਆਰ ਕੀਤਾ ਗਿਆ ਸੀ ਜੋ ਕਿ ਹਰ ਦੇਸ਼ ਵਾਸੀ ਨੂੰ ਬਰਾਬਰਤਾ ਦਾ ਦਰਜ਼ਾ ਦਿੰਦਾ ਹੈ। ਦੇਸ ਵਿੱਚ ਪ੍ਰਚੱਲਿਤ ਰਹੀਆਂ ਕੁਰਿਤੀਆਂ ਜਿਨ੍ਹਾਂ ਵਿਚ ਧਰਮ, ਜਾਤ ਅਤੇ ਲਿੰਗ ਦੇ ਅਧਾਰ ਤੇ



ਲੋਕਾਂ ਨਾਲ ਵਿਤਕਰਾ ਕੀਤਾ ਜਾਂਦਾ ਸੀ ਹੁਣ ਕਨੂੰਨੀ ਤੋਰ ਤੇ ਅਜਿਹਾ ਕਰਨਾ ਕਨੂੰਨਨ ਜੁਰਮ ਕਰਾਰ ਦਿਤਾ ਗਿਆ ਹੈ। ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਨੂੰ ਸੰਵਿਧਾਨਿਕ ਤੋਰ ਤੇ ਕੁੱਝ ਰਿਆਇਤਾਂ ਦਿਤੀਆਂ ਗਈਆਂ ਹਨ, ਸੰਵਿਧਾਨਕ ਤੋਰ ਤੇ ਮਹਿਲਾਵਾਂ ਨੂੰ ਬਰਾਬਰਤਾ ਦਾ ਹੱਕ ਮਿਲਿਆ ਹੈ। ਉਨ੍ਹਾਂ ਕਿਹਾ ਕਿ ਲੋਕ ਭਲਾਈ ਵਿਸ਼ੇਸ਼ ਤੋਰ ਤੇ ਮਹਿਲਾਵਾਂ-ਬੱਚਿਆਂ, ਦਲਿਤਾਂ, ਪੱਛੜੇ ਵਰਗਾਂ, ਧਾਰਮਿਕ ਘੱਟ ਗਿਣਤੀਆਂ ਦੇ ਵਿਕਾਸ ਦੀਆਂ ਸਕੀਮਾਂ ਸਹੀ ਤਰੀਕੇ ਨਾਲ ਲਾਗੂ ਨਹੀਂ ਕੀਤੀਆਂ ਜਾ ਰਹੀਆਂ ਹਨ ਅਤੇ ਸੰਵਿਧਾਨ ਲਾਗੂ ਕਰਨ ਵਾਲਿਆਂ ਦੀ ਅਣਗਹਿਲੀ ਕਾਰਨ ਸਮਾਜ ਦੇ ਕਈ ਵਰਗਾਂ ਨੂੰ ਬਣਦੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਹਨ ਜਿਸ ਕਾਰਨ ਅਜੇ ਵੀ ਦੇਸ਼ ਦੇ ਕੁੱਝ ਭਾਗਾਂ ਵਿੱਚ ਵਿਤਕਰਾ ਅਤੇ ਅੱਤਿਆਚਾਰ ਹੋ ਰਿਹਾ ਹੈ। ਸੰਵਿਧਾਨ ਰਾਹੀਂ ਭਾਵੇਂ ਉਹਨਾਂ ਨੇ ਬਰਾਬਰਤਾ ਦਾ ਅਧਿਕਾਰ ਦੇਕੇ ਰਾਜਸੀ ਬਰਾਬਰਤਾ ਤਾਂ ਲਿਆ ਦਿੱਤੀ ਪਰ ਉਹਨਾਂ ਨੂੰ ਪਤਾ ਸੀ ਕਿ ਅਸਲੀ ਬਰਾਬਰਤਾ ਤਾਂ ਸਮਾਜਿਕ ਅਤੇ ਆਰਥਿਕ ਬਰਾਬਰਤਾ ਵਿਚ ਛਿਪੀ ਹੋਈ ਹੈ ਇਸ ਲਈ ਉਹਨਾਂ ਨੇ ਸੰਵਿਧਾਨ ਲਾਗੂ ਕਰਨ ਦੇ ਦਿਨ ਹੀ 26 ਜਨਵਰੀ 1950 ਨੂੰ ਇਹ ਆਖ ਦਿੱਤਾ ਸੀ ਕਿ 'ਅਸੀਂ 26 ਜਨਵਰੀ 1950 ਨੂੰ ਬਰਾਬਰੀ ਵਾਲਾ ਸੰਵਿਧਾਨ ਲਾਗੂ ਕਰਨ ਜਾ ਰਹੇ ਹਾਂ ਪਰ ਇਸ ਨਾਲ ਸਾਨੂੰ ਭਾਵੇਂ ਰਾਜਸੀ ਬਰਾਬਰੀ ਤਾਂ ਮਿਲ ਜਾਵੇਗੀ ਪਰ ਸਮਾਜਿਕ ਤੇ ਆਰਥਿਕ ਬਰਾਬਰੀ ਨਹੀਂ ਮਿਲੇਗੀ। ਸਾਨੂੰ ਜਲਦੀ ਤੋਂ ਜਲਦੀ ਇਹ ਫਰਕ ਮਿਟਾਉਣਾ ਹੋਵੇਗਾ, ਨਹੀਂ ਤਾਂ ਇਸ ਵਿਤਕਰੇ ਦੇ ਸ਼ਿਕਾਰ ਲੋਕ ਰਾਜਸੀ ਤੰਤਰ ਨੂੰ ਖੇਰੂੰ ਖੇਰੂੰ ਕਰ ਦੇਣਗੇ।' ਬਾਬਾ ਸਾਹਿਬ ਦਾ ਮੰਨਣਾ ਸੀ ਕਿ ਹਰ ਵਿਚਾਰ ਹਰ ਸੋਚ ਦਾ ਆਧਾਰ ਵਿਗਿਆਨਕ ਹੋਣਾ ਚਾਹੀਦਾ ਹੈ। ਧਰਮ ਨੂੰ ਵੀ ਉਹ ਇਸ ਘੇਰੇ ਵਿਚ ਲੈਂਦੇ ਹਨ। ਉਹ ਅਜਿਹੇ ਵਿਸ਼ਵਾਸ ਜਾਂ ਧਰਮ ਨੂੰ ਮੰਨਣ ਤੋਂ ਇਨਕਾਰੀ ਹਨ ਜੋ ਸਮਾਜ ਵਿਚ ਜਾਤ-ਪਾਤ ਦੇ ਵਿਤਕਰੇ ਖੜ੍ਹੇ ਕਰਕੇ ਗੈਰ ਬਰਾਬਰੀ ਪੈਦਾ ਕਰਦਾ ਹੈ। ਉਨ੍ਹਾਂ ਨੇ ਪੜਾਈ ਦੇ ਮਹੱਤਵ ਬਾਰੇ ਦੱਸਿਆ।

ਉਨ੍ਹਾਂ ਕਿਹਾ ਕਿ ਸਮਾਜ ਦੇ ਵਿਕਾਸ ਲਈ ਸਹੀ ਅਤੇ ਪੂਰੀ ਸਿੱਖਿਆ ਹਰ ਬੱਚੇ ਤੱਕ ਪਹੁੰਚਾਣ ਲਈ ਸਾਨੂੰ ਸਭਨੂੰ ਮਿਲਕੇ ਕੰਮ ਕਰਨਾ ਪਵੇਗਾ ਅਤੇ ਇਸ ਲਈ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਸਿੱਖਿਆ ਸੈਂਟਰ ਚਲਾਏ ਜਾ ਰਹੇ ਹਨ ਜਿਸ ਵਿੱਚ ਲੋੜਵੰਦ ਵਿਦਿਆਰਥੀਆਂ ਲਈ ਵਿਸ਼ੇਸ਼ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਸ ਮੌਕੇ ਹਾਜਰ ਸਮੂਹ ਬੁਲਾਰਿਆਂ ਅਤੇ ਵਿਦਿਆਰਥੀਆਂ ਨੇ ਬਾਬਾ ਸਾਹਿਬ ਦੇ ਸੁਪਨਿਆਂ ਵਾਲਾ ਸਮਾਜ ਬਣਾਉਣ ਲਈ ਮਿਲਕੇ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ। ਇਸ ਮੌਕੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੁਨੀਤਾ ਦੇਵੀ, ਕਮਲਾ, ਸ਼ਕੁੰਤਲਾ, ਪ੍ਰੇਮੋ, ਅਨੂੰ ਦੇਵੀ, ਮੋਨਿਕਾ, ਮੁਸਕਾਨ, ਅੰਕਿਤਾ, ਦਰਸ਼ਨਾ, ਨਿਸ਼ਾ, ਰੰਜਨਾ, ਪੂਜਾ, ਸੁਨੀਤਾ, ਜਮਨਾ, ਤ੍ਰਿਪਤਾ, ਮੀਰਾ, ਵੀਨਾ, ਬੱਬੂ, ਕਸ਼ਮੀਰੋ, ਪੂਨਮ, ਰੋਸ਼ਨੀ, ਰਾਜ, ਸਾਬਕਾ ਸਰਪੰਚ ਵਰਿਆਮ ਕੌਰ, ਗੁਰਮੀਤੋ, ਪ੍ਰਿਤੀ, ਸਵਿਤਰੀ, ਨੇਹਾ, ਅਨੂੰ, ਸਿਮਰਨ, ਵਿਸ਼ਾਲ, ਅਰਜਨ ਸਿੰਘ, ਨਰੇਸ਼, ਸੁਰੇਸ਼ ਕੁਮਾਰ, ਅਸ਼ੋਕ ਕੁਮਾਰ, ਰਕੇਸ਼ ਕੁਮਾਰ, ਵਿਕੀ, ਸੰਜੂ, ਅਸ਼ਵਨੀ, ਨੰਦ ਲਾਲ, ਹਨੀ, ਤਰਨਵੀਰ, ਨਿਤਿਨ ਆਦਿ ਹਾਜਰ ਸਨ।



## ਸ਼ੋਕ ਸਮਾਚਾਰ

## ਕਰਮਨ ਨਿਵਾਸੀ ਮਾਤਾ ਪ੍ਰੀਤਮ ਕੌਰ ਹੀਰ ਦੇ ਅਕਾਲ ਚਲਾਣੇ 'ਤੇ ਹੀਰ ਪਰਿਵਾਰ ਨੂੰ ਸਦਮਾ "ਅੰਤਮ ਸੰਸਕਾਰ 18 ਅਪ੍ਰੈਲ ਨੂੰ ਹੋਵੇਗਾ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਕਰਮਨ ਨਿਵਾਸੀ ਮਾਤਾ ਪ੍ਰੀਤਮ ਕੌਰ ਹੀਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਉੱਘੇ ਸਮਾਜਸੇਵੀ ਅਤੇ ਅਕਾਲੀ ਆਗੂ ਸ। ਸਤਬੀਰ ਸਿੰਘ ਹੀ ਦੇ ਮਾਤਾ ਜੀ ਸਨ। ਜੋ ਪਿਛਲੇ 40 ਸਾਲ ਤੋਂ ਵਧੀਕ ਸਮੇਂ ਤੋਂ ਇੰਨਾਂ ਕੋਲ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਰਹਿ ਰਹੇ ਸਨ। ਇਸ ਉਨ੍ਹਾਂ ਦੀ ਉਮਰ 94 ਸਾਲ ਸੀ।



ਮਾਤਾ ਜੀ ਦਾ ਪੰਜਾਬ ਤੋਂ ਪਿਛਲਾ ਪਿੰਡ ਹੱਲੂਵਾਲ, ਜਿਲ੍ਹਾਂ ਹੁਸ਼ਿਆਰਪੁਰ ਸੀ। ਉਹ ਆਪਣੇ ਪਿੱਛੇ ਪਰਿਵਾਰ ਵਿੱਚ ਪੁੱਤਰ ਸਤਬੀਰ ਸਿੰਘ ਹੀਰ ਅਤੇ ਧੀ ਮਹਿੰਦਰ ਕੌਰ ਰੱਕੜ ਦੀ ਹਰੀ ਭਰੀ ਖੁਸ਼ਹਾਲ ਪਰਿਵਾਰਕ ਫੁੱਲਬਾੜੀ ਨੂੰ ਪਿੱਛੇ ਛੱਡ ਗਏ ਹਨ।

ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ "ਸਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ 18 ਅਪ੍ਰੈਲ, ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਅਨੰਦਗੜ ਸਾਹਿਬ , ਕਰਮਨ ਵਿਖੇ ਹੋਵੇਗੀ। ਜਿਸ ਦਾ ਪਤਾ: 680 S. Vineland Ave. Kerman, CA 93630 ਹੈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਮਾਤਾ ਪ੍ਰੀਤਮ ਕੌਰ ਹੀਰ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰ ਸਤਬੀਰ ਸਿੰਘ ਹੀਰ ਨੂੰ ਫੋਨ ਨੰਬਰ (559) 269-4668 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਇੰਗਲੈਂਡ ਦੇ ਵੱਖ ਵੱਖ ਗੁਰੂ ਘਰਾਂ ਚ ਸ਼ਰਧਾ ਨਾਲ ਮਨਾਇਆ ਗਿਆ ਖਾਲਸਾ ਸਾਜਨਾ ਦਿਵਸ ਵੱਡੀ ਗਿਣਤੀ ਚ ਪੁੱਜੀਆਂ ਸੰਗਤਾਂ ਨੇ ਹਾਜ਼ਰੀ ਭਰ ਕੇ ਕੀਤਾ ਸ਼ਰਧਾ ਦਾ ਪ੍ਰਗਟਾਵਾ









**ਲੰਡਨ (ਮਲਕੀਤ ਸਿੰਘ)** ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਜਿੱਥੇ ਕਿ ਪੂਰੀ ਦੁਨੀਆ ਚ ਸਥਿਤ ਵੱਖ-ਵੱਖ ਗੁਰੂ ਘਰਾਂ ਚ ਧਾਰਮਿਕ ਸਮਾਗਮ ਅਯੋਜਿਤ ਕਰਵਾਏ ਜਾਣ ਦਾ ਸਿਲਸਿਲਾ ਜਾਰੀ ਹੈ; ਉਸੇ ਤਰ੍ਹਾਂ ਇੰਗਲੈਂਡ ਚ ਮਿੰਨੀ ਭਾਰਤ ਵਜੋਂ ਜਾਣੇ ਜਾਂਦੇ ਲੈਸਟਰ ਦੇ ਗੁਰਦੁਆਰਾ ਰਾਮਗੜੀਆ ਅਤੇ ਗੁਰਦੁਆਰਾ ਤੇਗ ਬਹਾਦਰ ਸਾਹਿਬ ਵਿਖੇ ਵੀ ਖਾਲਸਾ ਸਾਜਨਾ ਦਿਵਸ (ਵਿਸਾਖੀ) ਦਾ ਦਿਹਾੜਾ ਵੱਡੇ ਪੱਧਰ ਤੇ ਮਨਾਇਆ ਗਿਆ ਜਿੱਥੇ ਕਿ ਵੱਡੀ ਗਿਣਤੀ 'ਚ ਪੁੱਜੀਆਂ ਸੰਗਤਾਂ ਵੱਲੋਂ ਗੁਰੂ ਘਰਾਂ ਚ ਹਾਜ਼ਰੀ ਭਰ ਕੇ ਗੁਰੂ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੌਕੇ ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਸਜਾਏ ਗਏ ਧਾਰਮਿਕ ਦੀਵਾਨਾਂ ਚ ਵੱਖ-ਵੱਖ ਕੀਰਤਨੀ ਜਥਿਆਂ ਅਤੇ ਪ੍ਰਚਾਰਕਾਂ ਵੱਲੋਂ ਹਾਜ਼ਰ ਸੰਗਤਾਂ ਨੂੰ ਗੁਰਬਾਣੀ ਵੱਲੋਂ ਦਰਸਾਏ ਮਾਰਗ ਤੇ ਚੱਲਣ ਸਬੰਧੀ ਚਾਨਣਾ ਪਾਇਆ ਗਿਆ।

ਇਸ ਮੌਕੇ ਤੇ ਛੋਟੀ ਉਮਰ ਦੇ ਸਕੂਲੀ ਬੱਚਿਆਂ ਵੱਲੋਂ ਵੀ ਸਮੂਹਿਕ ਤੌਰ ਤੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਕਤ ਗੁਰੂ ਘਰਾਂ ਦੇ ਬਾਹਰਵਾਰ ਮੌਜੂਦ ਖੁੱਲੇ ਮੈਦਾਨਾਂ ਚ ਸਥਾਨਕ ਪਰਿਵਾਰਾਂ ਵੱਲੋਂ ਇੱਥੇ ਪੁੱਜੀਆਂ ਸੰਗਤਾਂ ਦੀ ਸਹੂਲਤ ਲਈ ਵੱਖ ਵੱਖ ਤਰ੍ਹਾਂ ਦੇ ਸਵਾਦਲੇ ਪਦਾਰਥਾਂ ਵਾਲੇ ਲਗਾਏ ਗਏ ਅਤੁੱਟ ਲੰਗਰ ਵੀ ਸਾਰਾ ਦਿਨ ਨਿਰੰਤਰ ਚਲਦੇ ਦਿਖਾਈ ਦਿੱਤੇ। ਇਸ ਮੌਕੇ ਤੇ ਵੱਖ-ਵੱਖ ਗੁਰੂ ਘਰਾਂ 'ਚ ਸੁਸ਼ੋਭਿਤ ਨਿਸ਼ਾਨ ਸਾਹਿਬ ਉੱਪਰ ਨਵਾਂ ਕੇਸਰੀ ਚੋਲਾ ਚੜਾਏ ਜਾਣ ਦੀਆਂ ਸੇਵਾਵਾਂ ਵੀ ਕੀਤੀਆਂ ਗਈਆਂ।


RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®

CalBRE # 01418648

Honesty Starts From Here

SELL OR BUY

Residential • Business • Commercial Lease • Investment Property and Land

Serving in Greater Sacramento area since 2004

Cell: 916-628-2210

Fax: 916-745-3424

Office: 916-285-1000

Email : Dil.Realtor@gmail.com

2081 Arena Blvd # 100 Sacramento, CA 95834





# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com

(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਕੈਲੀਫੋਰਨੀਆਂ ਦੇ ਸ਼ਹਿਰ ਸੈਲਮਾ ਵਿਖੇ 31 ਵੇ ਸਲਾਨਾ ਨਗਰ ਕੀਰਤਨ ਨੇ ਸਿਰਜ਼ਿਆ ਖਾਲਸਾਈ ਰੰਗ





**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ ਫਰਿਜ਼ਨੋ ਦੇ ਨਜ਼ਦੀਕੀ ਸ਼ਹਿਰ ਸੈਲਮਾ ਦੇ ਗੁਰਦੁਆਰਾ "ਸਿੱਖ ਸੈਂਟਰ ਆਫ ਪੈਸ਼ੀਫਿਕ ਕੌਸਟ" ਵਿਖੇ ਸੈਂਟਰਲ ਵੈਲੀ ਵਿਖੇ ਵਿਸਾਖੀ ਨੂੰ ਸਮਰਪਿਤ 31 ਵੇ ਵਿਸਾਲ ਨਗਰ ਕੀਰਤਨ ਹੋਇਆ। ਜਿਸ ਸਮੇਂ ਸਿੱਖ ਸੰਗਤਾਂ ਅਤੇ ਰਾਗੀ-ਢਾਡੀ, ਕਥਾ ਵਾਚਕ, ਕੀਰਤਨੀ ਜੱਥਿਆ ਨੇ ਸਿਰਕਤ ਕੀਤੀ। ਇਸੇ ਤਰਾਂ ਇਲਾਕੇ ਦੇ ਸੰਬੰਧਤ ਅਧਿਕਾਰੀਆਂ ਅਤੇ ਰਾਜਨੀਤਿਕ ਪ੍ਰਤੀਨਿਧੀਆਂ ਨੇ ਹਾਜ਼ਰੀ ਭਰੀ। ਸਵੇਰ ਸਮੇਂ ਗੁਰੂਘਰ ਵਿਖੇ ਕੀਰਤਨ ਅਤੇ ਗੁਰਮਤਿ ਵਿਚਾਰਾ ਆਦਿਕ ਤੋਂ ਇਲਾਵਾ ਇਲਾਕੇ ਅਧਿਕਾਰੀਆਂ ਅਤੇ ਗੁਰੂਘਰ ਮੁੱਖ ਪ੍ਰਬੰਧਕਾਂ ਨੇ ਵਿਚਾਰਾ ਦੀ ਸਾਂਝ ਪਾਈ।

ਨਗਰ ਕੀਰਤਨ ਦੀ ਸੁਰੂਆਤ ਅਰਦਾਸ ਕਰਨ ਉਪਰੰਤ ਅਮਰੀਕਾ ਦੇ ਰਾਸ਼ਟਰੀ ਝੰਡੇ ਅਤੇ ਕੈਲੀਫੋਰਨੀਆਂ ਸਟੇਟ ਦੇ ਝੰਡੇ ਮਗਰ ਪੰਜਾਂ ਪਿਆਰਿਆ ਦੀ ਅਗਵਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਜੇ ਫਲੌਟ ਮਗਰ ਅਨੇਕਾ ਸਿੱਖ ਧਰਮ ਨਾਲ ਸੰਬੰਧਿਤ ਝਾਕੀਆਂ ਇਕ ਨਵੇਂ ਵਸੇਂ ਅਮੈਰੀਕਨ ਪੰਜਾਬ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਜਿਸ ਦੌਰਾਨ ਜ਼ੈਕਾਰਿਆ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਗੁਰੂਘਰ ਤੋਂ ਰਵਾਨਗੀ ਹੋਈ। ਇਸੇ ਤਰ੍ਹਾਂ ਨਗਰ ਕੀਰਤਨ ਦੌਰਾਨ ਪ੍ਰਫੁੱਲਿਤ ਹੋਈ ਸਿੱਖੀ ਦੀ ਮੂੰਹ ਬੋਲਦੀ ਤਸਵੀਰ ਚਾਰ ਚੁਫੇਰੇ ਲਿਸ਼ਕਦੀਆਂ ਕੇਸ਼ਰੀ ਅਤੇ ਰੰਗ-ਬਰੰਗੀਆਂ ਪੱਗਾਂ ਅਤੇ ਚੁੰਨੀਆਂ ਦੁਆਰਾ ਆਮ ਦਿਸ ਰਹੀ ਸੀ। ਜਿਸ ਵਿੱਚ ਬੱਚਿਆ ਬਜੁਰਗਾਂ ਤੋਂ ਇਲਾਵਾ ਸਮੂੰਹ ਧਰਮਾ ਦੀਆਂ ਸੰਗਤਾਂ ਨੇ ਰਲ ਕੇ ਹਾਜ਼ਰੀ ਭਰੀ। ਨਗਰ ਕੀਰਤਨ ਦਾ ਦ੍ਰਿਸ਼ ਬਹੁਤ ਹੀ ਅਲੌਕਿਕ ਅਤੇ ਰੂਹਾਨੀ ਭਰਿਆ ਸੀ। ਸੰਗਤਾਂ ਪਾਲਕੀ ਸਾਹਿਬ ਦੇ ਮਗਰ ਵਾਹਿਗੂਰੂ ਸਿਮਰਨ ਅਤੇ ਸਬਦ ਗਾਇਨ ਕਰਦੀਆਂ ਜਾ ਰਹੀਆਂ ਸਨ। ਨਗਰ ਕੀਰਤਨ ਨਾਲ ਬਹੁਤ ਸਾਰੇ ਫਲੌਟ ਸਿੱਖ ਇਤਿਹਾਸ ਨਾਲ ਸੰਬੰਧਿਤ ਤਸਵੀਰਾਂ ਅਤੇ ਚੜਦੀਕਲਾ ਦਾ ਸੁਨੇਹਾ ਦਿੰਦੇ ਹੋਏ ਚੱਲ ਰਹੇ ਸਨ।

ਨਗਰ ਕੀਰਤਨ ਦੌਰਾਨ ਮੌਸਮ ਬਹੁਤ ਵਧੀਆ ਰਿਹਾ। ਸੰਗਤਾਂ ਵਿੱਚ ਵੀ ਭਾਰੀ ਉਤਸ਼ਾਹ ਹੋਣ ਕਰਕੇ ਨਗਰ ਕੀਰਤਨ ਵਿੱਚ ਭਾਰੀ ਹਜਾਰਾਂ ਦੀ ਗਿਣਤੀ ਵਿੱਚ ਸੰਗਤ ਦੀ ਇਕੱਤਰਤਾ ਜੁੜੀ ਹੋਈ ਸੀ। ਨਗਰ ਕੀਰਤਨ ਦੌਰਾਨ ਗੁਰੂਘਰ ਅੰਦਰ ਵੱਖ ਵੱਖ ਸੁਆਦਿਸ਼ਟ ਖਾਣਿਆਂ ਦੇ ਸਟਾਲ ਲੱਗੇ ਹੋਏ ਸਨ। ਜਿੰਨ੍ਹਾਂ ਦਾ ਸੰਗਤਾਂ ਨੇ ਖੂਬ ਅਨੰਦ ਮਾਣਿਆ। ਗੁਰੂਘਰ ਅੰਦਰ "ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆ" ਵੱਲੋਂ ਫਰੀ ਦਸਤਾਰਾ ਦਾ ਬੂਥ ਅਤੇ ਹੋਰ ਜਾਣਕਾਰੀ ਮੁਹੱਈਆ ਕਰਦੇ ਅਨੇਕਾਂ ਬੂਥ ਲੱਗੇ ਹੋਏ ਸਨ।

ਇਸ ਤੋਂ ਇਲਾਵਾ ਬਸਤਾ ਅਤੇ ਰਸਤਾ ਦੀਆਂ ਦੁਕਾਨਾ ਵੀ ਭਾਰਤੀ ਮੇਲੇ ਦੀ ਤਸਵੀਰ ਪੇਸ਼ ਕਰ ਰਹੀਆਂ ਸਨ। ਇਸ ਸਮੁੱਚੇ ਨਗਰ ਕੀਰਤਨ ਵਿੱਚ ਸੰਗਤਾ ਦੇ ਹਜ਼ਾਰਾ ਦੀ ਗਿਣਤੀ ਵਿੱਚ ਸੰਗਤਾਂ ਦੇ ਭਾਰੀ ਇਕੱਠ ਨੇ ਆਪਣੇ ਸਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜ਼ਰੀਆਂ ਭਰੀਆਂ।

ਨਗਰ ਕੀਰਤਨ ਦੌਰਾਨ ਸਥਾਨਿਕ ਪੁਲੀਸ, ਸ਼ੈਰਫ ਡਿਪਾਰਟਮੈਂਟ ਅਤੇ ਪ੍ਰਾਈਵੇਟ ਸਕਿਉਰਟੀ ਦੁਆਰਾ ਸੁਰੱਖਿਆ ਦੇ ਪ੍ਰਬੰਧ ਬਹੁਤ ਵਧੀਆਂ ਅਤੇ ਮਜਬੂਤ ਕੀਤੇ ਗਏ ਸਨ। ਇਸ ਨਗਰ ਕੀਰਤਨ ਦੀ ਸਫਲਤਾ ਲਈ ਗੁਰੂਘਰ ਦੇ ਪ੍ਰਬੰਧਕ, ਇਲਾਕੇ ਭਰ ਦੇ ਗੁਰੂਘਰ ਅਤੇ ਸੰਗਤਾਂ ਵਧਾਈ ਦੇ ਪਾਤਰ ਹਨ। ਜਿੰਨ੍ਹਾਂ ਸਭ ਦੇ ਸਹਿਯੋਗ ਸਦਕਾ ਇਹ ਨਗਰ ਕੀਰਤਨ ਯਾਦਗਾਰੀ ਹੋ ਨਿਬੜਿਆ।






# ਡਾ. ਬੀ. ਆਰ. ਅੰਬੇਡਕਰ ਜੀ ਦੇ ਜਨਮ ਦਿਹਾੜੇ 'ਤੇ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੇ ਆਗੂਆਂ ਨੇ ਬਾਬਾ ਸਾਹਿਬ ਨੂੰ ਸ਼ਰਧਾ ਸੁਮਨ ਕੀਤੇ ਭੇਟ

## ਬਾਬਾ ਸਾਹਿਬ ਜੀ ਇੱਕ ਵਕੀਲ, ਅਰਥਸ਼ਾਸਤਰੀ, ਸਿਆਸਤਦਾਨ ਅਤੇ ਸਮਾਜ ਸੁਧਾਰਕ ਸਨ – ਆਗੂ

**ਫ਼ਗਵਾੜਾ (ਬੀ.ਕੇ. ਰੱਤੂ)–** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਵਲੋਂ ਪ੍ਰਧਾਨ ਮੋਹਣ ਸਿੰਘ ਭੱਟੀ, ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ, ਪ੍ਰੈਸ ਸਕੱਤਰ ਸੀਤਲ ਰਾਮ ਬੰਗਾ, ਜਸਵਿੰਦਰ ਸਿੰਘ, ਹਰਭਜਨ ਲਾਲ, ਸਾਧੂ ਰਾਮ ਜੱਖੂ, ਹਰਭਜਨ ਲਾਲ ਕੌਲ, ਕੇ ਕੇ ਪਾਂਡੇ, ਹਰਚਰਨ ਭਾਰਤੀ, ਸੁਖਦੇਵ ਸਿੰਘ, ਸੁਰਜੀਤ ਸਿੰਘ ਮਾਹੀ ਆਦਿ ਪੈਨਸ਼ਨਰਾਂ ਨੇ ਹਰਿਗੋਬਿੰਦ ਨਗਰ ਫ਼ਗਵਾੜਾ ਦੇ ਪਾਰਕ ਵਿੱਚ ਪੁੱਜ ਕੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਅਤੇ ਭਾਰਤ ਰਤਨ ਡਾ. ਬੀ. ਆਰ. ਅੰਬੇਦਕਰ ਜੀ ਦੇ 135 ਵੇਂ ਜਨਮ ਦਿਹਾੜੇ ਤੇ ਉਹਨਾਂ ਦੇ ਬੁੱਤ ਤੇ ਫੁੱਲ ਮਾਲਾਵਾਂ ਪਾ ਕੇ ਸਤਿਕਾਰ ਸਹਿਤ ਸ਼ਰਧਾ ਸੁਮਨ ਭੇਟ ਕੀਤੀ। ਇਸ ਸਮੇਂ ਇੱਕਠੇ ਹੋਏ ਪੈਨਸ਼ਨਰ ਸਾਥੀਆਂ ਨੇ ਕਿਹਾ ਕਿ ਉਹਨਾਂ ਦੇ ਨੀਤੀ ਵਾਕ:- "ਪੜ੍ਹੋ, ਜੁੜੋ ਅਤੇ ਸੰਗਠਿਤ" ਹੋਵੋ ਤੇ ਪਹਿਰਾ ਦਿੰਦੇ ਹੋਏ ਸਮਾਜ ਦੇ ਸਮੂਹ ਵਰਗਾਂ ਦੇ ਦੱਬੇ ਕੁੱਚਲੇ ਲੋਕਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਯਤਨ ਜਾਰੀ ਰੱਖੇ ਜਾਣਗੇ। ਇਹੋ ਹੀ ਉਹਨਾਂ ਨੂੰ ਸੱਚੀ ਸੁੱਚੀ ਸ਼ਰਧਾ ਸੁਮਨ ਹੋ ਸਕਦੀ ਹੈ।

ਉਹਨਾਂ ਦੱਸਿਆ ਕਿ ਡਾ. ਅੰਬੇਦਕਰ ਜੀ ਇੱਕ




ਵਕੀਲ, ਅਰਥਸ਼ਾਸਤਰੀ, ਸਿਆਸਤਦਾਨ ਅਤੇ ਸਮਾਜ ਸੁਧਾਰਕ ਸਨ। ਉਹਨਾਂ ਦੀ ਸਫਲਤਾ ਦਾ ਰਾਜ ਉਹਨਾਂ ਦਾ ਹਰ ਪੱਖ ਤੋਂ ਗਿਆਨਵਾਨ ਹੋਣਾ ਸੀ, ਜਿਸਨੂੰ ਉਹਨਾਂ ਨੇ ਪੜ੍ਹ ਲਿਖ ਕੇ ਅਤੇ ਆਪਣੀ ਜ਼ਿੰਦਗੀ ਦੇ ਤਜਰਬਿਆਂ ਰਾਹੀਂ ਹਾਸਲ ਕੀਤਾ ਅਤੇ ਦੁਨੀਆ ਦੇ ਪ੍ਰਮੁੱਖ ਬੁੱਧੀਜੀਵੀਆਂ ਦੀ ਸ਼੍ਰੇਣੀ ਵਿੱਚ ਸਥਾਨ ਪ੍ਰਾਪਤ ਕੀਤਾ।

ਆਗੂਆਂ ਨੇ ਕਿਹਾ ਕਿ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਵਲੋਂ ਫਿਰਕੂ ਅਤੇ ਫਾਸ਼ੀਵਾਦੀ ਨੀਤੀਆਂ ਤੇ ਚੱਲਦੇ ਹੋਏ ਡਾ. ਅੰਬੇਦਕਰ ਜੀ ਦੁਆਰਾ ਲਿਖੇ ਗਏ ਸੰਵਿਧਾਨ ਨੂੰ ਤਹਿਸ ਨਹਿਸ ਕਰਨ ਦੀਆਂ ਕੋਝੀਆਂ ਚਾਲਾਂ ਚੱਲਦੇ ਹੋਏ ਫਿਰ ਮਨੂ ਸਿਮਰਤੀ ਲਾਗੂ ਕਰਨ ਵੱਲ ਨੂੰ ਵਧਿਆ ਜਾ ਰਿਹਾ। ਸੋ, ਡਾ. ਅੰਬੇਦਕਰ ਜੀ ਦੁਆਰਾ ਲਿਖੇ ਗਏ ਸੰਵਿਧਾਨ ਨੂੰ ਬਚਾਉਣ ਲਈ ਅਤੇ ਉਸ ਅਨੁਸਾਰ ਦੇਸ਼ ਨੂੰ ਚੱਲਦਾ ਰੱਖਣ ਲਈ ਸਮੂਹ ਇਨਸਾਫ਼ ਪਸੰਦ ਲੋਕਾਂ, ਧਰਮ ਨਿਰਪੱਖ ਪਾਰਟੀਆਂ ਅਤੇ ਡਾ।ਅੰਬੇਦਕਰ ਜੀ ਦੇ ਪੈਰੋਕਾਰਾਂ ਨੂੰ ਗੰਭੀਰਤਾ ਨਾਲ ਇੱਕ ਜੁੱਟ ਹੋ ਕੇ ਸੰਵਿਧਾਨ ਦੀ ਰਾਖੀ ਲਈ ਤੁਰਨਾ ਮੌਜੂਦਾ ਸਮੇਂ ਦੀ ਅਹਿਮ ਲੋੜ ਬਣ ਗਈ ਹੈ।

# ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਬੌਬੀ ਰੱਲ੍ਹ ਦੀ ਪਲੇਠੀ ਪੁਸਤਕ 'ਸਿੱਧੇ ਬੰਦੇ ਦੀਆਂ ਸਿੱਧੀਆਂ ਗੱਲਾਂ' ਰਿਲੀਜ਼

**ਯੂਬਾ ਸਿਟੀ–** ਦੁਆਬੇ ਦੇ ਪ੍ਰਸਿੱਧ ਸ਼ਹਿਰ ਬੰਗਾ ਤੋਂ 5 ਕਿਲੋਮੀਟਰ ਦੂਰ ਪਹਾੜੀ ਦਿਸ਼ਾ ਵਿਚ ਵੱਸੇ ਪਿੰਡ ਲਧਾਣਾ ਉਚਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਸੂਝਵਾਨ ਕਲਮ ਬੌਬੀ ਰੱਲ੍ਹ (ਬਲਜਿੰਦਰ ਕੁਮਾਰ) ਦੁਆਰਾ ਲਿਖਤ ਆਪਣੀ ਪਲੇਠੀ ਕਿਤਾਬ



'ਸਿੱਧੇ ਬੰਦੇ ਦੀਆਂ ਸਿੱਧੀਆਂ ਗੱਲਾਂ' ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੁਆਰਾ ਲੋਕ ਅਰਪਣ ਕੀਤੀ ਗਈ। ਮਜ਼ਬੂਤ ਸੰਕਲਪ, ਦ੍ਰਿੜ੍ਹਤਾ ਅਤੇ ਪ੍ਰਪੱਕਤਾ ਨਾਲ ਔਖੀਆਂ ਘਾਟੀਆਂ ਸਰ ਕਰਦੇ ਬੌਬੀ ਰੱਲ੍ਹ ਨੇ ਆਪਣੀ ਇਸ ਕਿਤਾਬ ਵਿਚ ਆਪਣੇ ਦਿਲ ਵਿਚ ਅਨੇਕਾਂ ਸੁਪਨੇ ਸੰਜੋਏ, ਆਪਣੇ ਅਧੂਰੇ ਅਰਮਾਨਾਂ ਨੂੰ ਮੰਜ਼ਿਲ ਤੱਕ ਪਹੁੰਚਾਉਣ ਲਈ ਲਈ ਪੰਜਾਬ ਮਾਂ ਬੋਲੀ ਦੀ ਚੜ੍ਹਦੀਕਲਾ ਲਈ ਤੱਤਪਰ ਬੌਬੀ ਰੱਲ੍ਹ ਖੰਡ ਮਿਸ਼ਰੀ ਵਰਗੇ ਮਿੱਠੇ ਸੁਭਾ ਅਤੇ ਖੁਸ਼ ਤਬੀਅਤ ਦੇ ਮਾਲਕ ਹਨ, ਨੇ ਆਪਣੀ ਇਸ ਕਿਤਾਬ ਦੀ ਰਚਨਾ ਵਿਚ ਵੀ ਭਰਪੂਰ ਮਿਹਨਤ ਕੀਤੀ। ਉਹਨਾਂ ਦੀ ਪੁਸਤਕ ਦਾ ਸਾਰ ਹੈ ਕਿ ਆਤਮਕ




ਬਣ ਕੇ ਬੁੱਧੀ ਦਾ ਵਿਕਾਸ ਰੋਕ ਲੈਣਾ ਮੂਰਖਤਾ ਹੈ। ਨਾਸਤਿਕ ਬਣ ਕੇ ਇਨਸਾਨੀਅਤ ਪੱਖੀ ਸੋਚ ਤੋਂ ਅਵਾਰਾ ਹੋਣਾ ਵੀ ਮੂਰਖਤਾ ਹੈ। ਨਾ ਨਾਸਤਿਕ ਬਣੋ, ਨਾ ਆਸਤਿਕ ਬਣੋ ਭਾਵ ਚੰਗੇ ਇਨਸਾਨ ਬਣਨ ਦੀ ਇੱਛਾ ਰੱਖੋ। ਬਾਕੀ ਸਭ ਭੁੱਲ ਜਾਓ ਕੀ ਹੋਣਾ ਹੈ ਤੇ ਕੀ ਹੋਵੇਗਾ।

ਕਿਤਾਬ ਮੰਗਵਾਉਣ ਲਈ ਸੰਪਰਕ ਪਤਾ: ਬੌਬੀ ਰੱਲ੍ਹ (ਬਲਜਿੰਦਰ ਕੁਮਾਰ) ਪਿੰਡ ਲਧਾਣਾ ਉਚਾ, ਡਾਕ ਲਧਾਣਾ ਝਿੱਕਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਹੇ। ਮੋਬਾਇਲ ਨੰ: 86994-34613

# ਡਾ. ਅੰਬੇਡਕਰ ਵੱਲੋਂ ਲਿਖੇ ਸੰਵਿਧਾਨ ਦੀ ਬਦੌਲਤ ਹਰੇਕ ਨਾਗਰਿਕ ਨੂੰ ਮਿਲੇ ਮਨੁੱਖੀ ਅਧਿਕਾਰ: ਗੁਰਦੀਪ ਸਿੰਘ ਕੰਗ





**ਫਗਵਾੜਾ (ਬੀ. ਕੇ. ਰੱਤੂ)** ਹਿਊਮਨ ਰਾਈਟਸ ਕੌਂਸਲ (ਇੰਡੀਆ) ਦੇ ਸੂਬਾ ਸਕੱਤਰ ਗੁਰਦੀਪ ਸਿੰਘ ਕੰਗ ਨੇ ਸੰਵਿਧਾਨ ਨਿਰਮਾਤਾ ਡਾ. ਬੀ.ਆਰ. ਅੰਬੇਡਕਰ ਦੇ ਜਨਮ ਦਿਵਸ 'ਤੇ ਅੱਜ ਆਪਣੇ ਸਾਥੀਆਂ ਸਮੇਤ ਸਥਾਨਕ ਗੁਰੂ ਹਰਗੋਬਿੰਦ ਨਗਰ ਵਿਖੇ ਸਥਾਪਤ ਡਾ. ਅੰਬੇਡਕਰ ਦੇ ਬੁੱਤ ਨੂੰ ਫੁੱਲ ਭੇਟ ਕਰਕੇ ਨਿੱਘੀ ਸ਼ਰਧਾਂਜਲੀ ਦਿੱਤੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਆਜ਼ਾਦ ਭਾਰਤ ਦੇ ਹਰੇਕ ਨਾਗਰਿਕ ਨੂੰ ਜੋ ਅਧਿਕਾਰ ਪ੍ਰਾਪਤ ਹਨ, ਉਹ ਡਾ. ਅੰਬੇਡਕਰ ਦੁਆਰਾ ਲਿਖੇ ਗਏ ਭਾਰਤੀ ਸੰਵਿਧਾਨ ਦੀ ਬਦੌਲਤ ਮਿਲੇ ਹਨ। ਸਾਰੇ ਭਾਰਤੀਆਂ ਨੂੰ ਡਾ. ਅੰਬੇਡਕਰ ਦੇ ਪ੍ਰਤੀ ਸ਼ਰਧਾ ਦੀ ਭਾਵਨਾ ਰੱਖਣੀ ਚਾਹੀਦੀ ਹੈ। ਉਨ੍ਹਾਂ ਸਮੂਹ ਫਗਵਾੜਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬਾਬਾ ਸਾਹਿਬ ਡਾ। ਅੰਬੇਡਕਰ ਤੋਂ ਪ੍ਰੇਰਨਾ ਲੈਣ ਅਤੇ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਪ੍ਰਾਪਤ ਕਰਵਾਉਣ ਤਾਂ ਜੋ ਅਗਲੀਆਂ ਪੀੜ੍ਹੀਆਂ ਚੰਗੇ ਡਾਕਟਰ, ਵਕੀਲ, ਇੰਜੀਨੀਅਰ, ਲੇਖਕ, ਪੱਤਰਕਾਰ ਜਾਂ ਕਾਰੋਬਾਰੀਆਂ ਵਜੋਂ ਨਵੇਂ ਤੇ ਵਿਕਸਤ ਭਾਰਤ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ।

ਇਸ ਦੌਰਾਨ ਕੌਂਸਲ ਦੇ ਫਗਵਾੜਾ ਪ੍ਰਧਾਨ ਸਤਵਿੰਦਰ ਸਿੰਘ ਭਮਰਾ, ਸਪੋਰਟਸ ਸੈੱਲ ਦੇ ਪ੍ਰਧਾਨ ਚੰਦਰਮੋਹਨ ਸ਼ਰਮਾ, ਹਰਮੇਸ਼ ਲਾਲ ਕੁਲਥਮ ਪ੍ਰਧਾਨ ਸਿੱਖਿਆ ਸੈੱਲ, ਲਲਿਤ ਸ਼ਰਮਾ ਵਾਈਸ ਪ੍ਰਧਾਨ ਵਪਾਰ ਸੈਲ, ਮਨੋਜ ਕੁਮਾਰ ਤੇ ਵਿੱਕੀ ਚੁੰਬਰ ਨੇ ਵੀ ਬਾਬਾ ਸਾਹਿਬ ਅੰਬੇਡਕਰ ਪ੍ਰਤੀ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ। ਡਾ. ਅੰਬੇਡਕਰ ਦੇ ਜਨਮ ਦਿਵਸ ਦੀ ਖੁਸ਼ੀ 'ਚ ਕੌਂਸਲ ਵੱਲੋਂ ਲੱਡੂ ਵੀ ਵੰਡੇ ਗਏ।



# 'ਬਾਬਾ ਸਾਹਿਬ ਦੇ ਸਮਾਨਤਾ ਆਧਾਰਿਤ ਸਮਾਜ ਦੇ ਸੁਪਨੇ ਨੂੰ ਸਾਕਾਰ ਕਰ ਰਹੀ ਹੈ- ਪੰਜਾਬ ਸਰਕਾਰ'

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਵਿਸ਼ਵ ਦੇ ਮਹਾਨ ਦਾਰਸ਼ਨਿਕ, ਅਰਥਸ਼ਾਸਤਰੀ, ਸਮਾਜ ਸੁਧਾਰਕ, ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ 134ਵੇਂ ਜਨਮ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਅਗਵਾਈ ਹੇਠ ਡੀ. ਏ. ਐਨ ਕਾਲਜ ਆਫ ਐਜੂਕੇਸ਼ਨ ਫਾਰ ਵਿਮਨ ਨਵਾਂਸ਼ਹਿਰ ਵਿਖੇ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਵਿਧਾਇਕ ਬੰਗਾ ਅਤੇ ਪੰਜਾਬ ਕੰਟੇਨਰ ਤੇ ਵੇਅਰਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਡਾ. ਸੁਖਵਿੰਦਰ ਕੁਮਾਰ ਸੁੱਖੀ, ਵਿਧਾਇਕ ਨਵਾਂਸ਼ਹਿਰ ਡਾ ਨਛੱਤਰ ਪਾਲ, ਪੰਜਾਬ ਰਾਜ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਦੇ ਉੱਪ ਚੇਅਰਮੈਨ ਲਲਿਤ ਮੋਹਨ ਪਾਠਕ ਬੱਲੂ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਨਗਰ ਸੁਧਾਰ ਟਰੱਸਟ ਨਵਾਂਸ਼ਹਿਰ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਨਗਰ ਕੌਂਸਲ ਨਵਾਂਸ਼ਹਿਰ ਦੇ ਪ੍ਰਧਾਨ ਬਲਵਿੰਦਰ ਕੌਰ, ਮਾਰਕੀਟ ਕਮੇਟੀ ਨਵਾਂਸ਼ਹਿਰ ਦੇ ਚੇਅਰਮੈਨ ਗਗਨ ਅਗਨੀਹੋਤਰੀ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਦਿਆਂ ਬਾਬਾ ਸਾਹਿਬ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ। ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਡਾ. ਭੀਮ ਰਾਓ ਅੰਬੇਡਕਰ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਮਾਨਤਾ ਦੇ ਸਿਧਾਂਤ ਦੀ ਵਿਆਖਿਆ ਕਰਦਿਆਂ ਉਨਾਂ ਨੂੰ ਇਕ ਯੁੱਗ ਪਲਟਾਊ ਇਨਸਾਨ ਦੱਸਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਕੈਬਨਿਟ




ਵਿਚ 6 ਅਨੁਸੂਚਿਤ ਜਾਤੀਆਂ ਦੇ ਨਾਲ ਸਬੰਧਤ ਮੰਤਰੀ ਬਣਾ ਕੇ ਅਤੇ ਐਡਵੋਕੇਟ ਜਨਰਲ ਦਫ਼ਤਰ ਵਿਚ ਪਹਿਲੀ ਵਾਰ ਰਾਖਵਾਂਕਰਨ ਕਰਕੇ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦੇ ਸੁਪਨੇ ਨੂੰ ਸਹੀ ਮਾਅਨਿਆਂ ਵਿਚ ਸਾਕਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਾਬਾ ਸਾਹਿਬ ਦਾ ਜਨਮ ਦਿਵਸ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਮਨਾਇਆ ਗਿਆ ਹੈ, ਤਾਂ ਜੋ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਤੱਕ ਪਹੁੰਚਾਇਆ ਜਾ ਸਕੇ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਵਿਦਿਆਰਥੀਆਂ ਨੂੰ ਐਸ. ਸੀ. ਸਕਾਲਰਸ਼ਿਪ ਮੁਹੱਈਆ ਕਰਵਾਉਣਾ ਵੀ ਹੋਰ ਸੁਖਾਲ਼ਾ ਕਰ ਦਿੱਤਾ ਹੈ, ਤਾਂ ਜੋ ਹਰੇਕ ਲੋੜਵੰਦ ਵਿਦਿਆਰਥੀ ਉਚੇਰੀ ਸਿੱਖਿਆ ਤੋ ਵਾਂਝਾ ਨਾ ਰਹਿ ਸਕੇ।

ਪੰਜਾਬ ਸਰਕਾਰ ਦੇ ਯਤਨਾਂ ਸਦਕਾ ਅੱਜ ਪਹਿਲੀ ਵਾਰ ਹੋਇਆ ਹੈ ਕਿ ਹਰ ਨਾਗਰਿਕ ਬਾਬਾ ਸਾਹਿਬ ਦੇ ਜਨਮ ਦਿਵਸ ਨੂੰ ਮਨਾ ਰਿਹਾ ਹੈ, ਜਿਨ੍ਹਾਂ ਦਾ ਜੀਵਨ ਸਮਾਨਤਾ, ਨਿਆਂ, ਲੋੜਵੰਦ ਲੋਕਾਂ ਦੇ ਅਧਿਕਾਰਾਂ, ਛੂਆਛੂਤ ਅਤੇ ਜਾਤੀ ਪ੍ਰਥਾ ਦੇ ਖਿਲਾਫ਼ ਜੰਗ ਲਈ ਸਮਰਪਿਤ ਸੀ। ਉਨ੍ਹਾਂ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਨੇ ਸਾਨੂੰ ਸਰਬੋਤਮ ਸੰਵਿਧਾਨ ਲਿਖ ਕੇ ਦਿੱਤਾ ਹੈ ਅਤੇ ਹੁਣ ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਇਸ ਸੰਵਿਧਾਨ ਵਿਚ ਮਿਲੇ ਅਧਿਕਾਰਾਂ ਅਤੇ ਫਰਜ਼ਾਂ ਨੂੰ ਤਨਦੇਹੀ ਨਾਲ ਮੰਨ ਕੇ ਸਮਾਜ ਅਤੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਪਾਈਏ।

ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਨੇ ਦੱਬੇ-ਕੁਚਲੇ ਲੋਕਾਂ ਅਤੇ ਔਰਤਾਂ ਨੂੰ ਬਰਾਬਰੀ ਅਤੇ ਤਰੱਕੀ ਦੇ ਹੱਕ ਦਿਵਾਏ। ਉਨ੍ਹਾਂ ਬੱਚਿਆਂ ਨੂੰ ਵੀ ਪੜ੍ਹ-ਲਿਖ ਕੇ ਉੱਚ ਮੁਕਾਮ ਹਾਸਲ ਕਰਨ ਦਾ ਸੱਦਾ ਦਿੱਤਾ। ਇਸ ਦੌਰਾਨ ਲੈਮਰਿਨ ਟੈਕ ਸਕਿਲ ਯੂਨੀਵਰਸਿਟੀ ਦੇ ਡਿਪਟੀ ਡਾਇਰੈਕਟਰ (ਆਈ.ਟੀ.) ਗੁਰਪ੍ਰੀਤ ਸਿੰਘ ਸੈਣੀ ਵੱਲੋਂ ਆਸ਼ੀਰਵਾਦ ਸਕੀਮ, ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਹੋਰਨਾਂ ਭਲਾਈ ਸਕੀਮਾਂ ਸਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੀਆਂ ਭਲਾਈ ਸਕੀਮਾਂ ਬਾਰੇ ਕਿਤਾਬਚਾ ਵੀ ਜਾਰੀ ਕੀਤਾ ਗਿਆ।

# ਡਾ. ਅੰਬੇਡਕਰ ਨੇ ਜਗਾਈ ਸਮਾਜ 'ਚ ਸਦਭਾਵਨਾ, ਸਮਾਨਤਾ ਤੇ ਸਮਾਜਿਕ ਨਿਆਂ ਦੀ ਅਲਖ – ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਥਾਨਕ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਭਾਰਤ ਰਤਨ ਡਾ. ਭੀਮ ਰਾ ਅੰਬੇਡਕਰ ਦੀ 134ਵੀਂ ਜੈਯੰਤੀ ਮੌਕੇ ਸਥਾਨਕ ਬੱਸ




ਸਟੈਂਡ ਨੇੜੇ ਅੰਬੇਡਕਰ ਚੌਕ ਵਿਖੇ ਸਥਿਤ ਬਾਬਾ ਸਾਹਿਬ ਦੀ ਮੂਰਤੀ 'ਤੇ ਫੁੱਲ ਭੇਟ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ, ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਡਾ। ਇਸ਼ਾਂਕ ਕੁਮਾਰ ਤੋਂ ਇਲਾਵਾ ਵੱਡੀ ਸੰਖਿਆ ਵਿਚ ਪਤਵੰਤੇ ਮੌਜੂਦ ਸਨ। ਵਿਧਾਇਕ ਜਿੰਪਾ ਨੇ ਇਸ ਮੌਕੇ ਕਿਹਾ ਕਿ ਡਾ. ਅੰਬੇਡਕਰ ਨੇ ਸਮਾਜ ਵਿੱਚ ਸਦਭਾਵਨਾ, ਸਮਾਨਤਾ ਅਤੇ ਸਮਾਜਿਕ ਨਿਆਂ ਦੀ ਜੋ ਅਲਖ ਜਗਾਈ, ਉਹ ਅੱਜ ਵੀ ਪ੍ਰਸੰਗਿਕ ਹੈ। ਭਾਰਤੀ ਸੰਵਿਧਾਨ ਦਾ ਖਰੜਾ ਤਿਆਰ ਕਰਕੇ, ਉਨ੍ਹਾਂ ਨੇ ਨਾ ਸਿਰਫ਼ ਦੇਸ਼ ਨੂੰ ਦਿਸ਼ਾ ਦਿੱਤੀ ਸਗੋਂ ਕਮਜ਼ੋਰ, ਦਲਿਤ ਅਤੇ ਪਛੜੇ ਵਰਗਾਂ ਨੂੰ ਅਧਿਕਾਰ ਪ੍ਰਦਾਨ ਕਰਨ ਲਈ ਵੀ ਕੰਮ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ। ਸਮਾਜ ਵਿੱਚ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਸਮਾਜਿਕ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਜਿੰਪਾ ਨੇ ਕਿਹਾ ਕਿ ਸਾਨੂੰ ਅੱਜ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਡਾ. ਅੰਬੇਡਕਰ ਦੇ ਦਿਖਾਏ ਮਾਰਗ 'ਤੇ ਚੱਲ ਕੇ ਸਮਾਜ ਵਿੱਚ ਸਮਾਨਤਾ, ਭਾਈਚਾਰੇ ਅਤੇ ਨਿਆਂ ਦੀ ਭਾਵਨਾ ਨੂੰ ਮਜ਼ਬੂਤ ਕਰਾਂਗੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਚੇਅਰਮੈਨ ਨਗਰ ਸੁਧਾਰ ਟਰੱਸਟ ਗੁਰਵਿੰਦਰ ਸਿੰਘ ਪਾਬਲਾ, ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਕਰਮਜੀਤ ਕੌਰ, ਮੈਂਬਰ ਗਊਸੇਵਾ ਕਮਿਸ਼ਨ ਜਸਪਾਲ ਸਿੰਘ ਚੇਚੀ, ਵਾਈਸ ਚੇਅਰਮੈਨ ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਹਰਮਿੰਦਰ ਸਿੰਘ ਬਖਸ਼ੀ, ਪ੍ਰਧਾਨ ਬੁੱਧੀਜੀਵੀ ਸੈੱਲ ਸਤਵੰਤ ਸਿੰਘ ਸਿਆਣ, ਹਰਿੰਦਰ ਸਿੰਘ, ਬਲਾਕ ਪ੍ਰਧਾਨ ਜਸਪਾਲ ਸੁਮਨ, ਕੌਂਸਲਰ ਮੁਕੇਸ਼ ਮੱਲ, ਮਹਿਲਾ ਵਿੰਗ ਦੀ ਪ੍ਰਧਾਨ ਮਨਜੋਤ ਕੌਰ, ਮਨਜੀਤ ਸਿੰਘ ਆਦਿ ਵੀ ਮੌਜੂਦ ਸਨ।

# ਇਫਟੂ ਵੱਲੋਂ ਡਾਕਟਰ ਭੀਮ ਰਾਓ ਅੰਬੇਦਕਰ ਨੂੰ ਸ਼ਰਧਾਂਜਲੀਆਂ ਭੇਂਟ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਨਿਊ ਆਟੋ ਵਰਕਰ ਯੂਨੀਅਨ ਅਤੇ ਰੇਹੜੀ ਵਰਕਰ ਯੂਨੀਅਨ ਵਲੋਂ



ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦੇ 134ਵੇਂ ਜਨਮ ਦਿਵਸ ਮੌਕੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਅੰਬੇਡਕਰ ਚੌਂਕ ਵਿਚ ਡਾਕਟਰ ਬੀ।ਆਰ।ਅੰਬੇਡਕਰ ਦੇ ਬੁੱਤ ਤੇ ਫੁੱਲ ਮਾਲਾਵਾਂ ਪਹਿਨਾਉਣ ਉਪਰੰਤ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਆਗੂ ਅਵਤਾਰ ਸਿੰਘ ਤਾਰੀ, ਜਸਬੀਰ ਦੀਪ, ਜਿਲਾ ਪ੍ਰਧਾਨ ਗੁਰਦਿਆਲ ਰੱਕੜ, ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਆਟੋ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਕੁਮਾਰ ਬਛੌੜੀ, ਤਰਨਜੀਤ ਅਤੇ ਗੁਰਪ੍ਰੀਤ ਨੇ ਕਿਹਾ ਕਿ ਜਦੋਂ ਡਾ. ਅੰਬੇਡਕਰ ਦਾ ਜਨਮ ਹੋਇਆ ਉਸ ਸਮੇਂ ਭਾਰਤ ਜਗੀਰੂ ਵਿਚਾਰਧਾਰਾ ਵਿੱਚ ਜਕੜਿਆ ਛੂਤ ਛਾਤ ਜਾਤੀਵਾਦ ਪ੍ਰਥਾ ਅਧਾਰਤ ਜਮਾਤੀ ਸਮਾਜ ਵਿੱਚ ਵੰਡਿਆ ਹੋਇਆ ਸੀ। ਡਾਕਟਰ ਸਾਹਿਬ ਨੇ ਛੂਤ ਛਾਤ, ਜਾਤੀਵਾਦ ਦਾ ਜਬਰ ਆਪਣੇ ਪਿੰਡੇ ਤੇ ਹਡਾਉਂਦੇ ਆਪਣੀ ਪੜ੍ਹਾਈ ਮੁਕੰਮਲ ਕੀਤੀ ।1927 ਵਿੱਚ ਉਹਨਾਂ ਛੂਤ ਛਾਤ,ਜਾਤੀਵਾਦ ਦੇ ਖਿਲਾਫ ਆਪਣਾ ਸਘੰਰਸ਼ ਤੇਜ ਕਰ ਦਿੱਤਾ ਅਤੇ ਮਹਾਰਾਸ਼ਟਰ ਵਿੱਚ ਰਾਏਗੜ੍ਹ ਦੇ ਮਹਾੜ ਵਿੱਚ ਉਹਨਾਂ ਨੇ ਮੰਨੂੰ ਸਿਮਰਤੀ ਦੀ ਪੁਰਾਣੀ ਕਾਪੀ ਫੂਕ ਕੇ ਇਸ ਵਿਰੁੱਧ ਸੰਘਰਸ਼ ਜਾਰੀ ਰੱਖਣ ਦਾ ਸੱਦਾ ਦਿੱਤਾ। ਉਹ ਦੇਸ਼ ਦੇ ਪਹਿਲੇ ਲੇਬਰ ਮੰਤਰੀ ਬਣੇ, ਉਹਨਾਂ ਦਲਿਤਾਂ ਲਈ ਨੌਕਰੀਆਂ, ਜਮੀਨਾਂ ਦੇ ਅਧਿਕਾਰ ਸਮੇਤ ਬਹੁਤ ਸਾਰੇ ਕਾਨੂੰਨੀ ਉਪਰਾਲੇ ਕੀਤੇ।

ਉਹਨਾਂ ਵੱਲੋਂ ਦੇਸ਼ ਦੇ ਦਲਿਤ ਭਾਈਚਾਰੇ ਨੂੰ, ਪੜੋ ਜੁੜੋ ਸੰਘਰਸ਼ ਕਰੋ ਦੇ ਨਾਅਰੇ ਤਹਿਤ ਜਥੇਬੰਦ ਹੋਣ ਦਾ ਸੱਦਾ ਇਸ ਲਈ ਦਿੱਤਾ ਕਿ ਭਾਵੇਂ ਸੰਵਿਧਾਨ ਵਿੱਚ ਦੇਸ਼ ਦੇ ਮਿਹਨਤਕਸ਼ ਲੋਕਾਂ ਦੀ ਮੁਕਤੀ ਲਈ ਕਾਨੂੰਨੀ ਅਧਿਕਾਰ ਹਨ,ਪਰੰਤੂ ਇਹਨਾਂ ਅਧਿਕਾਰਾਂ ਨੂੰ ਜਥੇਬੰਦ ਹੋਣ ਉਪਰੰਤ ਹੀ ਲਾਗੂ ਕਰਾਇਆ ਜਾ ਸਕਦਾ ਹੈ। ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ ਨੇ ਦੱਸਿਆ ਕਿ ਇਫਟੂ ਵਲੋਂ ਪਹਿਲੀ ਮਈ ਨੂੰ ਕੌਮਾਂਤਰੀ ਮਜਦੂਰ ਦਿਵਸ ਵਿਸ਼ਵਕਰਮਾ ਮੰਦਰ ਰਾਹੋਂ ਰੋਡ ਨਵਾਂਸ਼ਹਿਰ ਵਿਖੇ ਜਿਲਾ ਪੱਧਰੀ ਮਨਾਇਆ ਜਾਵੇਗਾ। ਇਸ ਮੌਕੇ ਆਜਾਦ ਰੰਗਮੰਚ ਫਗਵਾੜਾ ਵਲੋਂ ਡਾਕਟਰ ਅੰਬੇਡਕਰ ਦੀ ਜਿੰਦਗੀ ਅਤੇ ਸੰਘਰਸ਼ਾਂ ਉੱਤੇ ਅਧਾਰਤ ਨਾਟਕ ਖੇਡਿਆ ਜਾਵੇਗਾ।

# ਡਾ. ਅੰਬੇਦਕਰ ਜੈਅੰਤੀ ਮੌਕੇ ਹੁਸ਼ਿਆਰ ਬੱਚਿਆਂ ਨੂੰ ਨਗਦ ਇਨਾਮ ਦਿੱਤੇ ਗਏ

**ਮਾਹਿਲਪੁਰ (ਮਾਨ)** ਇਥੋਂ ਚਾਰ ਕਿਲੋਮੀਟਰ ਦੂਰ ਪਿੰਡ ਮਹਿਮਦਵਾਲ ਦੇ ਸਰਕਾਰੀ ਮਿਡਲ ਸਕੂਲ ਦੇ ਅੱਠਵੀਂ ਜਮਾਤ ਦੇ ਪਹਿਲੀਆਂ ਥਾਵਾਂ ਹਾਸਲ ਕਰਨ ਵਾਲੇ ਕੁਲਜੀਤ ਕੌਰ, ਸੁਖਮਨ ਧਾਮੀ ਅਤੇ ਬੱਬਲ ਪ੍ਰੀਤ ਕੌਰ ਤਿੰਨ ਵਿਦਿਆਰਥਣਾਂ



ਨੂੰ ਡਾਕਟਰ ਅੰਬੇਦਕਰ ਜਿਯੰਤੀ ਮੌਕੇ ਨਗਦ ਇਨਾਮ ਅਤੇ ਕੀਮਤੀ ਪੁਸਤਕਾਂ ਦੇ ਸੈੱਟ ਪ੍ਰਦਾਨ ਕੀਤੇ ਗਏ। ਸ਼੍ਰੀ ਗਿਰਧਰੀ ਲਾਲ ਦੀ ਯਾਦ 'ਚ ਇਨਾਮੀ ਰਾਸ਼ੀ ਪ੍ਰਦਾਨ ਕਰਦਿਆਂ ਸੁਰ ਸੰਗਮ ਵਿੱਦਿਅਕ ਟਰੱਸਟ ਦੇ ਪ੍ਰਧਾਨ ਬਲਜਿੰਦਰ ਮਾਨ ਨੇ ਕਿਹਾ ਕਿ ਡਾਕਟਰ ਭੀਮ ਰਾ ਅੰਬੇਡਕਰ ਜੀ ਨੇ ਸਾਨੂੰ ਇਹੋ ਸੁਨੇਹਾ ਦਿੱਤਾ ਸੀ ਕਿ ਪੜ੍ਹ ਲਿਖ ਕੇ ਉੱਚੇ ਰੁਤਬੇ ਪ੍ਰਾਪਤ ਕਰੀਏ ਅਤੇ ਆਪਣੇ ਜੀਵਨ ਪੱਧਰ ਨੂੰ ਸੁਚੱਜਾ ਬਣਾਈਏ। ਇਸ ਲਈ ਅੱਜ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿ ਅਸੀਂ ਮਿਹਨਤ ਅਤੇ ਲਗਨ ਨਾਲ ਗਿਆਨ ਦੀ ਸ਼ਕਤੀ ਪ੍ਰਾਪਤ ਕਰਕੇ ਬਾਕੀ ਸਭ ਸ਼ਕਤੀਆਂ ਪ੍ਰਾਪਤ ਕਰੀਏ। ਉਹਨਾਂ ਵਿਦਿਆਰਥੀਆਂ ਨੂੰ ਬਾਬਾ ਸਾਹਿਬ ਦੇ ਜੀਵਨ ਤੋਂ ਪ੍ਰੇਰਲਾ ਲੈਣ ਦੀ ਨਸੀਹਤ ਵੀ ਕੀਤੀ। ਉਹਨਾਂ ਅੱਗੇ ਕਿਹਾ ਕਿ ਅੱਜ ਅਸੀਂ ਸਹੂਲਤਾਂ ਨਾਲ ਲੈਸ ਹੋ ਕੇ ਵੀ ਮਿਹਨਤ ਦਾ ਪੱਲਾ ਨਹੀਂ ਫੜ ਰਹੇ। ਜਿਹੜੇ ਹਿੰਮਤ ਅਤੇ ਹੌਸਲੇ ਨਾਲ ਔਕੜਾਂ ਨਾਲ ਮੱਥਾ ਲਾਉਂਦੇ ਹਨ ਉਹ ਉੱਚੀਆਂ ਮੰਜ਼ਿਲਾਂ ਤੇ ਪੁੱਜਦੇ ਹਨ । ਸਕੂਲ ਇੰਚਾਰਜ ਸੁਨੀਲ ਕੁਮਾਰ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਿੰਡ ਵਾਸੀਆਂ ਨੂੰ ਬੱਚਿਆਂ ਦੀ ਬਿਹਤਰੀ ਵਾਸਤੇ ਵੱਧ ਤੋਂ ਵੱਧ ਸਹਿਯੋਗ ਕਰਨਾ ਚਾਹੀਦਾ ਹੈ। ਉਹਨਾਂ ਅੱਗੇ ਕਿਹਾ ਕਿ ਮਾਪਿਆਂ ,ਬੱਚਿਆਂ ਤੇ ਅਧਿਆਪਕਾਂ ਦੇ ਸਾਂਝੇ ਯਤਨਾਂ ਨਾਲ ਹੀ ਸਿੱਖਿਆ ਦੀ ਪ੍ਰਕਿਰਿਆ ਮੁਕੰਮਲ ਹੋ ਸਕਦੀ ਹੈ। ਇਸ ਮੌਕੇ ਰਣਜੀਤ ਸਿੰਘ, ਮਲਕੀਤ ਕੌਰ ,ਜਸਵੀਰ ਕੌਰ ਸਮੇਤ ਵਿਦਿਆਰਥੀ, ਮਾਪੇ ਅਤੇ ਸਕੂਲ ਮੈਨੇਜਿੰਗ ਕਮੇਟੀ ਦੇ ਮੈਂਬਰ ਹਾਜ਼ਰ ਹੋਏ।

ਫੋਟੋ: ਪਹਿਲੀਆਂ ਥਾਵਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਨਗਦ ਇਨਾਮ ਨਾਮ ਪ੍ਰਦਾਨ ਕਰਦੇ ਹੋਏ ਬਲਜਿੰਦਰ ਮਾਨ, ਸੁਨੀਲ ਕੁਮਾਰ, ਜਸਵੀਰ ਕੌਰ, ਮਲਕੀਤ ਕੌਰ ਅਤੇ ਰਣਜੀਤ ਸਿੰਘ ਆਦਿ।

# ਮਿਲਟਰੀ ਪੁਲਿਸ ਲਈ ਚੁਣੀ ਗਈ ਪਿੰਡ ਮੈਲੀ ਦੀ ਰੂਚੀਕਾ

ਮਾਹਿਲਪੁਰ (ਮਾਨ) ਜ਼ਿਲ੍ਹਾ ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਤਹਿਸੀਲ ਦੇ ਬਲਾਕ ਮਾਹਿਲਪੁਰ ਵਿੱਚ ਪੈਂਦੇ ਪ੍ਰਸਿੱਧ ਪਿੰਡ ਮੈਲੀ ਦੀ ਰੂਚੀਕਾ ਦੀ ਚੋਣ ਕੋਰ ਆਫ ਮਿਲਟਰੀ ਪੁਲਿਸ ਵਿੱਚ ਹੋਈ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਸੀ ਐਮ ਪੀ ਲਈ ਪੰਜਾਬ ਵਿੱਚੋਂ ਪੰਜ ਤੇ ਪੂਰੇ ਭਾਰਤ ਵਿੱਚੋਂ 100 ਲੜਕੀਆਂ ਦੀ ਚੋਣ ਕੀਤੀ ਗਈ ਹੈ। ਰੂਚੀਕਾ ਖਾਲਸਾ ਕਾਲਜ ਮਾਹਿਲਪੁਰ ਦੀ ਬੀਐਸਸੀ ਭਾਗ ਪਹਿਲਾ ਵਿਦਿਆਰਥਣ ਅਤੇ ਐਨਸੀਸੀ ਦੀ ਬੀ ਸਰਟੀਫਿਕੇਟ ਹੋਲਡਰ ਕੈਡਿਟ ਹੈ। ਉਸਨੇ ਆਪਣੀ ਮਿਹਨਤ ਅਤੇ ਲਗਨ ਨਾਲ ਸਰੀਰਕ, ਲਿਖਤੀ ਅਤੇ ਮੈਡੀਕਲ ਟੈਸਟ ਮੈਰਿਟ ਵਿੱਚ ਰਹਿ ਕੇ ਪਾਸ ਕੀਤੇ ਹਨ। ਇਸ ਪ੍ਰਾਪਤੀ ਲਈ ਰੂਚਿਕਾ ਦਾ ਸਨਮਾਨ ਕਰਦਿਆਂ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਕਿਹਾ ਕਿ ਇਹ ਪੂਰੇ ਜ਼ਿਲ੍ਹੇ ਅਤੇ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਕੰਢੀ ਦੇ ਇੱਕ ਪਹਾੜੀ ਪਿੰਡ ਦੀ ਹੁੰਦੜਹੇਲ ਮੁਟਿਆਰ ਨੇ ਸ਼ਾਨਦਾਰ ਪ੍ਰਾਪਤੀ ਕਰਕੇ ਪਿੰਡ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸੁਰ-ਸੰਗਮ ਵਿੱਦਿਅਕ ਟਰੱਸਟ ਦੀ ਸਕੱਤਰ ਪ੍ਰਿੰ. ਮਨਜੀਤ ਕੌਰ ਨੇ ਕਿਹਾ ਕਿ ਰੂਚੀਕਾ ਨੇ ਆਪਣੇ ਦਾਦਾ ਸੰਤੋਖ ਸਿੰਘ ਅਤੇ ਦਾਦੀ ਗੁਰਮੀਤ ਕੌਰ ਤੋਂ ਪ੍ਰੇਰਨਾ ਲੈ ਕੇ ਇਸ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀ ਕੀਤੀ ਹੈ। ਪਿਤਾ ਅਵਤਾਰ ਸਿੰਘ ਅਤੇ ਮਾਤਾ ਕੁਸਮ ਲਤਾ ਦੱਸਿਆ ਕਿ ਬੱਚੀ ਤੜਕੇ 4 ਵਜੇ ਆਪਣਾ ਅਭਿਆਸ



ਆਰੰਭ ਕਰਦੀ ਰਹੀ ਅਤੇ ਕੌਮੀ ਪੱਧਰ ਦੇ ਐਨਸੀਸੀ ਕੈਂਪਾਂ ਵਿੱਚ ਸ਼ਾਮਿਲ ਹੋ ਕੇ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦੀ ਰਹੀ ਹੈ। ਰੂਚੀਕਾ ਅਤੇ ਪਰਿਵਾਰ ਨੂੰ ਵਧਾਈ ਦੇਣ ਵਾਲਿਆਂ ਵਿੱਚ ਸਾਹਿਤਕ, ਵਿੱਦਿਅਕ, ਸਮਾਜਿਕ, ਸੱਭਿਆਚਾਰਕ, ਖੇਡ ਅਤੇ ਮਿਲਟਰੀ ਨਾਲ ਸੰਬੰਧਿਤ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਿਲ ਹਨ। ਸਨਮਾਨ ਸਮਾਰੋਹ ਮੌਕੇ ਹਰਮਨਪ੍ਰੀਤ ਕੌਰ, ਹਰਵੀਰ ਮਾਨ, ਜੈਸਮੀਨ, ਪਾਲਕ, ਅਮਨਦੀਪ ਕੌਰ, ਮੁਨੀਸ਼ ਕੁਮਾਰੀ ਅਤੇ ਪਰਿਵਾਰਕ ਮੈਂਬਰਾਂ ਸਮੇਤ ਪਤਵੰਤੇ ਹਾਜ਼ਰ ਹੋਏ।

# ਕੌਲ ਬ੍ਰਦਰਜ਼ ਯੂਐਸਏ ਲੈ ਕੇ ਆਏ 'ਕਿੰਗ ਮੇਕਰ ਬਾਬਾ ਸਾਹਿਬ' ਕੇ ਐਸ ਮੱਖਣ ਦਾ ਦੂਸਰਾ ਟ੍ਰੈਕ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**– ਕੌਲ ਬ੍ਰਦਰਜ਼ ਮਿਊਜ਼ਿਕ ਅਤੇ ਕੌਲ ਫੈਮਲੀ ਜੰਡੂ ਸਿੰਘਾ ਦੀ ਫਖਰੀਆ ਪੇਸ਼ਕਸ਼ 'ਕਿੰਗ ਮੇਕਰ ਬਾਬਾ ਸਾਹਿਬ' ਦੇ ਟਾਈਟਲ ਹੇਠ ਇਕ ਮਿਸ਼ਨਰੀ ਗੀਤ ਜਿਸ ਨੂੰ ਕੌਲ ਬ੍ਰਦਰਜ਼ ਯੂਐਸਏ ਨੇ ਲਾਂਚ ਕੀਤਾ ਹੈ, ਪ੍ਰਸਿੱਧ ਗਾਇਕ ਕੇ ਐਸ ਮੱਖਣ ਦੀ ਆਵਾਜ਼ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ। ਇਸ ਟਰੈਕ ਦੇ ਲੇਖਕ ਬਾਲੀ ਕਰਿਆਮ ਹਨ। ਇਸ ਟ੍ਰੈਕ ਦੀ ਜਾਣਕਾਰੀ ਦਿੰਦਿਆਂ ਕੌਲ ਬ੍ਰਦਰਜ਼ ਯੂਐਸਏ ਨੇ ਦੱਸਿਆ ਕਿ ਕੇ ਐਸ ਮੱਖਣ ਪੰਜਾਬ ਦਾ ਸੁਪ੍ਰਸਿੱਧ ਗਾਇਕ ਕਲਾਕਾਰ ਹੈ, ਜਿਸ ਦੀ ਦਮਦਾਰ ਆਵਾਜ਼ ਵਿੱਚ ਬਾਬਾ ਸਾਹਿਬ ਦੇ ਜੀਵਨ ਅਤੇ ਇਤਿਹਾਸ ਨੂੰ ਵੱਖਰਾ ਰੰਗ ਦੇ ਕੇ ਇਸ ਟ੍ਰੈਕ ਨੂੰ ਰਿਕਾਰਡ ਕੀਤਾ ਗਿਆ ਹੈ। ਇਸ ਟ੍ਰੈਕ ਦੇ ਪੇਸ਼ਕਸ਼ ਸਰਬਜੀਤ ਕੌਲ ਮਿੰਟੂ ਜੰਡੂ ਸਿੰਘਾ ਅਤੇ ਸੈਂਡੀ ਕੌਲ ਯੂਐਸਏ ਹਨ। ਬਾਲੀ ਕਰਿਆਮ ਇਸ ਟ੍ਰੈਕ ਦੇ ਰਚੇਤਾ ਹਨ ਅਤੇ ਅਮਰ ਦਾ ਮਿਊਜ਼ਿਕ ਮਿਰਰ ਵਲੋਂ ਇਸਦਾ ਸੰਗੀਤ ਤਿਆਰ ਕੀਤਾ ਗਿਆ ਹੈ। ਬੀ ਬੀ ਸਟੂਡੀਓ ਨੇ ਇਸ ਦਾ ਮਿਕਸ ਮਾਸਟਰ ਤੇ ਪ੍ਰੋਡਿਊਸਰ ਚਰਨਜੀਤ ਰਾਏ ਕੌਲ ਯੂਐਸਏ ਹਨ। ਵੀਡੀਓ ਗੁਰਮੀਤ ਦੁੱਗਲ ਦਾ ਹੈ, ਡਿਜ਼ਾਇਨ ਮਨੀਸ਼ ਕੁਮਾਰ ਅਤੇ ਸਪੈਸ਼ਲ ਧੰਨਵਾਦ ਸ਼੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਯੂਐਸਏ ਇੰਜੀਨੀਅਰ ਰਣਜੀਤ ਮਾਹੀ ਦਾ ਕੌਲ ਬ੍ਰਦਰਜ਼ ਵਲੋਂ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਕੌਲ ਬ੍ਰਦਰਜ਼ ਕਦਮ ਦਰ ਕਦਮ ਆਪਣੇ ਰਹਿਬਰਾਂ ਦੇ ਮਿਸ਼ਨ ਨੂੰ ਸੰਗਤ ਤੱਕ ਪਹੁੰਚਾਉਂਦੇ ਹਨ ਅਤੇ ਮਿਸ਼ਨ ਦੀ ਲਾਮਬੰਦੀ ਲਈ ਉਹ ਹਮੇਸ਼ਾ ਸਾਰਥਿਕ ਯਤਨ ਪੱਟਦੇ ਰਹਿੰਦੇ ਹਨ। ਹਾਲ ਹੀ ਵਿੱਚ ਉਹਨਾਂ ਵੱਲੋਂ ਅਨਟਚੇਬਲ ਟਾਈਟਲ ਹੇਠ ਮਾਸਟਰ ਸਲੀਮ ਦਾ ਟ੍ਰੈਕ ਵੀ ਲਾਂਚ ਕੀਤਾ ਗਿਆ। ਮਾਸਟਰ ਸਲੀਮ ਅਤੇ ਕੇ ਐਸ ਮੱਖਣ ਦੋਨੋਂ ਹੀ ਕਲਾਕਾਰ ਪੰਜਾਬ ਦੀ ਸੁਰਮਈ ਆਵਾਜ਼ ਹਨ। ਜਿਨ੍ਹਾਂ ਦੀਆਂ ਆਵਾਜ਼ਾਂ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਸੰਕਲਪ ਦਾ ਗੁਣਗਾਨ ਇੱਕ ਵਿਲੱਖਣ ਕਾਰਜ ਹੈ ਜਿਸ ਲਈ ਕੌਲ ਬ੍ਰਦਰਜ਼ ਯੂਐਸਏ ਵਧਾਈ ਦੇ ਪਾਤਰ ਹਨ।




# ਮਾਸਟਰ ਸਲੀਮ ਦੇ ਗਾਏ ਗੀਤ "ਅਨਟੱਚਏਬਲ" ਦੀ ਚਰਚਾ ਹਰ ਪਾਸੇ

ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਜੀ ਅਤੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਬਚਨ ਬੱਧ ਕੌਲ ਬ੍ਰਦਰਜ਼ ਯੂ ਐਸ ਏ ਜੰਡੂ ਸਿੰਘਾ ਵਾਲੇ ਵਿਦੇਸ਼ ਦੀ ਧਰਤੀ ਤੇ ਬੈਠ ਕੇ ਰਹਿਬਰਾਂ ਦੇ ਮਿਸ਼ਨ ਨੂੰ ਅੱਗੇ ਵਧਾਉਂਦੇ ਹੋਏ ਇਸ ਵਾਰ ਬਾਬਾ ਸਾਹਿਬ ਅੰਬੇਡਕਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਵ ਪ੍ਰਸਿੱਧ ਗਾਇਕ ਮਾਸਟਰ ਸਲੀਮ ਦੀ ਸੁਰੀਲੀ ਅਤੇ ਦਮਦਾਰ ਆਵਾਜ਼ ਵਿਚ ਪਹਿਲੇ ਮਿਸ਼ਨਰੀ ਗੀਤ "ਅਨਟੱਚਏਬਲ" ਨੂੰ ਵਿਸ਼ਵ ਪੱਧਰ 'ਤੇ ਕੌਲ ਬ੍ਰਦਰਜ਼ ਮਿਊਜ਼ਿਕ ਕੰਪਨੀ ਯੂ ਐਸ ਏ ਵਲੋਂ ਰਿਲੀਜ਼ ਕੀਤਾ ਗਿਆ ਹੈ। ਇਸ ਗੀਤ ਦਾ ਚਰਚਾ ਹਰ ਪਾਸੇ ਹੋ ਰਹੀ ਹੈ ਕਿਉਂਕਿ ਇਸ ਗੀਤ ਨੂੰ ਕਲਮਬੱਧ ਕੀਤਾ ਹੈ ਫ਼ਿਲਮੀ ਗਾਇਕ ਗੀਤਕਾਰ ਅਤੇ ਸੰਗੀਤਕਾਰ ਜੱਗੀ ਸਿੰਘ ਨੇ ਇਸ ਗੀਤ ਦਾ ਸੰਗੀਤ ਵੀ ਜੱਗੀ ਸਿੰਘ ਵਲੋਂ ਤਿਆਰ ਕੀਤਾ ਗਿਆ ਹੈ ਅਤੇ ਇਸ ਗੀਤ ਦਾ ਵੀਡੀ ਫ਼ਿਲਮਾਂਕਣ ਵੀਡੀਓ ਡਾਇਰੈਕਟਰ ਜਸਵਿੰਦਰ ਬੱਲ ਵਲੋਂ ਕੀਤਾ ਗਿਆ ਹੈ। ਇਸ ਗੀਤ ਵਾਰੇ ਜਾਣਕਾਰੀ ਦਿੰਦੇ ਹੋਏ ਇੰਜੀਨੀਅਰ ਰਣਜੀਤ ਮਾਹੀ ਨੇ ਦੱਸਿਆ ਕਿ ਇਸ ਨੂੰ ਸਰਬਜੀਤ ਕੌਲ, ਮਿੰਟੂ ਜੰਡੂ ਸਿੰਘਾ ਅਤੇ ਸੈਂਡੀ ਕੌਲ ਯੂ ਐਸ ਏ ਵਲੋਂ ਪੇਸ਼ ਕੀਤਾ ਗਿਆ ਹੈ। ਇਸ ਗੀਤ ਦੇ ਪ੍ਰੋਡਿਊਸਰ ਚਰਨਜੀਤ ਰਾਏ ਕੌਲ ਹਨ ਅਤੇ ਇਸ ਗੀਤ ਨੂੰ ਰਿਲੀਜ਼ ਕਰਨ ਵਿੱਚ ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਦਾ ਵਿਸ਼ੇਸ਼ ਸਹਿਯੋਗ ਰਿਹਾ ਹੈ। ਇਸ ਗੀਤ ਨੂੰ ਯੂਟਿਊਬ ਅਤੇ ਵੱਖ ਵੱਖ ਸਾਈਟਾਂ ਤੇ ਰਿਲੀਜ਼ ਕੀਤਾ ਗਿਆ ਹੈ।

**- ਕੁਲਦੀਪ ਚੁੰਬਰ**




# ਗ਼ਦਰ ਪਾਰਟੀ ਸਥਾਪਨਾ ਦਿਹਾੜਾ ਸਮਾਗਮ 21 ਨੂੰ, ਨਵੀਂ ਖੇਤੀ ਅਤੇ ਮੰਡੀਕਰਨ ਨੀਤੀ 'ਤੇ ਹੋਏਗੀ ਚਰਚਾ

**ਜਲੰਧਰ**– ਮੁਲਕ ਦੀ ਆਜ਼ਾਦੀ ਲਈ ਜੂਝਣ ਵਾਲੀ ਇਨਕਲਾਬੀ ਪਾਰਟੀ, ਗ਼ਦਰ ਪਾਰਟੀ ਦੇ ਸਥਾਪਨਾ ਦਿਹਾੜੇ (21 ਅਪ੍ਰੈਲ 1913) ਨੂੰ ਸਿਜਦਾ ਕਰਨ ਅਤੇ ਗ਼ਦਰ ਪਾਰਟੀ ਦੀ ਪ੍ਰਸੰਗਕਤਾ ਉਭਾਰਨ ਲਈ 21 ਅਪ੍ਰੈਲ 2025 ਨੂੰ ਦਿਨੇ 10:30 ਵਜੇ ਦੇਸ਼ ਭਗਤ ਯਾਦਗਾਰ ਹਾਲ 'ਚ ਸਥਾਪਨਾ ਦਿਹਾੜਾ ਮਨਾਇਆ ਜਾਏਗਾ। ਇਸ ਮੌਕੇ ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਨਵੀਂ ਖੇਤੀ ਅਤੇ ਮੰਡੀਕਰਣ ਨੀਤੀ ਦਾ ਡਰਾਫ਼ਟ ਸਿਰਫ਼ ਖੇਤੀ ਜਾਂ ਕਿਸਾਨੀ ਦਾ ਉਜਾੜਾ ਹੀ ਨਹੀਂ ਕਰੇਗਾ ਸਗੋਂ ਇਹ ਮੁਲਕ ਦੇ ਵਿਸ਼ਾਲ ਲੋਕ-ਹਿੱਸਿਆਂ ਨੂੰ ਤਬਾਹੀ ਮੂੰਹ ਧੱਕਣ, ਦੇਸੀ ਬਦੇਸ਼ੀ ਕਾਰ-ਪੋਰੇਟ ਘਰਾਣਿਆਂ ਦਾ ਪੂਰੇ ਮੁਲਕ ਦੇ ਕੁਦਰਤੀ ਸਾਧਨਾਂ, ਕਾਰੋਬਾਰ ਅਤੇ ਕਿਰਤ ਸ਼ਕਤੀ ਉਪਰ ਮੁਕੰਮਲ ਕਬਜ਼ਾ ਕਰਾਉਣ ਦਾ ਮਾਰੂ ਹੱਲਾ ਸਾਡੇ ਦਰਵਾਜ਼ੇ 'ਤੇ ਦਸਤਕ ਦੇ ਰਿਹਾ ਹੈ। ਇਸ ਵਰਤਾਰੇ ਅਤੇ ਇਸਦੀ ਰੋਕਥਾਮ ਲਈ ਸੰਘਰਸ਼ ਨੂੰ ਚਰਚਾ ਦੇ ਕੇਂਦਰ ਵਿੱਚ ਲਿਆਏਗਾ ਇਹ ਸਮਾਗਮ। ਇਸ ਸਮਾਗਮ ਨੂੰ ਬਲਦੇਵ ਸਿੰਘ ਨਿਹਾਲਗੜ੍ਹ, ਸਤਨਾਮ ਸਿੰਘ ਅਜਨਾਲਾ, ਜੋਗਿੰਦਰ ਸਿੰਘ ਉਗਰਾਹਾਂ, ਰਮਿੰਦਰ ਸਿੰਘ ਪਟਿਆਲਾ ਤੇ ਬਲਵੀਰ ਸਿੰਘ ਰਾਜੇਵਾਲ ਸੰਬੋਧਨ ਕਰਨਗੇ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਸਾਹਿਤਕ, ਸਭਿਆਚਾਰਕ ਅਤੇ ਮਿਹਨਤਕਸ਼ ਤਬਕਿਆਂ ਦੀਆਂ ਸੰਸਥਾਵਾਂ ਨੂੰ ਖੇਤੀ ਅਤੇ ਮੰਡੀ ਤੇ ਹਮਲੇ ਨੂੰ ਆਪਣੇ ਤੇ ਹਮਲਾ ਸਮਝਦੇ ਹੋਏ ਵੱਡੀ ਗਿਣਤੀ 'ਚ ਸਮਾਗਮ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਸਪੈਸ਼ਲ ਬੱਚਿਆਂ ਦੀ ਸੇਵਾ ਪ੍ਰਮਾਤਮਾ ਦੀ ਸੇਵਾ ਦੇ ਸਮਾਨ-ਸੰਜੀਵ ਵਾਸਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਅਤੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਵੱਲੋਂ ਕਰਵਾਇਆ ਗਿਆ ਦੋ ਦਿਨਾਂ ਉਮੰਗ ਸੀਜਨ-7 ਸਭਿਆਚਾਰਕ ਮੁਕਾਬਲਾ ਇੱਥੇ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਜਲੰਧਰ-ਫਗਵਾੜਾ ਬਾਈਪਾਸ ਵਿਖੇ ਸੰਪੰਨ ਹੋ ਗਿਆ, ਮੁਕਾਬਲੇ ਦੇ ਆਖਿਰੀ ਦਿਨ ਵਾਸਲ ਐਜੂਕੇਸ਼ਨ ਗਰੁੱਪ ਦੇ ਚੇਅਰਮੈਨ ਸੰਜੀਵ ਵਾਸਲ ਮੁੱਖ ਮਹਿਮਾਨ ਵਜੋਂ ਪੁੱਜੇ। ਮੁਕਾਬਲੇ ਵਿੱਚ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦੇ ਸਪੈਸ਼ਲ ਬੱਚਿਆਂ ਨੇ ਬਿੱਗ ਕੈਟੇਗਰੀ ਵਿੱਚ ਓਵਰਆਲ ਟਰਾਫੀ ਜਿੱਤੀ, ਅੰਬੂਜਾ ਮਨੋਵਿਕਾਸ ਕੇਂਦਰ ਰੋਪੜ ਨੇ ਦੂਜੀ ਪੁਜੀਸ਼ਨ ਤੇ ਪ੍ਰਭ ਆਸਰਾ ਕੁਰਾਲੀ ਨੇ ਤੀਜਾ ਸਥਾਨ ਹਾਸਿਲ ਕੀਤਾ, ਇਸੇ ਤਰ੍ਹਾਂ ਸਮਾਲ ਕੈਟੇਗਰੀ ਵਿੱਚ ਆਗੇਸ਼ ਹੋਲਡਿੰਗ ਹੈਂਡਸ ਅਮ੍ਰਿਤਸਰ ਨੇ ਪਹਿਲਾ, ਡਿਸਕਵਰ ਅਬਿਲਟੀ ਮੁਹਾਲੀ ਨੇ ਦੂਜਾ ਤੇ ਐਸ.ਓ.ਬੀ. ਦਿੱਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਢਾਈ ਲੱਖ ਰੁਪਏ ਦੇ ਕੈਸ਼ ਇਨਾਮ ਵੰਡੇ ਗਏ, ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਸੰਜੀਵ ਵਾਸਲ ਵੱਲੋਂ ਕੀਤੀ ਗਈ ਤੇ ਕੈਸ਼ ਇਨਾਮ ਪਰਮਜੀਤ ਸਿੰਘ ਸੱਚਦੇਵਾ ਵੱਲੋਂ ਸਪਾਂਸਰ ਕੀਤੇ ਗਏ। ਇਸ ਮੌਕੇ ਲੈਕਮੇ ਅਕੈਡਮੀ ਵੱਲੋਂ ਫ੍ਰੀ ਵਿੱਚ ਬੱਚਿਆਂ ਦੇ ਮੇਕਅੱਪ ਦੀ ਸੇਵਾ ਦਿੱਤੀ ਗਈ। ਇਸ ਮੌਕੇ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਦੇ ਪ੍ਰਸ਼ਾਸਨਿਕ ਅਧਿਕਾਰੀ ਰਜਿੰਦਰ ਸਿੰਘ, ਕਰਨਲ ਮਨਜੀਤ ਸਿੰਘ, ਕੈਪਟਨ ਜਸਪਾਲ ਸਿੰਘ, ਅਮਨਿੰਦਰ, ਰਾਹੁਲ ਸਮੇਤ ਦੂਸਰੇ ਸਟਾਫ ਦਾ ਵੀ ਸਨਮਾਨ ਕੀਤਾ ਗਿਆ ਤੇ ਸਮੂਹ ਕੋਚਾਂ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਵਿੱਚ ਅਵਿਨਾਸ਼ ਰਾਏ ਖੰਨਾ, ਮੰਤਰੀ ਡਾ. ਰਵਜੋਤ ਸਿੰਘ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ, ਵਰਧਮਾਨ ਦੇ ਪ੍ਰਧਾਨ ਇੰਦਰਮੋਹਨਜੀਤ ਸਿੰਘ ਸਿੱਧੂ, ਤਰੁਣ ਚਾਵਲਾ ਸ਼ਾਮਿਲ ਹੋਏ। ਮੰਚ ਸੰਚਾਲਕ ਦੀ ਭੂਮਿਕਾ ਰਣਵੀਰ ਸੱਚਦੇਵਾ ਤੇ ਰਵੀਨਾ ਚੱਢਾ ਵੱਲੋਂ ਨਿਭਾਈ ਗਈ। ਇਸ ਮੌਕੇ ਸੰਜੀਵ ਵਾਸਲ ਨੇ ਕਿਹਾ ਕਿ ਸਪੈਸ਼ਲ ਬੱਚਿਆਂ ਦੀ ਸੇਵਾ ਉਸ ਪ੍ਰਮਾਤਮਾ ਦੀ ਸੇਵਾ ਦੇ ਸਮਾਨ ਹੈ ਤੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਇਸ ਲਈ ਪ੍ਰਸ਼ੰਸਾ ਦੀ ਪਾਤਰ ਹੈ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਾਬਕਾ ਪ੍ਰਧਾਨ ਸੀ.ਏ. ਤਰਨਜੀਤ ਸਿੰਘ ਵੱਲੋਂ 51 ਹਜਾਰ ਦੀ ਰਾਸ਼ੀ ਭੇਟ ਕੀਤੀ ਗਈ ਤੇ 11 ਹਜਾਰ ਲੋਅਰ ਅਬਿਲਟੀ ਪ੍ਰਤੀਭਾਗੀਆਂ ਨੂੰ ਦਿੱਤੇ ਗਏ। ਇਸੇ ਤਰ੍ਹਾਂ ਬਲਵਿੰਦਰਜੀਤ ਵੱਲੋਂ 11 ਹਜਾਰ ਦੀ ਰਾਸ਼ੀ ਦਾਨ ਕੀਤੀ ਗਈ। ਸੁਸਾਇਟੀ ਪ੍ਰਧਾਨ ਹਰਬੰਸ ਸਿੰਘ ਵੱਲੋਂ ਸਾਰੇ ਸਹਿਯੋਗੀਆਂ ਤੇ ਖਾਸਕਰ ਪਰਮਜੀਤ ਸਿੰਘ ਸੱਚਦੇਵਾ ਦਾ ਧੰਨਵਾਦ ਕੀਤਾ ਗਿਆ।



# ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੂੰ ਹਰਿਆਣਾ ਪੰਜਾਬੀ ਸਾਹਿਤ ਅਤੇ ਸੰਸਕ੍ਰਿਤੀ ਅਕਾਡਮੀ ਵੱਲੋਂ ਕੀਤਾ ਗਿਆ ਸਨਮਾਨਿਤ

**ਮੰਡੀ ਗੋਬਿੰਦਗੜ੍ਹ**– ਅਕਾਦਮਿਕ ਜਗਤ ਲਈ ਇੱਕ ਮਾਣ ਵਾਲੀ ਗੱਲ ਇਹ ਹੈ ਕਿ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ। ਜ਼ੋਰਾ ਸਿੰਘ ਨੂੰ ਹਰਿਆਣਾ ਪੰਜਾਬੀ ਸਾਹਿਤ ਅਤੇ ਸੰਸਕ੍ਰਿਤਕ ਅਕਾਦਮੀ ਵੱਲੋਂ ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਚੰਡੀਗੜ੍ਹ ਪ੍ਰੈਸ ਕਲੱਬ ਵਿਖੇ ਆਯੋਜਿਤ ਇੱਕ ਇਤਿਹਾਸਕ ਪੁਸਤਕ ਰਿਲੀਜ਼ ਸਮਾਰੋਹ ਦੌਰਾਨ ਮਿਲਿਆ।

ਇਸ ਸਮਾਗਮ ਵਿੱਚ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਸੇਵਾਮੁਕਤ ਪ੍ਰੋਫੈਸਰ, ਪ੍ਰਸਿੱਧ ਇਤਿਹਾਸਕਾਰ ਡਾ. ਅਮਰਜੀਤ ਸਿੰਘ ਦੁਆਰਾ ਲਿਖੀ ਗਈ ਕਿਤਾਬ 'ਰਿਵੋਲਿਊਸ਼ਨਰੀਜ਼ ਐਂਡ ਦਾ ਬ੍ਰਿਟਿਸ਼ ਰਾਜ: ਮਾਟਰਸ ਆਫ਼ ਦਾ ਹਾਰਡਿੰਗ ਬੰਬ ਆਊਟਰੇਜ: ਨੂੰ ਰਿਲੀਜ਼ ਕੀਤਾ ਗਿਆ। ਇਹ ਵਿਦਵਤਾਪੂਰਨ ਕੰਮ 20ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਅਤੇ ਦਿੱਲੀ ਵਿੱਚ ਹੋਏ ਇਨਕਲਾਬੀ ਸੰਘਰਸ਼ 'ਤੇ ਨਵੀਂ ਰੋਸ਼ਨੀ ਪਾਉਂਦਾ ਹੈ ਅਤੇ ਮਾਸਟਰ ਅਮੀਰ ਚੰਦ, ਭਾਈ ਬਾਲ ਮੁਕੰਦ, ਅਵਧ ਬਿਹਾਰੀ ਅਤੇ ਬਸੰਤ ਕੁਮਾਰ ਬਿਸਵਾਸ ਵਰਗੇ ਮੁੱਖ ਸ਼ਹੀਦਾਂ ਦੀਆਂ ਵਿਚਾਰਧਾਰਕ ਪ੍ਰੇਰਣਾਵਾਂ 'ਤੇ ਨਵੇਂ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ।

ਇਸ ਪੁਸਤਕ ਨੂੰ ਰਸਮੀ ਤੌਰ 'ਤੇ ਰਿਲੀਜ਼ ਹਰਿਆਣਾ ਰਾਜ ਉੱਚ ਸਿੱਖਿਆ ਪ੍ਰੀਸ਼ਦ ਦੇ ਉਪ-ਚੇਅਰਪਰਸਨ ਪ੍ਰੋ. ਐਸ.ਕੇ. ਗੱਖੜ; ਪ੍ਰੋ. ਵਿਨੇ ਕਪੂਰ ਮਹਿਰਾ, ਸਾਬਕਾ ਉਪ-ਕੁਲਪਤੀ, ਡਾ. ਬੀ.ਆਰ. ਅੰਬੇਡਕਰ ਨੈਸ਼ਨਲ ਲਾਅ ਯੂਨੀਵਰਸਿਟੀ, ਸੋਨੀਪਤ; ਅਤੇ ਸਰਦਾਰ ਹਰਪਾਲ ਸਿੰਘ ਗਿੱਲ, ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਤੇ ਸੰਸਕ੍ਰਿਤੀ ਅਕਾਦਮੀ, ਸਮੇਤ ਪਤਵੰਤਿਆਂ ਦੇ ਇੱਕ ਸਤਿਕਾਰਯੋਗ ਪੈਨਲ ਦੀ ਮੌਜੂਦਗੀ ਵਿੱਚ ਕੀਤਾ ਗਿਆ, ਜਿਨ੍ਹਾਂ ਨੇ ਡਾ। ਜ਼ੋਰਾ ਸਿੰਘ ਨੂੰ ਵਿਸ਼ੇਸ਼ ਸਨਮਾਨ ਦਿੱਤਾ।

ਡਾ। ਸਿੰਘ ਦੀਆਂ ਅਕਾਦਮਿਕ ਅਤੇ ਸੰਸਥਾਗਤ ਪਹਿਲਕਦਮੀਆਂ ਰਾਹੀਂ ਉੱਚ ਸਿੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਸੁਰੱਖਿਅਤ ਰੱਖਣ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਲਈ ਪ੍ਰਸ਼ੰਸਾ ਕੀਤੀ ਗਈ। ਆਪਣੇ ਸੰਬੋਧਨ ਵਿੱਚ, ਉਨ੍ਹਾਂ ਨੇ ਡਾ. ਅਮਰਜੀਤ ਸਿੰਘ ਨੂੰ ਭਾਰਤ ਦੇ ਇਨਕਲਾਬੀ ਸ਼ਹੀਦਾਂ ਦੇ ਬਹਾਦਰੀ ਭਰੇ ਪਰ ਘੱਟ ਦਰਸਾਏ ਗਏ ਬਿਰਤਾਂਤਾਂ ਨੂੰ ਪ੍ਰਕਾਸ਼ਮਾਨ ਕਰਨ ਲਈ ਵਧਾਈ ਦਿੱਤੀ।

ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਡਾ. ਅਮਰਜੀਤ ਸਿੰਘ ਦਾ ਨਵਾਂ ਉਪਰਾਲਾ ਨਾ ਸਿਰਫ਼ ਹਾਰਡਿੰਗ ਬੰਬ ਆਊਟਰੇਜ ਕੇਸ ਦੇ ਅਣਕਹੇ ਪਹਿਲੂਆਂ ਨੂੰ ਉਜਾਗਰ ਕਰਦਾ ਹੈ ਬਲਕਿ ਬਸਤੀਵਾਦੀ ਭਾਰਤ ਵਿੱਚ ਇਨਕਲਾਬੀ ਲਹਿਰ ਦੇ ਆਲੇ ਦੁਆਲੇ ਪ੍ਰਚਲਿਤ ਬਿਰਤਾਂਤਾਂ ਨੂੰ ਵੀ ਚੁਣੌਤੀ ਦਿੰਦਾ ਹੈ। ਸਟਾਰਟੈਕਸ ਯੂਨੀਵਰਸਿਟੀ ਦੇ ਸਾਬਕਾ ਵਾਈਸ-ਚਾਂਸਲਰ ਪ੍ਰੋ. ਐਮ.ਐਮ. ਗੋਇਲ, ਪੰਜਾਬ ਯੂਨੀਵਰਸਿਟੀ ਦੇ ਗਾਂਧੀਅਨ ਸਟੱਡੀਜ਼ ਦੇ ਸਾਬਕਾ ਡਾਇਰੈਕਟਰ ਪ੍ਰੋ. ਮਨੋਹਰ ਲਾਲ ਸ਼ਰਮਾ, ਮੰਜੂ ਮਲਹੋਤਰਾ, ਯੂ ਐਸ ਦਿੱਲੋਂ ਅਤੇ ਹੋਰ ਬਹੁਤ ਸਾਰੇ ਲੋਕਾਂ ਨੇ ਇਸ ਕੰਮ ਦੀ ਭਾਰਤੀ ਇਤਿਹਾਸ ਲੇਖਣ ਵਿੱਚ ਇੱਕ ਪਰਿਵਰਤਨਸ਼ੀਲ ਯੋਗਦਾਨ ਵਜੋਂ ਪ੍ਰਸ਼ੰਸਾ ਕੀਤੀ। ਇਹ ਸਮਾਗਮ ਸ੍ਰੀ ਤਪਨ ਗਿਰਧਰ ਦੇ ਰਸਮੀ ਧੰਨਵਾਦ ਨਾਲ ਸਮਾਪਤ ਹੋਇਆ, ਜਦੋਂ ਕਿ ਡਾ. ਸੁਮਨ ਸਿਵਾਚ ਅਤੇ ਡਾ। ਧਰਮਵੀਰ ਸੈਨੀ ਨੇ ਸੰਜਮ ਅਤੇ ਸ਼ੁੱਧਤਾ ਨਾਲ ਸਮਾਗਮ ਦੀ ਕਾਰਵਾਈ ਚਲਾਈ।




# ਅੰਮ੍ਰਿਤਸਰ ਵਿਕਾਸ ਮੰਚ ਦੇ ਪ੍ਰਧਾਨ ਵਜੋਂ ਸੁਰਿੰਦਰ ਜੀਤ ਸਿੰਘ ਬਿੱਟੂ ਨਾਮਜ਼ਦ

**ਅੰਮ੍ਰਿਤਸਰ**– ਅੰਮ੍ਰਿਤਸਰ ਵਿਕਾਸ ਮੰਚ ਦੇ ਪ੍ਰਧਾਨ ਵਿਦਵਾਨ ਲੇਖਕ ਇੰਜ। ਹਰਜਾਪ ਸਿੰਘ ਔਜਲਾ ਦੇ ਦੋ ਸਾਲਾ ਕਾਰਜਕਾਲ ਸਫਲਤਾ ਸਹਿਤ ਸੰਪੂਰਨ ਹੋਣ ਤੇ ਪ੍ਰੋ। ਮੋਹਣ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਮਨਮੋਹਣ ਸਿੰਘ ਬਰਾੜ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ, ਹਰਦੀਪ ਸਿੰਘ ਚਾਹਲ ਅਤੇ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ ਅਧਾਰਿਤ ਪ੍ਰਜ਼ੀਡੀਅਮ ਨੇ ਇਕਮੱਤ ਹੋ ਸੁਰਿੰਦਰ ਜੀਤ ਸਿੰਘ ਬਿੱਟੂ ਦੀ ਪ੍ਰਧਾਨਗੀ ਦੇ ਅਹੁਦੇ ਲਈ ਨਾਮਜ਼ਦਗੀ ਨੂੰ ਸਹਿਮਤੀ ਦੇ ਦਿੱਤੀ। ਸੁਰਿੰਦਰ ਜੀਤ ਸਿੰਘ ਬਿੱਟੂ ਅੰਮ੍ਰਿਤਸਰ ਵਿਕਾਸ ਮੰਚ ਦੇ ਸੰਸਥਾਪਕ ਆਗੂ ਹਨ ਜੋ ਪੂਰੀ ਸਿਦਕ ਦਿਲੀ ਨਾਲ ਗੁਰੂ ਨਗਰੀ ਅੰਮ੍ਰਿਤਸਰ ਦੇ ਸਰਬਪੱਖੀ ਵਿਕਾਸ ਲਈ ਕਾਰਜਸ਼ੀਲ ਹਨ। ਸੁਰਿੰਦਰ ਜੀਤ ਸਿੰਘ ਬਿੱਟੂ ਨੂੰ ਪ੍ਰਧਾਨਗੀ ਰੁਤਬੇ ਦੀ ਕੁਰਸੀ ਤੇ ਸੁਸ਼ੋਭਿਤ ਕਰਨ ਦੀ ਰਸਮ ਮੌਕੇ ਰਾਜਵਿੰਦਰ ਸਿੰਘ ਗਿੱਲ, ਜਸਪਾਲ ਸਿੰਘ, ਕਵਲਜੀਤ ਸਿੰਘ ਭਾਟੀਆ ਅਤੇ ਸ਼ਹਿਰ ਦੀਆਂ ਪ੍ਰਮੁੱਖ ਸਖਸ਼ੀਅਤਾਂ ਰਜਿੰਦਰ ਸਿੰਘ ਮਰਵਾਹਾ ਚੇਅਰਮੈਨ ਵਿਸ਼ਵ ਸਿੱਖ ਚੈਂਬਰ ਆਫ਼ ਕਾਮਰਸ, ਹਰਪਾਲ ਸਿੰਘ ਆਹਲੂਵਾਲੀਆ, ਸੁਖਵਿੰਦਰ ਸਿੰਘ ਕੋਹਲੀ, ਹਰਦੇਸ਼ ਦਵੇਸਰ, ਲੇਖਿਕਾ ਜਸਬੀਰ ਕੌਰ, ਪਵਨਦੀਪ ਕੌਰ, ਜਤਿੰਦਰ ਪਾਲ ਸਿੰਘ ਨਿਊ ਅੰਮ੍ਰਿਤਸਰ, ਰਜਿੰਦਰ ਸਿੰਘ ਬਾਠ, ਜਸਮੋਹਣ ਸਿੰਘ, ਜਤਿੰਦਰ ਸਿੰਘ ਤਿਲਕ ਨਗਰ, ਰਾਜਵਿੰਦਰਜੀਤ ਸਿੰਘ , ਕੁਲਦੀਪ ਸਿੰਘ ਬੋਪਾਰਾਏ ਅਤੇ ਹੋਰ ਆਗੂ ਸ਼ਾਮਲ ਸਨ। ਸੁਰਿੰਦਰ ਜੀਤ ਸਿੰਘ ਬਿੱਟੂ ਨੇ ਪ੍ਰਜ਼ੀਡੀਅਮ ਅਤੇ ਹਾਜ਼ਰ ਪਤਵੰਤੇ ਆਗੂ ਸਾਹਿਬਾਨ ਦਾ ਧੰਨਵਾਦ ਕਰਦਿਆਂ ਹੋਇਆਂ ਅਹਿਦ ਕੀਤਾ ਕਿ ਉਹ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਤਤਕਾਲੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸੰਕਲਪ ਨੂੰ ਸਾਕਾਰ ਕਰਨ ਲਈ 21 ਜੁਲਾਈ 1991 ਨੂੰ ਸੰਗਠਿਤ ਅੰਮ੍ਰਿਤਸਰ ਵਿਕਾਸ ਮੰਚ ਦੇ ਉਦੇਸ਼ਾਂ ਦੀ ਪੂਰਤੀ ਲਈ ਪੂਰੀ ਸੁਹਿਰਦਤਾ ਸਹਿਤ ਸਮਰਪਿਤ ਹੋ ਕੇ ਸਾਰੇ ਆਗੂ ਸਾਹਿਬਾਨ ਦੇ ਸਹਿਯੋਗ ਸਦਕਾ ਕਾਰਜਸ਼ੀਲ ਰਹੇਗਾ।



# ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਦੇ ਜਨਮ ਦਿਹਾੜੇ ਮੌਕੇ ਜ਼ਿਲ੍ਹਾ ਪੱਧਰੀ ਸਮਾਗਮ ਦਾ ਆਯੋਜਨ








**ਸੰਗਰੂਰ (ਦਲਜੀਤ ਕੌਰ)–** ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਜ ਸਰਕਾਰੀ ਰਣਬੀਰ ਕਾਲਜ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਦਾ ਜਨਮ ਦਿਹਾੜਾ ਜ਼ਿਲ੍ਹਾ ਪੱਧਰੀ ਸਮਾਗਮ ਦੇ ਰੂਪ ਵਿੱਚ ਪੂਰੇ ਜੋਸ਼ੋ ਖਰੋਸ਼ ਤੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਅਤੇ ਵਿਧਾਇਕ ਸੰਗਰੂਰ ਸ਼੍ਰੀਮਤੀ ਨਰਿੰਦਰ ਕੌਰ ਭਰਾਜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਕੀਤੀ। ਇਸ ਮੌਕੇ ਬਾਬਾ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਡਾ। ਭੀਮ ਰਾਓ ਅੰਬੇਦਕਰ ਪ੍ਰਸਿੱਧ ਕਾਨੂੰਨ ਸ਼ਾਸਤਰੀ, ਅਰਥ ਸ਼ਾਸਤਰੀ ਅਤੇ ਸਮਾਜ ਸੁਧਾਰਕ ਸਨ ਜਿਨ੍ਹਾਂ ਵੱਲੋਂ ਕੀਤੇ ਗਏ ਸੰਵਿਧਾਨ ਦੇ ਨਿਰਮਾਣ ਸਦਕਾ ਅੱਜ ਭਾਰਤ ਨੂੰ ਦੁਨੀਆਂ ਦੇ ਸਭ ਤੋਂ ਵੱਡਾ ਲੋਕਤਾਂਤਰਿਕ ਦੇਸ਼ ਹੋਣ ਦਾ ਮਾਣ ਪ੍ਰਾਪਤ ਹੈ। ਉਹਨਾਂ ਕਿਹਾ ਕਿ ਉਹਨਾਂ ਦੀ ਦੂਰ ਅੰਦੇਸ਼ੀ ਸੋਚ ਸਦਕਾ ਸਭ ਨੂੰ ਬਰਾਬਰੀ ਦਾ ਅਧਿਕਾਰ ਮਿਲਿਆ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਆਪ ਸਰਕਾਰ ਵੱਲੋਂ ਬਾਬਾ ਸਾਹਿਬ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਅੱਜ ਦਾ ਇਹ ਸਮਾਗਮ ਵੀ ਉਹਨਾਂ ਅਹਿਮ ਉਪਰਾਲਿਆਂ ਦੀ ਕੜੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਾਲ 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿੱਚ ਆਉਂਦਿਆਂ ਹੀ ਸਾਰੇ ਸਰਕਾਰੀ ਦਫਤਰਾਂ ਵਿੱਚ ਸਤਿਕਾਰ ਵਜੋਂ ਡਾ. ਭੀਮ ਰਾ ਅੰਬੇਦਕਰ ਜੀ ਦੀ ਤਸਵੀਰ ਲਗਾਈ ਗਈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਕੈਬਨਿਟ ਵਿੱਚ 6 ਐਸ.ਸੀ. ਮੰਤਰੀਆਂ ਨੂੰ ਸ਼ਾਮਿਲ ਕਰਦਿਆਂ ਮਾਣ ਸਨਮਾਨ ਦੇਣ ਦੇ ਨਾਲ ਨਾਲ ਏ.ਜੀ ਆਫਿਸ ਵਿੱਚ ਪਹਿਲੀ ਵਾਰ ਰਿਜ਼ਰਵੇਸ਼ਨ ਨੂੰ ਲਾਜਮੀ ਬਣਾਉਣ ਅਤੇ ਐਸ.ਸੀ. ਸਕਾਲਰਸ਼ਿਪ ਦੀ ਖੱਜਲ ਖੁਆਰੀ ਮੁਕਤ ਵੰਡ ਨੂੰ ਯਕੀਨੀ ਬਣਾਉਣ ਵਿੱਚ 'ਆਪ ਸਰਕਾਰ' ਸਫਲ ਸਾਬਤ ਹੋਈ ਹੈ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਿੱਚ ਉੱਚੇ ਅਸਰ ਰਸੂਖ ਵਾਲੇ ਲੋਕਾਂ ਨੇ ਵੀ ਵਿਦਿਆਰਥੀਆਂ ਲਈ ਆਉਣ ਵਾਲੇ ਵਜੀਫਿਆਂ ਦੀ ਰਾਸ਼ੀ ਵਿੱਚ ਲੁੱਟ ਖਸੁੱਟ ਕੀਤੀ, ਜੋ ਕਿ ਬਹੁਤ ਮੰਦਭਾਗਾ ਵਰਤਾਰਾ ਸੀ ਪਰ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਨੇ ਐਸਸੀ ਭਾਈਚਾਰੇ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਬਖ਼ੂਬੀ ਨਿਭਾਉਂਦੇ ਹੋਏ ਪਿਛਲੀਆਂ ਸਰਕਾਰਾਂ ਵੇਲੇ ਦੀ ਰੁਕੀ ਹੋਈ 460 ਕਰੋੜ ਰੁਪਏ ਦੀ ਰਾਸ਼ੀ ਜਾਰੀ ਕਰਵਾਈ ਅਤੇ ਨਵੇਂ ਬਜਟ ਵਿੱਚ ਸਾਲ 2020 ਤੋਂ ਪਹਿਲਾਂ ਦੇ ਕਰਜ਼ਿਆਂ ਨੂੰ ਵੀ ਮਾਫ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਭਾਰਤ ਰਤਨ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਬਾਬਾ ਸਾਹਿਬ ਦੇ ਸਿੱਖਿਆ ਦੇ ਸਿਧਾਂਤ ਉੱਤੇ ਕਾਇਮ ਹੈ। ਉਹਨਾਂ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਰਤਨ ਡਾ. ਭੀਮ ਰਾਓ ਅੰਬੇਦਕਰ ਜੀ ਨੇ ਤਿੰਨ ਨਾਅਰੇ ਦਿੱਤੇ ਸਨ ਜਿਸ ਵਿੱਚ ਸਿੱਖਿਅਤ ਰਹੋ, ਸੰਘਰਸ਼ ਕਰੋ ਅਤੇ ਸੰਗਠਿਤ ਰਹੋ ਸ਼ਾਮਿਲ ਸਨ, ਅਤੇ ਇਹਨਾਂ ਤਿੰਨੇ ਨਾਅਰਿਆਂ ਉਤੇ ਮਾਨ ਸਰਕਾਰ ਪੂਰੀ ਤਨਦੇਹੀ ਨਾਲ ਪਹਿਰਾ ਦੇ ਰਹੀ ਹੈ ਅਤੇ ਸਿੱਖਿਆ ਕ੍ਰਾਂਤੀ ਲਿਆ ਕੇ ਰੋਜਾਨਾ ਦੇ ਆਧਾਰ ਤੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਕੂਲ ਆਫ ਐਮੀਨੈਂਸ ਵਰਗੇ ਪ੍ਰੋਗਰਾਮ ਸਫਲਤਾ ਨਾਲ ਲਾਗੂ ਕਰਕੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਵੀ ਆਧੁਨਿਕ ਸਿੱਖਿਆ ਪ੍ਰਣਾਲੀ ਨਾਲ ਜੋੜਿਆ ਅਤੇ ਸਾਡੇ ਇਹ ਬੱਚੇ ਆਪਣੀ ਮਿਹਨਤ ਅਤੇ ਲਗਨ ਦੇ ਬਲਬੂਤੇ ਸਿੱਖਿਆ ਦੇ ਖੇਤਰ ਵਿੱਚ ਨਾਮ ਰੋਸ਼ਨ ਕਰ ਰਹੇ ਹਨ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸਾਰਿਆਂ ਨੂੰ ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪੰਜਾਬ ਸਰਕਾਰ ਨੂੰ ਸਹਿਯੋਗ ਦਿੰਦੇ ਹੋਏ ਨਸ਼ੇ ਨਾ ਕਰਨ ਦੀ ਸੌਂਹ ਵੀ ਚੁਕਾਈ।

ਸਮਾਗਮ ਦੌਰਾਨ ਸਰਕਾਰੀ ਰਣਬੀਰ ਕਾਲਜ ਦੇ ਪ੍ਰੋਫੈਸਰ ਗੁਰਵਿੰਦਰ ਸਿੰਘ ਨੇ ਡਾ. ਬੀ. ਆਰ. ਅੰਬੇਦਕਰ ਜੀ ਦੇ ਜੀਵਨ ਸੰਘਰਸ਼ਾਂ ਬਾਰੇ ਜਾਣਕਾਰੀ ਦਿੱਤੀ ਜਦਕਿ ਪ੍ਰੋਫੈਸਰ ਗੁਲਸ਼ਨ ਦੀਪ ਦਾਨੀਆ ਨੇ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਦੋ ਵਿਦਿਆਰਥੀਆਂ ਸੁਖਬੀਰ ਸਿੰਘ ਅਤੇ ਬਲਜਿੰਦਰ ਸਿੰਘ ਨੇ ਵੀ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ।

ਸਮਾਗਮ ਦੌਰਾਨ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਪੋਸਟ ਮੈਟਰਿਕ ਸਕਾਲਰਸ਼ਿਪ ਨਾਲ ਸੰਬੰਧਿਤ ਵਿਦਿਆਰਥੀਆਂ, ਆਸ਼ੀਰਵਾਦ ਸਕੀਮ ਦੇ ਲਾਭਪਾਤਰੀਆਂ, ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਅਧੀਨ ਆਉਂਦੇ 5 ਪਿੰਡਾਂ, ਅੰਤਰਜਾਤੀ ਵਿਆਹ ਕਰਵਾਉਣ ਵਾਲੇ ਜੋੜਿਆਂ ਨੂੰ ਨੈਸ਼ਨਲ ਸੇਵਿੰਗ ਸਰਟੀਫਿਕੇਟ, ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਦੇ ਵਿੱਤ ਕਾਰਪੋਰੇਸ਼ਨ ਦੇ ਲਾਭਪਾਤਰੀਆਂ ਦਾ ਸਰਟੀਫਿਕੇਟ ਪ੍ਰਦਾਨ ਕੀਤੇ ਗਏ ਇਸ ਤੋਂ ਇਲਾਵਾ ਸਮਾਜਿਕ ਨਿਆ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੀਆਂ ਯੋਜਨਾਵਾਂ ਦਾ ਕਿਤਾਬਚਾ ਵੀ ਜਾਰੀ ਕੀਤਾ ਗਿਆ।

ਸਮਾਗਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਵਿਧਾਇਕ ਨਰਿੰਦਰ ਕੌਰ ਭਰਾਜ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਪਹਿਲਾਂ ਡੀਸੀ ਕੰਪਲੈਕਸ ਵਿਖੇ ਸਥਿਤ ਡਾ। ਭੀਮ ਰਾ ਅੰਬੇਦਕਰ ਜੀ ਦੀ ਪ੍ਰਤਿਮਾ ਉੱਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਗਏ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ, ਏਡੀਸੀ ਅਮਿਤ ਬੈਂਬੀ, ਐਸਪੀ ਨਵਰੀਤ ਸਿੰਘ ਵਿਰਕ, ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਪ੍ਰੀਤਮ ਸਿੰਘ ਪੀਤੂ, ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਗੁਲਜਾਰ ਸਿੰਘ ਬੋਬੀ, ਚੇਅਰਮੈਨ ਮਾਰਕੀਟ ਕਮੇਟੀ ਅਵਤਾਰ ਸਿੰਘ ਈਲਵਾਲ, ਐਸਡੀਐਮ ਚਰਨ ਜੋਤ ਸਿੰਘ ਵਾਲੀਆ ਸਮੇਤ ਵੱਡੀ ਗਿਣਤੀ ਵਿੱਚ ਹੋਰ ਰਾਜਸੀ ਆਗੂ, ਪ੍ਰਸ਼ਾਸਨਿਕ ਅਧਿਕਾਰੀ ਤੇ ਵਿਦਿਆਰਥੀ ਹਾਜ਼ਰ ਸਨ।



ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਨ ਮੌਕੇ ਅੰਬੇਡਕਰ ਪਾਰਕ ਹਰਗੋਬਿੰਦ ਨਗਰ ਵਿਖੇ ਵੱਖ ਵੱਖ ਸਮਾਜਿਕ ਜਥੇਬੰਦੀਆਂ ਦੇ ਆਗੂ ਬਾਬਾ ਸਾਹਿਬ ਜੀ ਦੀ ਪ੍ਰਤਿਮਾ 'ਤੇ ਨਤਮਸਤਕ ਹੁੰਦੇ ਹੋਏ। ਇਸ ਮੌਕੇ ਸੈਫ ਦੇ ਪ੍ਰਧਾਨ ਬਲਵਿੰਦਰ ਪਾਲ ਤੇ ਡਾ. ਹਰਜਿੰਦਰ ਸਿੰਘ ਜੱਖੂ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀਆਂ ਬਹੁਜਨ ਸਮਾਜ ਨੂ ਵਧਾਈਆਂ ਦਿੱਤੀਆਂ ਅਤੇ ਬਾਬਾ ਜੀ ਦੇ ਮਿਸ਼ਨ ਤੇ ਸੋਚ ਨੂੰ ਜਨ ਜਨ ਤੱਕ ਲੈ ਕੇ ਜਾਣ ਦਾ ਸੰਕਲਪ ਲਿਆ।



ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਨ 'ਤੇ ਅੰਬੇਡਕਰ ਪਾਰਕ ਹਰਗੋਬਿੰਦ ਨਗਰ ਵਿਖੇ ਬਾਬਾ ਸਾਹਿਬ ਜੀ ਦੀ ਪ੍ਰਤਿਮਾ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਸਾਬਕਾ ਸਰਪੰਚ ਨਰਿੰਦਰ ਬਿੱਲਾ ਤੇ ਹੱਕ ਸੱਚ ਦੇ ਪੱਤਰਕਾਰ ਬੀ. ਕੇ. ਰੱਤੂ।

ਫਗਵਾੜਾ – ਫੋਟੋ ਤੇ ਵੇਰਵਾ ਬੀ. ਕੇ. ਰੱਤੂ

## ਈਡੀ ਵੱਲੋਂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਖ਼ਿਲਾਫ਼ ਚਾਰਜਸ਼ੀਟ ਦਾਇਰ

**ਨਵੀਂ ਦਿੱਲੀ–** ਈਡੀ ਨੇ ਨੈਸ਼ਨਲ ਹੈਰਾਲਡ ਕੇਸ ਨਾਲ ਸਬੰਧਤ ਮਨੀ ਲਾਂਡਰਿੰਗ ਮਾਮਲੇ ਵਿੱਚ ਕਾਂਗਰਸ ਆਗੂਆਂ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਖ਼ਿਲਾਫ਼ ਚਾਰਜਸ਼ੀਟ ਦਾਇਰ ਕਰ



ਦਿੱਤੀ ਹੈ। ਇਹ ਚਾਰਜਸ਼ੀਟ ਨੈਸ਼ਨਲ ਹੈਰਾਲਡ ਤੇ ਐਸੋਸੀਏਟਿਡ ਜਨਰਲ ਲਿਮਟਿਡ ਏਜੇਐਲ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਦਾਇਰ ਕੀਤੀ ਗਈ ਹੈ। ਇਸ ਸਬੰਧੀ ਰਾਊਜ਼ ਐਵੇਨਿਊ ਕੋਰਟ ਵਿੱਚ 25 ਅਪਰੈਲ ਨੂੰ ਸੁਣਵਾਈ ਹੋਵੇਗੀ। ਵਿਸ਼ੇਸ਼ ਜੱਜ ਵਿਸ਼ਾਲ ਗੋਗਨੇ ਨੇ 9 ਅਪਰੈਲ ਨੂੰ ਦਾਇਰ ਕੀਤੀ ਗਈ ਚਾਰਜਸ਼ੀਟ ਦੀ ਸਮੀਖਿਆ ਕਰਦਿਆਂ ਮਾਮਲੇ ਦੀ ਅਗਲੀ ਸੁਣਵਾਈ 25 ਅਪਰੈਲ ’ਤੇ ਪਾ ਦਿੱਤੀ। ਚਾਰਜਸ਼ੀਟ ਵਿਚ ਕਾਂਗਰਸ ਆਗੂ ਸੈਮ ਪਿਤਰੋਦਾ ਅਤੇ ਸੁਮਨ ਦੂਬੇ ਨੂੰ ਵੀ ਮੁਲਜ਼ਮ ਬਣਾਇਆ ਗਿਆ ਹੈ। ਨੈਸ਼ਨਲ ਹੈਰਾਲਡ ਅਖ਼ਬਾਰ ਨਾਲ ਜੁੜੇ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਪਹਿਲਾਂ ਸਾਰੇ ਆਗੂਆਂ ਤੋਂ ਕਈ ਵਾਰ ਪੁੱਛ-ਪੜਤਾਲ ਕੀਤੀ ਗਈ ਸੀ ਅਤੇ ਯੰਗ ਇੰਡੀਅਨ ਕੰਪਨੀ, ਨੈਸ਼ਨਲ ਹੈਰਾਲਡ ਦੇ ਕੰਮਕਾਜ, ਏਜੀਐੱਲ ਨੂੰ ਦਿੱਤੇ ਗਏ ਕਰਜ਼ੇ ਅਤੇ ਹੋਰ ਸਵਾਲ ਪੁੱਛੇ ਗਏ ਸਨ। ਇਸ ਤੋਂ ਦੋ ਦਿਨ ਪਹਿਲਾਂ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਾਂਗਰਸ ਵੱਲੋਂ ਚਲਾਏ ਜਾਂਦੇ ਐਸੋਸੀਏਟਿਡ ਜਨਰਲ ਲਿਮਟਿਡ (ਏਜੇਐਲ) ਦੀ 661 ਕਰੋੜ ਰੁਪਏ ਦੀ ਅਚੱਲ ਜਾਇਦਾਦ ਨੂੰ ਆਪਣੇ ਕਬਜ਼ੇ ਵਿਚ ਲੈਣ ਲਈ ਨੋਟਿਸ ਜਾਰੀ ਕੀਤਾ ਸੀ। ਇਸ ਜਨਰਲ ਖ਼ਿਲਾਫ਼ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਕੀਤੀ ਗਈ ਸੀ। ਸੰਘੀ ਜਾਂਚ ਏਜੰਸੀ ਨੇ ਦਿੱਲੀ ’ਚ ਆਈਟੀ ਸਥਿਤ ਹੈਰਾਲਡ ਹਾਊਸ, ਮੁੰਬਈ ਦੇ ਬਾਂਦਰਾ ਇਲਾਕੇ ’ਚ ਸਥਿਤ ਇਮਾਰਤ ਅਤੇ ਲਖਨਊ ਦੇ ਬਿਸ਼ੇਸ਼ਵਰ ਨਾਥ ਰੋਡ ’ਤੇ ਸਥਿਤ ਏਜੇਐੱਲ ਇਮਾਰਤ ’ਤੇ ਨੋਟਿਸ ਚਿਪਕਾਏ ਸਨ। ਨੋਟਿਸਾਂ ਵਿੱਚ ਇਮਾਰਤ ਖਾਲੀ ਕਰਨ ਜਾਂ ਈਡੀ ਨੂੰ ਕਿਰਾਏ (ਮੁੰਬਈ ਸੰਪਤੀ ਦੇ ਮਾਮਲੇ ਵਿੱਚ) ਟਰਾਂਸਫਰ ਕਰਨ ਦੀ ਮੰਗ ਕੀਤੀ ਗਈ ਸੀ। ਇਹ ਕਾਰਵਾਈ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ) ਦੀ ਧਾਰਾ (8) ਅਤੇ ਨਿਯਮ 5(1) ਦੇ ਤਹਿਤ ਕੀਤੀ ਗਈ। ਇਹ ਅਚੱਲ ਜਾਇਦਾਦ ਈਡੀ ਨੇ ਨਵੰਬਰ 2023 ਵਿੱਚ ਕੁਰਕ ਕੀਤੀ ਸੀ। ਮਨੀ ਲਾਂਡਰਿੰਗ ਦਾ ਇਹ ਮਾਮਲਾ ਏਜੇਐਲ ਅਤੇ ਯੰਗ ਇੰਡੀਅਨ ਖਿਲਾਫ ਹੈ।

## ਡਾ ਭੀਮ ਰਾਓ ਅੰਬੇਡਕਰ ਦੀ ਜਯੰਤੀ ‘ਤੇ ਸਨਮਾਨ ਸਭਾ

**ਰਾਜਪੁਰਾ (ਡਾ ਗੁਰਵਿੰਦਰ ਅਮਨ)–** ਅੱਜ ਸਵਿਧਾਨ ਨਿਰਮਾਤਾ ਅਤੇ ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਦੀ ਜਯੰਤੀ ਮੌਕੇ ਫ਼ੁਆਰਾ ਚੌਕ ਵਿਖੇ ਸਨਮਾਨ ਸਭਾ ਦਾ ਆਯੋਜਨ ਕੀਤਾ ਗਿਆ। ਵੱਖ ਵੱਖ ਸਮਾਜਿਕ ਜਥੇਬੰਦੀਆਂ ਤੋ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਕਾਰਕੁਨਾਂ ਨੇ ਬਾਬਾ ਸਾਹਿਬ ਅੰਬੇਡਕਰ ਦੀ ਪ੍ਰਤੀਮਾ ਤੇ ਫੁੱਲਾਂ ਦੇ ਹਾਰ ਪਾਏ।



ਇਸ ਮੌਕੇ ਭਾਜਪਾ ਆਗੂਆਂ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਵਿਚਾਰਧਾਰਕ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਦੀ ਸੋਚ, ਸੰਵਿਧਾਨਕ ਦਰਸ਼ਨ ਅਤੇ ਸਮਾਜਿਕ ਨਿਆਂ ਸੰਬੰਧੀ ਸਿ- ਧਾਂਤਾਂ ਉੱਤੇ ਆਪਣੇ ਵਿਚਾਰ ਰੱਖੇ। ਇਸ ਮੌਕੇ 'ਤੇ ਹਾਜ਼ਰ ਸੀਨੀਅਰ ਆਗੂਆਂ ਅਤੇ ਭਾਜਪਾ ਵਰਕਰਾਂ ਨੇ ਬਾਬਾ ਸਾਹਿਬ ਦੀ ਜ਼ਿੰਦਗੀ ਤੋਂ ਪ੍ਰੇਰਨਾ ਲੈ ਕੇ ਸਮਾਜਿਕ ਨਿਆਂ ਅਤੇ ਸਮਾਨਤਾ ਵੱਲ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

ਇਸ ਮੌਕੇ ਬੀਜੇਪੀ ਜਿਲਾ ਪਟਿਆਲਾ ਉਤਰੀ ਦੇ ਪ੍ਰਧਾਨ ਜਸਪਾਲ ਸਿੰਘ ਗਗਰੌਲੀ, ਜਿਲਾ ਜਨਰਲ ਸਕੱਤਰ ਅਤੇ ਡਾ ਭੀਮ ਰਾ ਅੰਬੇਦਕਰ ਜਯੰਤੀ ਦੇ ਜਿਲਾ ਸੰਯੋਜਕ ਪ੍ਰਦੀਪ ਕੁਮਾਰ ਨੰਦਾ, ਨਰੇਸ਼ ਧੀਮਾਨ, ਸੰਜੀਵ ਮਿਤਲ ਅਤੇ ਐਡਵੋਕੇਟ ਕਿਸ਼ਨ ਸਿੰਘ, ਸਾਹਿਤਕਾਰ ਡਾ ਗੁਰਵਿੰਦਰ ਅਮਨ, ਵਿਸ਼ੂ ਸ਼ਰਮਾ, ਪੰਜਾਬ ਮਹਿਲਾ ਮੋਰਚਾ ਮੀਤ ਪ੍ਰਧਾਨ ਅਵਿਨਾਸ਼ ਕੌਰ , ਅਸ਼ੋਕ ਬਿੱਟੂ ਪ੍ਰਧਾਨ, ਗੌਰਵ ਗੌਤਮ, ਕਿਸਾਨ ਮੋਰਚਾ ਦਰਸ਼ਨ ਸਿੰਘ ਸ਼ਾਮਿਲ ਹੋਏ।

ਪੰਜਾਬ ਦੇ ਉਘੇ ਬਾਲਮੀਕ ਨੇਤਾ ਅਤੇ ਡਾਕਟਰ ਬਾਬਾ ਸਾਹਿਬ ਅੰਬੇਡਕਰ ਦੇ ਵਿਚਾਰਧਾਰਕ ਸ਼੍ਰੀ ਹੰਸ ਰਾਜ ਬਨਵਾੜੀ ਨੇ ਸਿਰੋਪੇ ਪਾ ਕੇ ਭਾਜਪਾ ਜਿਲਾ ਪ੍ਰਧਾਨ ਜਸਪਾਲ ਸਿੰਘ ਗਗਰੌਲੀ ਅਤੇ ਉਨਾ ਦੀ ਟੀਮ ਦਾ ਸਨਮਾਨ ਕੀਤਾ।

# ਸਿੱਖਿਆ ਅਤੇ ਸਮਾਜਿਕ ਸੁਧਾਰਾਂ ਦਾ ਪ੍ਰਤੀਕ ਭਾਰਤ ਰਤਨ ਡਾਕਟਰ ਅੰਬੇਡਕਰ



ਪ੍ਰੋਫ਼ੈਸਰ ਮਨਜੀਤ ਤਿਆਗੀ
91-98140-96108

ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ, ਜਿਨ੍ਹਾਂ ਨੂੰ ਸਤਿਕਾਰ ਵਜੋਂ ਬਾਬਾ ਸਾਹਿਬ ਅੰਬੇਡਕਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ, ਭਾਰਤੀ ਸਮਾਜ ਦੇ ਇੱਕ ਅਜਿਹੇ ਸੁਧਾਰਕ ਸਨ, ਜਿਨ੍ਹਾਂ ਨੇ ਸਿੱਖਿਆ ਨੂੰ ਸਮਾਜਿਕ ਤਬਦੀਲੀ ਦਾ ਮੁੱਖ ਸਾਧਨ ਮੰਨਿਆ ਅਤੇ ਇਸ ਦੀ ਵਰਤੋਂ ਸਦੀਆਂ ਤੋਂ ਚੱਲੀ ਆ ਰਹੀ ਅਸਮਾਨਤਾ, ਜਾਤੀਵਾਦ ਅਤੇ ਅਮਾਨਵੀ ਸਮਾਜਿਕ ਵਿਵਸਥਾ ਨੂੰ ਖਤਮ ਕਰਨ ਲਈ ਕੀਤੀ। ਡਾਕਟਰ ਅੰਬੇਡਕਰ ਸਿੱਖਿਆ ਨੂੰ ਸਮਾਜਿਕ ਕ੍ਰਾਂਤੀ ਦਾ ਆਧਾਰ ਮੰਨਦੇ ਸਨ। ਉਨ੍ਹਾਂ ਦਾ ਵਿਚਾਰ ਸੀ, ''ਸਿੱਖਿਆ ਸ਼ੇਰਨੀ ਦਾ ਦੁੱਧ ਹੈ, ਜੋ ਪੀਏਗਾ ਉਹ ਦਹਾੜੇਗਾ'' ਉਹ ਖੁੱਲ੍ਹੇ ਵਿਚਾਰਾਂ ਵਾਲੇ ਤੇ ਲੋਕਤੰਤਰ ਪੱਖੀ ਸੋਚ ਵਾਲੇ ਅਜਿਹੇ ਇਨਸਾਨ ਸਨ ਜਿਸ ਨੇ ਡਿੱਗੇ ਪਏ ਲੋਕਾਂ ਨੂੰ ਨਿਆਂ, ਆਜ਼ਾਦੀ, ਬਰਾਬਰੀ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਵਾਸਤੇ ਲੜਾਈ ਲੜਨ ਲਈ ਹੱਲਾਸ਼ੇਰੀ ਦਿੱਤੀ।

ਡਾਕਟਰ ਅੰਬੇਡਕਰ ਦੇ ਜਨਮ ਸਮੇਂ ਅਛੂਤਤਾ ਦਾ ਬੋਲਬਾਲਾ ਸੀ। ਅਛੂਤ ਦੀ ਆਵਾਜ਼, ਛੋਹ ਤੇ ਪਰਛਾਵਾਂ ਤੱਕ ਦੂਜਿਆਂ ਲਈ ਮਾੜੇ ਸਮਝੇ ਜਾਂਦੇ ਸਨ। ਉਨ੍ਹਾਂ ਦੇ ਸਿਰਫ਼ ਫ਼ਰਜ਼ ਹੀ ਸਨ ਹੱਕ ਨਹੀ। ਇਨਸਾਨ ਹੋ ਕੇ ਵੀ ਉਹ ਪਸ਼ੂਆਂ ਤੋਂ ਭੈੜਾ ਜੀਵਨ ਬਤੀਤ ਕਰਦੇ ਸਨ। ਅਜਿਹੇ ਸਮਾਜਿਕ ਮਾਹੌਲ 'ਚ 14 ਅਪ੍ਰੈਲ 1891 ਨੂੰ ਮੱਧ ਪ੍ਰਦੇਸ਼ ਦੇ ਮਹੂ ਕਸਬੇ ਦੀ ਮਿਲਟਰੀ ਛਾਉਣੀ ਵਿਖੇ 'ਅੰਬੇਡਕਰ ਰੂਪੀ ਸੂਰਜ' ਪ੍ਰਕਾਸ਼ਮਾਨ ਹੋਇਆ, ਜਿਸ ਨੇ ਹੋਲੀ-ਹੋਲੀ ਸਮਾਜ ਦੀਆਂ ਕੁਰੀਤਿਆਂ ਦੇ ਹਨੇਰਿਆਂ ਨੂੰ ਆਪਣੇ ਗਿਆਨ ਦੀ ਰੌਸ਼ਨੀ ਨਾਲ ਚੀਰਨਾ ਸ਼ੁਰੂ ਕਰ ਦਿੱਤਾ। ਡਾਕਟਰ ਅੰਬੇਡਕਰ ਦੇ ਮਾਤਾ ਭੀਮਾ ਬਾਈ ਸੰਸਕਾਰਸ਼ੀਲ, ਸਹਿਣਸ਼ੀਲ ਅਤੇ ਸਮਝਦਾਰ ਇਸਤਰੀ ਸੀ। ਭੀਮਰਾਓ ਦੇ ਪਿਤਾ ਸੂਬੇਦਾਰ ਰਾਮਜੀ ਮਾਲੋਜੀ ਸਕਪਾਲ 'ਬ੍ਰਿਟਿਸ਼ ਇੰਡੀਅਨ ਆਰਮੀ' 'ਚ ਨੌਕਰੀ ਕਰਦੇ ਸਨ। ਭੀਮ ਰਾਓ ਅੰਬੇਡਕਰ ਦਾ ਉਪਨਾਮ ਸਕਪਾਲ ਸੀ ਪਰ ਉਨ੍ਹਾਂ ਦੇ ਪਿਤਾ ਜੀ ਨੇ ਸਕੂਲ ਦੇ ਰਜਿਸਟਰ 'ਚ 'ਅੰਬਾਵਡੇਕਰ' ਦਰਜ ਕਰਵਾਇਆਂ। ਮਰਾਠੀ ਲੋਕ ਆਪਣਾ ਉਪਨਾਮ ਬਣਾਉਣ ਲਈ ਆਪਣੇ ਪਿੰਡ ਦੇ ਨਾਂ ਪਿੱਛੇ 'ਕਰ' ਸ਼ਬਦ ਲਾ ਲੈਂਦੇ ਸਨ ਕਿਉਂਕਿ ਭੀਮ ਦਾ ਜੱਦੀ ਪਿੰਡ ਅੰਬਾਵਡੇ ਸੀ, ਇਸ ਲਈ ਪਿੰਡ ਦੇ ਨਾਂ ਪਿੱਛੇ 'ਕਰ' ਸ਼ਬਦ ਲੱਗਣ ਨਾਲ ਭੀਮ ਦਾ ਉਪ-ਨਾਮ ਅੰਬਾਵਡੇਕਰ ਬਣ ਗਿਆ। ਬਾਅਦ ਵਿੱਚ ਉਨ੍ਹਾਂ ਦੇ ਇਕ ਬ੍ਰਹਾਮਣ ਅਧਿਆਪਕ ਨੇ ਅੰਬਾਵਡੇਕਰ ਤੋਂ ਬਦਲ ਕੇ ਅੰਬੇਡਕਰ ਕਰ ਦਿੱਤਾ ਤਾਂ ਕਿ ਨਾਮ ਦੇ ਉਚਾਰਨ 'ਚ ਸੌਖ ਰਹੇ।

ਅਛੂਤ ਹੋਣ ਕਰਕੇ ਭੀਮ ਰਾਓ ਅੰਬੇਡਕਰ ਨੂੰ ਬਾਕੀ ਵਿਦਿਆਰਥੀਆਂ ਤੋਂ ਅਲੱਗ ਬੈਠਣਾ ਪੈਂਦਾ ਸੀ। ਉਨ੍ਹਾਂ ਨੂੰ ਦੂਜੀ ਭਾਸ਼ਾ ਦੇ ਤੌਰ 'ਤੇ ਸੰਸਕ੍ਰਿਤ ਪੜ੍ਹਨ ਦੀ ਆਗਿਆ ਨਹੀਂ ਸੀ।ਵਿਦਿਆਰਥੀ ਜੀਵਨ ਦੌਰਾਨ ਉਨ੍ਹਾਂ ਨੂੰ ਕ੍ਰਿਕਟ ਦਾ ਸ਼ੌਕ ਸੀ ਪਰ ਅਧਿਆਪਕ ਉਨ੍ਹਾਂ ਨੂੰ ਦੂਜੇ ਵਿਦਿਆਰਥੀਆਂ ਨਾਲ ਖੇਡਣ ਦੀ ਇਜਾਜ਼ਤ ਨਹੀਂ ਦਿੰਦੇ ਸਨ। ਇਕ ਵਾਰ ਖੂਹ ਤੋਂ ਪਾਣੀ ਪੀ ਲੈਣ ਕਾਰਨ ਭੀਮ ਨੂੰ ਲੋਕਾਂ ਨੇ ਬੇ-ਰਹਿਮੀ ਨਾਲ ਕੁੱਟ-ਕੁੱਟ ਕੇ ਸਾਰੇ ਸਰੀਰ 'ਤੇ ਲਾਸਾਂ ਪਾ ਦਿੱਤਿਆਂ। ਭਾਵੇਂ ਭੀਮ ਰਾਓ ਨੂੰ ਅਲੱਗ-ਅਲੱਗ ਸਮੇਂ ਜ਼ਲੀਲ ਕੀਤਾ ਜਾਂਦਾ ਰਿਹਾ ਪਰ ਉਨ੍ਹਾਂ ਨੇ ਹਿੰਮਤ ਨਾ ਹਾਰੀ ਸਗੋਂ ਆਪਣੇ ਚੰਗੇਰੇ ਭਵਿੱਖ ਲਈ ਗਿਆਨ ਭੰਡਾਰ ਇਕੱਠਾ ਕਰਦੇ ਰਹੇ। ਬਚਪਨ ਵਿਚ ਵਾਪਰੀਆਂ ਦੁੱਖਦਾਇਕ ਘਟਨਾਵਾਂ ਨੂੰ ਯਾਦ ਕਰਦਿਆ ਡਾਕਟਰ ਅੰਬੇਕਰ ਨੇ ਆਪਣੀ ਕਿਤਾਬ 'ਵੇਟਿੰਗ ਫ਼ਾਰ ਏ ਵੀਜ਼ਾ' ਵਿਚ ਜ਼ਿਕਰ ਕਰਦਿਆਂ ਲਿਖਿਆ: ''ਮੈਂ ਸਕੂਲ ਵਿੱਚ ਆਪਣੇ ਹਾਣੀਆਂ ਨਾਲ ਨਹੀਂ ਬੈਠ ਸਕਦਾ ਸੀ। ਮੈਨੂੰ ਇਕ ਕੋਨੇ ਵਿਚ ਇਕੱਲਾ ਬੈਠਣਾ ਪਿਆ। ਮੈਂ ਆਪਣੇ ਬੈਠਣ ਲਈ ਇੱਕ ਬੋਰੀ ਰੱਖੀ ਹੋਈ ਸੀ। ਮੇਰੇ ਅਛੂਤ ਹੋਣ ਕਰਕੇ ਸਕੂਲ ਦਾ ਸਫ਼ਾਈ ਸੇਵਕ ਉਸ ਬੋਰੀ ਨੂੰ ਹੱਥ ਨਹੀਂ ਸੀ। ਜਦੋਂ ਉੱਚ ਜਾਤੀ ਦੇ ਮੁੰਡਿਆਂ ਨੂੰ ਪਿਆਸ ਲੱਗਦੀ ਤਾਂ ਮਾਸਟਰ ਉਨ੍ਹਾਂ ਨੂੰ ਟੂਟੀ ਕੋਲ ਜਾ ਕੇ ਆਪਣੀ ਪਿਆਸ ਬੁਝਾਉਣ ਲਈ ਕਹਿ ਦਿੰਦੇ ਸਨ। ਪਰ ਮੇਰੀ ਗੱਲ ਵੱਖਰੀ ਸੀ। ਮੈਂ ਟੂਟੀ ਨੂੰ ਛੂਹ ਨਹੀਂ ਸਕਦਾ ਸੀ। ਇਸ ਲਈ ਜਦੋਂ ਮੈਂ ਪਾਣੀ ਪੀਣਾ ਹੁੰਦਾ ਤਾਂ ਮੈਨੂੰ ਮਾਸਟਰ ਦੀ ਆਗਿਆ ਤੋਂ ਬਾਅਦ ਚਪੜਾਸੀ ਦੀ ਸਹਾਇਤਾ ਵੀ ਲੈਣੀ ਪੈਂਦੀ। ਚਪੜਾਸੀ ਨਾ ਹੁੰਦਾ ਤਾਂ ਉਸ ਦਿਨ ਮੈਨੂੰ ਪਿਆਸਾ ਹੀ ਰਹਿਣਾ ਪੈਂਦਾ ਸੀ। (ਚਪੜਾਸੀ ਨਹੀਂ ਤਾਂ ਪਾਣੀ ਨਹੀਂ) ਮੇਰੀ ਭੈਣ ਹੀ ਘਰ ਕੱਪੜੇ ਧੋਂਦੀ ਸੀ। ਅਜਿਹਾ ਨਹੀਂ ਸੀ ਕਿ ਸਤਾਰਾ ਵਿੱਚ ਕੋਈ ਧੋਬੀ ਨਹੀਂ ਸੀ ਜਾਂ ਸਾਡੇ ਕੋਲ ਧੋਬੀ ਨੂੰ ਦੇਣ ਲਈ ਪੈਸੇ ਨਹੀਂ ਸਨ। ਸਾਡੀ ਭੈਣ ਨੂੰ ਕੱਪੜੇ ਤਾਂ ਧੋਣੇ ਪੈਂਦੇ ਸਨ ਕਿਉਂਕਿ ਕੋਈ ਵੀ ਧੋਬੀ ਸਾਡੇ ਅਛੂਤਾਂ ਦੇ ਕੱਪੜੇ ਧੋਣ ਨੂੰ ਉਹਾਂ'' ਨਹੀਂ ਸੀ ਕਰਦਾ। ਮੇਰੀ ਵੱਡੀ ਭੈਣ ਹੀ ਸਾਡੇ ਵਾਲ ਕੱਟਦੀ ਸੀ ਕਿਉਂਕਿ ਕੋਈ ਨਾਈ ਸਾਡੇ ਅਛੂਤਾਂ ਦੇ ਵਾਲ ਨਹੀਂ ਸੀ ਕੱਟਦਾ।'' (ਨਾਈ ਆਪਣੇ ਉਸਤਰੇ ਨਾਲ ਜਾਨਵਰਾਂ ਦੇ ਵਾਲ ਤਾਂ ਮੁੰਨ ਦਿੰਦਾ ਪਰ ਇਨਸਾਨਾਂ ਦੇ ਵਾਲ ਕੱਟਣ ਨਾਲ ਉਸ ਦਾ ਉਸਤਰਾ ਭਿੱਟਿਆ ਜਾਂਦਾ!)

1907 'ਚ ਕਿਸੇ ਅਛੂਤ ਵੱਲੋਂ ਮੈਟ੍ਰਿਕ ਪਾਸ ਕਰ ਲੈਣਾ ਕਿਸੇ ਅਜੂਬੇ ਤੋਂ ਘੱਟ ਨਹੀ ਸੀ। ਘਰ ਦੀ ਆਰਥਿਕ ਹਾਲਤ ਕਮਜ਼ੋਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਮੁੰਬਈ ਦੇ ਐਲਿਫ਼ਸਟੋਨ ਕਾਲਜ਼ ਤੋਂ ਬੀ. ਏ. ਪਾਸ ਕਰ ਲਈ। ਬੜੋਦਾ ਰਿਆਸਤ ਦੇ ਮਹਾਰਾਜਾ ਨੇ 1913 'ਚ ਕੁੱਝ ਲੜਕਿਆਂ ਨੂੰ ਉੱਚ ਵਿੱਦਿਆ ਹਾਸਲ ਕਰਨ ਲਈ ਅਮਰੀਕਾ ਭੇਜਿਆ, ਜਿੰਨਾਂ 'ਚ ਭੀਮ ਰਾਓ ਅੰਬੇਡਕਰ ਵੀ ਸਨ। ਅਮਰੀਕਾ ਵਿਚਲੀ ਜ਼ਿੰਦਗੀ ਬਿਲਕੁਲ ਨਵੀਂ ਸੀ। ਹੋਰ ਵਿਦਿਆਰਥੀਆਂ ਅਤੇ ਸਹਿਪਾਠੀਆਂ ਨਾਲ ਉਹ ਆਜ਼ਾਦੀ ਨਾਲ ਤੁਰ-ਫਿਰ ਸਕਦਾ ਸੀ। ਉਹ ਪੜ੍ਹ ਸਕਦਾ, ਲਿਖ ਸਕਦਾ, ਨਹਾ ਸਕਦਾ ਅਤੇ ਬਰਾਬਰੀ ਦੀ ਭਾਵਨਾ ਨਾਲ ਆਰਾਮ ਕਰ ਸਕਦਾ ਸੀ। 1915 'ਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਆਪ ਨੇ ਐਮ. ਏ. ਦੀ ਡਿਗਰੀ ਪ੍ਰਾਪਤ ਕਰ ਲਈ। ਅਮਰੀਕਾ ਦੇ ਆਜ਼ਾਦ, ਖੁਸ਼ਹਾਲ ਤੇ ਖੁੱਲ ਭਰੇ ਵਾਤਾਵਰਣ ਨੂੰ ਵੇਖ ਕੇ ਅੰਬੇਡਕਰ ਦਾ ਦਿਲ ਤੰਗੀਆਂ-ਤੁਰਸ਼ੀਆਂ ਸਹਿੰਦੇ, ਗੁਲਾਮੀਆਂ ਹੰਢਾਉਂਦੇ ਅਛੂਤ ਭਰਾਵਾਂ ਲਈ ਤੜਪ ਉੱਠਿਆ। ਮਈ 1916 'ਚ ਕੋਲੰਬੀਆ ਯੂਨਿਵਰਸਿਟੀ 'ਚ 'ਜਾਤ-ਪਾਤ ਦੀ ਉਤਪਤੀ, ਬਣਤਰ ਅਤੇ ਵਿਕਾਸ' ਵਿਸ਼ੇ 'ਤੇ ਲੰਬਾ ਲੇਖ ਲਿਖਿਆ ਤਾਂ ਉਨ੍ਹਾਂ ਨੇ 'ਨੇਸ਼ਨਲ ਡਿਵੀਡੈਂਡ ਆਫ਼ ਇੰਡੀਆ' ਥੀਸਸ ਲਿਖਿਆ, ਜਿਸ ਨਾਲ ਉਨ੍ਹਾਂ ਨੇ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਤਰ੍ਹਾਂ ਉਹ ਭੀਮ ਰਾਓ ਤੋਂ ਡਾਕਟਰ ਭੀਮ ਰਾਓ ਅੰਬੇਡਕਰ ਬਣ ਗਏ। ਹੋਰ ਪੜ੍ਹਾਈ ਕਰਨ ਲਈ ਉਹ ਇੰਗਲੈਂਡ ਜਾਣਾ ਚਾਹੁੰਦੇ ਸਨ ਇਸ ਲਈ ਪੈਸਿਆਂ ਦਾ ਇੰਤਜ਼ਾਮ ਕਰਨ ਦੇ ਮਕਸਦ ਵਜੋਂ ਉਨ੍ਹਾਂ ਨੇ ਬੰਬਈ ਦੇ ਇਕ ਕਾਲਜ ਅੰਦਰ ਪ੍ਰੋਫ਼ੈਸਰ ਵਜੋਂ ਨੌਕਰੀ ਕਰ ਲਈ। ਇੱਥੇ ਕੁੱਝ ਗੁਜਰਾਤੀ ਪ੍ਰੋਫ਼ੈਸਰਾਂ ਨੇ ਡਾ. ਸ਼ਾਹਿਬ ਦੇ ਸਾਂਝੇ ਘੜੇ ਚੋਂ ਪਾਣੀ ਪੀਣ ਤੇ ਇਤਰਾਜ਼ ਕੀਤਾ। ਪੈਰ ਪੈਰ 'ਤੇ ਅਪਮਾਨ ਹੋਣ ਦੇ ਬਾਵਜੂਦ ਵੀ ਉਹ ਸਮਾਜਿਕ ਸੁਧਾਰਾਂ ਲਈ ਸਿਰ-ਤੋੜ ਯਤਨ ਕਰਦੇ ਰਹੇ। ਇਸ ਤੋਂ ਬਾਅਦ, ਸਤੰਬਰ 1920 ਵਿਚ, ਭੀਮ ਰਾਓ ਅੰਬੇਡਕਰ ਨੇ 'ਲੰਡਨ ਸਕੂਲ ਆਫ਼ ਇਕਨਾਮਿਕਸ ਐਂਡ ਪੋਲੀਟੀਕਲ ਸਾਇੰਸ' ਵਿਚ ਅਰਥ ਸ਼ਾਸਤਰ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ 'ਗ੍ਰੇਅਜ਼ ਇਨ' (Gray's Inn) ਵਿਖੇ ਕਾਨੂੰਨ ਦੀ ਪੜ੍ਹਾਈ ਵੀ ਅਰੰਭ ਕਰ ਦਿੱਤੀ। ਗ੍ਰੇਅਜ਼ ਇਨ ਉਸ ਸਮੇਂ ਦੇ ਪ੍ਰਸਿੱਧ ਕਾਨੂੰਨੀ ਅਦਾਰਿਆਂ ਵਿੱਚੋਂ ਇੱਕ ਸੀ। ਉਨ੍ਹਾ ਦੇ ਥੀਸਸ ਦਾ ਨਾਂ 'ਬਰਤਾਨਵੀ ਭਾਰਤ ਵਿਚ ਪ੍ਰਵਿੰਨਸ਼ਲ ਡੀਸੈਂਟਰੇਲਾਈਜੇਸ਼ਨ ਆਫ਼ ਇੰਪੀਰੀਅਲ ਫਾਈਨੈਂਸ' ਸੀ। ਇਸ ਥੀਸਸ ਲਈ ਲੰਡਨ ਸਕੂਲ ਆਫ਼ ਇਕਨਾਮਿਕਸ ਨੇ ਡਾਕਟਰ ਅੰਬੇਡਕਰ ਨੂੰ ਜੂਨ, 1921 ਵਿਚ 'ਮਾਸਟਰ ਆਫ਼ ਸਾਇੰਸ' (M.Sc) ਦੀ ਡਿਗਰੀ ਪ੍ਰਦਾਨ ਕੀਤੀ ਗਈ। ਆਪਣਾ ਦੂਜਾ ਪ੍ਰਸਿੱਧ ਥੀਸਸ, 'ਰੁਪਏ ਦੀ ਸਮੱਸਿਆ: ਇਸ ਦੀ ਉਤਪਤੀ ਤੇ ਇਸ ਦਾ ਹੱਲ' ਉਨ੍ਹਾਂ ਨੇ 1923 ਵਿਚ ਪੂਰਾ ਕਰਕੇ ਲੰਡਨ ਯੂਨੀਵਰਸਿਟੀ ਵਿਚ ਦੇ ਦਿੱਤਾ। ਜੋ ਪ੍ਰੀਖਿਅਕਾਂ ਨੇ ਪ੍ਰਵਾਨ ਕਰ ਲਿਆ ਤੇ ਉਨ੍ਹਾਂ ਨੂੰ 'ਡਾਕਟਰ ਆਫ਼ ਸਾਇੰਸ' (D.Sc.) ਦੀ ਡਿਗਰੀ ਪ੍ਰਦਾਨ ਕੀਤੀ ਗਈ। ਡਾਕਟਰ ਅੰਬੇਡਕਰ ਦਾ ਇਹ ਥੀਸਸ (The Problem of the Rupee: Its Origin and Its Solution) ਭਾਰਤ ਦੀ ਆਰਥਿਕ ਅਤੇ ਵਿੱਤ ਨੀਤੀ ਵਿੱਚ ਇੱਕ ਮੀਲ ਪੱਥਰ ਸਾਬਤ ਹੋਇਆ। ਉਨ੍ਹਾਂ ਦੇ ਮੁਦਰਾ ਸੰਬੰਧੀ ਵਿਸ਼ਲੇਸ਼ਣ ਨੇ ਭਵਿੱਖ ਵਿੱਚ ਭਾਰਤ ਦੀ ਆਰਥਿਕ ਨੀਤੀ ਅਤੇ 'ਰਿਜ਼ਰਵ ਬੈਂਕ ਆਫ਼ ਇੰਡੀਆ' ਦੀ ਸਥਾਪਨਾ ਲਈ ਮੂਲ ਅਧਾਰ ਪ੍ਰਦਾਨ ਕੀਤਾ। ਇਸ ਥੀਸਸ ਨੇ ਡਾਕਟਰ ਅੰਬੇਡਕਰ ਦਾ ਨਾਂ ਸਿਰਫ਼ ਭਾਰਤ ਦੇ ਵਿਦਵਾਨਾਂ 'ਚ ਹੀ ਨਹੀਂ ਸਗੋਂ ਦੁਨੀਆਂ ਦੇ ਵਿਦਵਾਨਾਂ ਵਿਚ ਸ਼ਾਮਲ ਕਰ ਦਿੱਤਾ। ਲੰਡਨ 'ਚ ਪੜ੍ਹਾਈ ਪੂਰੀ ਕਰਨ ਮਗਰੋਂ ਡਾਕਟਰ ਅੰਬੇਡਕਰ ਅਪ੍ਰੈਲ-ਮਈ 1922 ਵਿਚ ਜਰਮਨੀ ਦੀ 'ਬਾਨ ਯੂਨੀਵਰਸਿਟੀ' ਵਿਚ ਪੜ੍ਹਾਈ ਕਰਨ ਲਈ ਚਲੇ ਗਏ। ਅਜੇ ਉੱਥੇ ਤਿੰਨ ਕੁ ਮਹੀਨੇ ਹੀ ਹੋਏ ਸਨ ਯੂਨੀਵਰਸਿਟੀ ਤੋਂ ਬੁਲਾਵਾ ਆ ਗਿਆ। 'ਗ੍ਰੇਅਜ਼ ਇਨ' ਵਿਖੇ 1923 ਵਿਚ ਕਾਨੂੰਨ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਡਾਕਟਰ ਅੰਬੇਡਕਰ ਨੂੰ 'ਬਾਰ ਐਟ ਲਾਅ' ਦੀ ਡਿਗਰੀ ਪ੍ਰਦਾਨ ਕੀਤੀ ਗਈ। (ਸਮਾਂ ਬੀਤਣ ਦੇ ਨਾਲ-ਨਾਲ ਡਾਕਟਰ ਅੰਬੇਡਕਰ ਨੂੰ ਉਨ੍ਹਾਂ ਦੇ ਸਮਾਜਿਕ, ਰਾਜਨੀਤਿਕ ਅਤੇ ਸੰਵਿਧਾਨਕ ਯੋਗਦਾਨ ਲਈ ਕਈ ਆਨਰੇਰੀ ਡਿਗਰੀਆਂ ਨਾਲ ਸਨਮਾਨਿਤ ਕੀਤਾ ਗਿਆ। ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਨੇ ਉਨ੍ਹਾਂ ਨੂੰ 1952 ਵਿਚ 'ਡਾਕਟਰ ਆਫ਼ ਲਾਅਜ਼' ਦੀ ਡਿਗਰੀ ਪ੍ਰਦਾਨ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੂੰ ਭਾਰਤ ਉਸਮਾਨੀਆ ਯੂਨੀਵਰਸਿਟੀ ਅਤੇ ਹੈਦਰਾਬਾਦ ਮਰਾਠਵਾੜਾ ਯੂਨੀਵਰਸਿਟੀ (ਹੁਣ ਡਾਕਟਰ ਬਾਬਾ ਸਾਹਿਬ ਅੰਬੇਡਕਰ ਮਰਾਠਵਾੜਾ ਯੂਨੀਵਰਸਿਟੀ), ਔਰੰਗਾਬਾਦ ਨੇ ਵੱਲੋਂ 'ਡਾਕਟਰ ਆਫ਼ ਲਿਟਰੇਚਰ' ਦੀ ਡਿਗਰੀ ਦਿੱਤੀ ਗਈ।)

ਹੁਣ ਭੀਮ ਰਾਓ ਅੰਬੇਡਕਰ ਇਕ ਬੈਰਿਸਟਰ ਸੀ ਜਿਸ ਕੋਲ ਲੰਡਨ ਵਾਲੀ 'ਡਾਕਟਰ ਆਫ਼ ਸਾਇੰਸ' ਦੀ ਡਿਗਰੀ, ਅਮਰੀਕਾ ਦੀ 'ਡਾਕਟਰ ਆਫ਼ ਫ਼ਿਲਾਸਫ਼ੀ' ਦੀ ਡਿਗਰੀ ਅਤੇ ਜਰਮਨੀ ਦੀ ਬੋਨ ਯੂਨੀਵਰਸਿਟੀ ਦੀ ਪੜ੍ਹਾਈ ਸੀ। ਇਸ ਤਰ੍ਹਾਂ ਇਕ ਵਕੀਲ ਦੇ ਨਾਂ 'ਤੇ ਹੁਣ ਉਸ ਪਾਸ ਬਹੁਤ ਕੁਝ ਸੀ ਜੋ ਵਿਗੜੀ ਹੋਈ ਭਾਰਤੀ ਸਮਾਜਿਕ ਵਿਵਸਥਾ ਨੂੰ ਸੁਧਾਰਨ ਲਈ ਕਾਫ਼ੀ ਸੀ। ਅੰਬੇਡਕਰ ਦਾ ਮੰਨਣਾ ਸੀ ਕਿ ਸਿੱਖਿਆ ਬਿਨਾਂ ਸਮਾਜ ਦੀਆਂ ਜੰਜੀਰਾਂ, ਜਿਵੇਂ ਜਾਤੀਵਾਦ, ਗ਼ਰੀਬੀ ਅਤੇ ਅੰਧਵਿਸ਼ਵਾਸ ਨੂੰ ਤੋੜਿਆ ਨਹੀਂ ਜਾ ਸਕਦਾ। ਇਸ ਵਿਚਾਰ ਨੂੰ ਅਮਲੀ ਰੂਪ ਦੇਣ ਲਈ, ਉਨ੍ਹਾਂ ਨੇ 1924 ਵਿੱਚ 'ਬਹਿਸਕ੍ਰਿਤ ਹਿਤਕਾਰਿਣੀ ਸਭਾ' ਦੀ ਸਥਾਪਨਾ ਕੀਤੀ, ਜਿਸ ਦਾ ਮੁੱਖ ਉਦੇਸ਼ ਦਲਿਤ ਅਤੇ ਪਛੜੇ ਸਮਾਜ ਵਿੱਚ ਸਿੱਖਿਆ ਦਾ ਪ੍ਰਸਾਰ ਕਰਨਾ ਸੀ।ਉਨ੍ਹਾ ਨੇ ਆਪਣੀ ਸਿੱਖਿਆ ਨੂੰ ਸਮਾਜ ਨਾਲ ਜੋੜਿਆ। ਉਨ੍ਹਾਂ



ਦਾ ਵਿਚਾਰ ਸੀ ਕਿ ਸਿੱਖਿਆ ਸਿਰਫ਼ ਕਿਤਾਬੀ ਗਿਆਨ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਇਸ ਨੂੰ ਸਮਾਜਿਕ ਬਦਲਾਅ ਦਾ ਮਾਧਿਅਮ ਬਣਨਾ ਚਾਹੀਦਾ ਹੈ। ਮਹਾੜ ਸਤਿਆਗ੍ਰਹਿ (1927) ਇਸ ਦਾ ਸਭ ਤੋਂ ਪ੍ਰਮੁੱਖ ਉਦਾਹਰਣ ਹੈ, ਜਿੱਥੇ ਅੰਬੇਡਕਰ ਨੇ ਦਲਿਤਾਂ ਨੂੰ ਜਨਤਕ ਚੌਰਾਹੇ ਦੇ ਪਾਣੀ ਦੇ ਟੈਂਕ ਤੱਕ ਪਹੁੰਚ ਦਾ ਹੱਕ ਦਿਵਾਇਆ। ਇਹ ਸੰਘਰਸ਼ ਸਿਰਫ਼ ਪਾਣੀ ਦੀ ਪਹੁੰਚ ਲਈ ਨਹੀਂ ਸੀ, ਸਗੋਂ ਸਮਾਜਿਕ ਬਰਾਬਰੀ ਅਤੇ ਮਾਨਵੀ ਅਧਿਕਾਰਾਂ ਦੀ ਲੜਾਈ ਸੀ। ਇਸ ਵਿੱਚ ਉਨ੍ਹਾਂ ਦੀ ਸਿੱਖਿਆ ਨੇ ਉਨ੍ਹਾਂ ਨੂੰ ਤਰਕਸ਼ੀਲਤਾ, ਕਾਨੂੰਨੀ ਗਿਆਨ ਅਤੇ ਸੰਗਠਨਾਤਮਕ ਸਮਰੱਥਾ ਪ੍ਰਦਾਨ ਕੀਤੀ, ਜਿਸ ਨਾਲ ਉਹ ਰੂੜ੍ਹੀਵਾਦੀ ਸਮਾਜਿਕ ਢਾਂਚੇ ਨੂੰ ਚੁਣੌਤੀ ਦੇ ਸਕੇ। ਇਸ ਤੋਂ ਬਾਅਦ 1930 ਵਿੱਚ ਕਾਲਾਰਾਮ ਮੰਦਰ ਸਤਿਆਗ੍ਰਹਿ ਵਿੱਚ ਅੰਬੇਡਕਰ ਨੇ ਦਲਿਤਾਂ ਨੂੰ ਮੰਦਰ ਵਿੱਚ ਪ੍ਰਵੇਸ਼ ਦਾ ਹੱਕ ਦਿਵਾਉਣ ਲਈ ਸੰਘਰਸ਼ ਕੀਤਾ। ਇਸੇ ਤਰ੍ਹਾਂ 1930 ਤੋਂ 1932 ਤੱਕ ਵਿਚ ਲੰਡਨ ਵਿਖੇ ਹੋਈਆਂ ਤਿੰਨ ਗੋਲਮੇਜ਼ ਕਾਨਫ਼ਰੰਸਾਂ ਵਿਚ ਡਾ. ਅੰਬੇਦਕਰ ਨੇ ਸਮਾਜਿਕ ਸੁਧਾਰਾਂ ਲਈ ਅਛੂਤਾਂ ਦੇ ਮਸਲੇ ਉਭਾਰ ਕੇ ਸੰਸਾਰ ਦੇ ਦੂਜੇ ਦੇਸਾਂ ਦਾ ਧਿਆਨ ਖਿੱਚਿਆ।

ਡਾਕਟਰ ਅੰਬੇਡਕਰ ਦਾ ਪਰਿਵਾਰਕ ਜੀਵਨ ਹਮੇਸ਼ਾ ਹੀ ਦੁਖਦਾਈ ਰਿਹਾ। ਸਮਾਜਿਕ ਪ੍ਰੀਵਰਤਨ ਦੇ ਸਫ਼ਰ ਦੌਰਾਨ ਆਪ ਦੇ ਚਾਰ ਬੱਚੇ ਚਲਾਣਾ ਕਰ ਗਏ ਤੇ 27 ਮਈ 1935 ਨੂੰ ਆਪ ਦੀ ਧਰਮ ਪਤਨੀ ਵੀ ਵਿਛੋੜਾ ਦੇ ਗਈ। ਡਾਕਟਰ ਅੰਬੇਡਕਰ ਨੂੰ ਸੁਰਤ ਸੰਭਾਲਦਿਆਂ ਹੀ ਨਫ਼ਰਤ, ਘ੍ਰਿਣਾ, ਕੁਟਮਾਰ ਅਤੇ ਅਮਾਨਵੀ ਵਤੀਰੇ ਦਾ ਸਾਹਮਣਾ ਕਰਣਾ ਪਿਆ ਅੰਤ ਦੁੱਖੀ ਹੋ ਕੇ 13 ਅਕਤੂਬਰ 1935 ਨੂੰ ਯਿਓਲਾ ਵਿਖੇ ਕਾਨਫ਼ਰੰਸ 'ਚ ਡਾਕਟਰ ਅੰਬੇਡਕਰ ਨੇ ਡੇਢ ਘੰਟੇ ਦੇ ਭਾਵਨਾਵਾਂ ਭਰੇ ਭਾਸ਼ਣ ਦੌਰਾਨ ਇਹ ਐਲਾਨ ਕੀਤਾ ਸੀ, ਉਮੈਂ ਹਿੰਦੂ ਧਰਮ ਵਿਚ ਜਨਮਿਆਂ ਹਾਂ, ਪਰ ਹਿੰਦੂ ਧਰਮ ਵਿਚ ਮਰਾਂਗਾ ਨਹੀਂ।'' ਡਾਕਟਰ ਅੰਬੇਡਕਰ ਭਾਵੇਂ ਸਿੱਖ ਧਰਮ ਗ੍ਰਹਿਣ ਕਰਨਾ ਚਾਹੁੰਦੇ ਸਨ ਪਰ ਕੁੱਝ ਕਾਰਨਾ ਕਰਕੇ ਅਜਿਹਾ ਨਹੀਂ ਹੋ ਸਕਿਆ। ਬਾਅਦ ਵਿਚ ਉਨ੍ਹਾਂ ਨੇ ਆਪਣੇ ਲੱਖਾਂ ਪੈਰੋਕਾਰਾਂ ਸਮੇਤ 14 ਅਕਤੂਬਰ 1956 ਨੂੰ ਨਾਗਪੁਰ ਵਿਖੇ ਬੁੱਧ ਧਰਮ ਧਾਰਨ ਕੀਤਾ ਸੀ। 1956 'ਚ ਡਾਕਟਰ ਅੰਬੇਦਕਰ ਸਾਹਿਬ ਨੇ ਬੀ.ਬੀ.ਸੀ. ਤੋਂ ਪ੍ਰਸਾਰਿਤ ਕੀਤੇ ਇਕ ਭਾਸ਼ਣ 'ਚ ਕਿਹਾ ਕਿ ਉਹ ਬੁੱਧ ਧਰਮ ਨੂੰ ਇਸ ਲਈ ਮੰਨਦੇ ਹਨ ਕਿਉਂਕਿ ਇਸ 'ਚ ਤਿੰਨੇ ਅਸੂਲ ਇਕ ਥਾਂ ਮਿਲਦੇ ਹਨ। ਬੁੱਧ ਧਰਮ ਵਹਿਮ-ਪ੍ਰਸਤੀ ਦੀ ਥਾਂ ਸੂਝ ਦੀ ਸਿੱਖਿਆ ਦਿੰਦਾ ਹੈ।ਇਹ ਵਿਚਾਰ ਤੇ ਬਰਾਬਰੀ ਸਿਖਾਉਂਦਾ ਹੈ।

ਡਾਕਟਰ ਅੰਬੇਡਕਰ ਸਾਹਿਬ ਦੀ ਸ਼ਖ਼ਸੀਅਤ ਇਕ ਦਰਿਆ ਵਰਗੀ ਸੀ। ਜਿਸ 'ਚ ਨਿੱਤ ਨਵਾਂ ਵਿਕਾਸ ਹੁੰਦਾ ਰਿਹਾ।ਉਨ੍ਹਾਂ ਦਾ ਵਿਚਾਰ ਸੀ ਕਿ ਗ਼ਲਾਮਾਂ ਨੂੰ ਦੱਸ ਦਿਓ ਕਿ ਉਹ ਗੁਲਾਮ ਹਨ, ਫਿਰ ਉਹ ਆਪ ਹੀ ਬਗਾਵਤ ਕਰ ਦੇਣਗੇ। ਡਾਕਟਰ ਸਾਹਿਬ ਆਪਣੇ ਭਾਸ਼ਣ ਵਿੱਚ ਬੜਾ ਜ਼ੋਰ ਦੇ ਕੇ ਇਹ ਗੱਲ ਕਿਹਾ ਕਰਦੇ ਸਨ ਕਿ ਅਜਿਹੇ ਲੋਕਾਂ ਨਾਲ ਸੰਗਤ ਨਾ ਕਰੋ ਜੋ ਇਹ ਕਹਿੰਦੇ ਹਨ ਕਿ ਪ੍ਰਮਾਤਮਾ ਸਰਬਵਿਆਪੀ ਹੈ ਪਰ ਆਪਣੇ ਹੀ ਸਹਿਯੋਗੀ ਪੁਰਸ਼ ਨੂੰ ਪਸ਼ੂ ਤੋਂ ਵੀ ਭੈੜਾ ਸਮਝਦੇ ਹਨ। ਅਜਿਹੇ ਲੋਕ ਪਖੰਡੀ ਹਨ। ਅਜਿਹੇ ਲੋਕਾਂ ਨਾਲ ਮਿਲਵਰਤਨ ਕਰਨ ਦਾ ਕੀ ਫ਼ਾਇਦਾ ਜੋ ਕੀੜੀਆਂ ਦੇ ਭੋਣ 'ਤੇ ਮਿੱਠਾ ਜਾਂ ਚੌਲ ਖਿਲਾਰਦੇ ਹਨ ਪਰ ਆਦਮੀ ਹੋ ਕੇ ਦਲਿਤ ਨੂੰ ਪਾਣੀ ਪੀਣ ਤੋਂ ਮਨ੍ਹਾ ਕਰਕੇ ਭੁੱਖਾ-ਪਿਆਸਾ ਮਾਰ ਦਿੰਦੇ ਹਨ।ਉਹ ਲੋਕਾਂ ਨੂੰ ਥਾਪੀ ਦੇ ਕੇ ਕਿਹਾ ਕਰਦੇ ਸਨ, ''ਉੱਠੋ, ਤੁਸੀਂ ਤਾਂ ਸ਼ੇਰ ਹੋ, ਸ਼ੇਰ ਬਣ ਕੇ ਦਿਖਾਓ, ਬਲੀ ਸ਼ੇਰਾਂ ਦੀ ਨਹੀਂ, ਭੇਡਾਂ-ਬੱਕਰੀਆਂ ਦੀ ਦਿੱਤੀ ਜਾਂਦੀ ਹੈ। ਤੁਹਾਡੇ ਵਿੱਚ ਇੱਕ ਜੋਤ ਹੈ, ਜੋ ਬੁਝ ਚੁੱਕੀ ਹੈ। ਲੋੜ ਹੈ ਉਸ ਜੋਤ ਨੂੰ ਜਗਾਉਣ ਦੀ, ਆਪਣੀ ਰੋਸ਼ਨੀ ਆਪ ਬਣੋ। ਰੋਸ਼ਨੀ ਲੈਣ ਲਈ ਕਿਸੇ ਹੋਰ ਦੀ ਓਟ ਦੇ ਆਸਰੇ ਨਾ ਰਹੋ। ਸੱਚ ਦੀ ਸ਼ਰਨ ਲਵੋ, ਕਿਸੇ ਹੋਰ ਦੀ ਸ਼ਰਨ ਨਾ ਤੱਕੋ।'' ਡਾਕਟਰ ਅੰਬੇਦਕਰ ਗਿਆਨ ਨੂੰ ਇਕ ਸ਼ਕਤੀ ਵਜੋਂ ਲੈਂਦੇ ਸਨ। ਉਹ ਕਿਹਾ ਕਰਦੇ ਸਨ ਕਿ ਅਨੁਸੂਚਿਤ ਜਾਤੀਆਂ ਦੇ ਲੋਕ ਉਨ੍ਹਾਂ ਚਿਰ ਆਪਣੀ ਸੁਤੰਤਰਤਾ ਅਤੇ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ ਜਿੰਨ੍ਹਾਂ ਚਿਰ ਉਹ ਗਿਆਨ ਦੇ ਖ਼ੇਤਰ 'ਚ ਡੂੰਘਾ ਨਹੀਂ ਉਤਰਦੇ। ਉਹ ਚਾਹੁੰਦੇ ਸਨ ਕਿ ਦਲਿਤ ਸਮਾਜ ਦੇ ਵਿਦਿਆਰਥੀ ਗਿਆਨ ਹਾਸਲ ਕਰਨ ਅਤੇ ਸਮਾਜ ਨੂੰ ਅਗਵਾਈ ਦੇਣ। ਪਰ ਬਾਬਾ ਸਾਹਿਬ ਦੀ ਇਸ ਉਮੀਦ ਨੂੰ ਬੂਰ ਨਾ ਪਿਆ ਅਤੇ ਉਨ੍ਹਾਂ ਨੂੰ ਭਰੇ ਮਨ ਨਾਲ 18 ਮਾਰਚ 1956 'ਚ ਆਗਰਾ ਵਿਖੇ ਕਿਹਾ, ਉਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ ਹੈ।'' ਉਨ੍ਹਾਂ ਦੇ ਦਿੱਤੇ ਪਹਿਲੇ ਆਦੇਸ਼ 'ਸਿੱਖਿਅਤ ਬਣੋ' ਦੇ ਅਨੁਸਾਰ ਕੁੱਝ ਲੋਕਾਂ ਨੇ ਵਿੱਦਿਆ ਪ੍ਰਾਪਤੀ ਨੂੰ ਆਪਣੀ ਨਿੱਜੀ ਸਫ਼ਲਤਾ ਦਾ ਸਾਧਨ ਬਣਾ ਕੇ ਆਪਣੇ ਪਰਿਵਾਰ ਤੱਕ ਹੀ ਸੀਮਤ ਕਰ ਲਿਆ। ਦੂਜਾ ਆਦੇਸ਼ 'ਸੰਘਰਸ਼ ਕਰੋ' ਨੂੰ ਸਿਰਫ ਸਿਆਸੀ ਲੀਡਰਾਂ ਦਾ ਕੰਮ ਸਮਝ ਕੇ ਉਸ ਨੂੰ ਅਣਗੌਲਿਆ ਕਰ ਦਿੱਤਾ। ਤੀਜੇ ਆਦੇਸ਼ 'ਸੰਗਠਿਤ ਹੋਵੋ' ਦੇ ਅਨੁਸਾਰ ਉਸ ਬਾਰੇ ਸਮਾਜ ਦਾ ਰਵੱਈਆ ਹੀ ਉਲਟ ਦਿਸ਼ਾ ਵੱਲ ਹੋ ਗਿਆ ਲੱਗਦਾ।

ਬਾਬਾ ਸਾਹਿਬ ਨੂੰ ਵਧੇਰੇ ਕਰਕੇ ਸੰਵਿਧਾਨ ਦੇ ਨਿਰਮਾਤਾ ਵੱਜੋਂ ਜਾਣਿਆ ਜਾਂਦਾ ਹੈ। ਜਦੋਂ ਪਹਿਲੇ ਕੇਂਦਰੀ ਮੰਡਲ 'ਚ ਆਪ ਨੂੰ ਕਾਨੂੰਨ ਮੰਤਰੀ ਬਣਾਇਆ ਗਿਆ ਤਾਂ ਅੰਬੇਡਕਰ ਸਾਹਿਬ ਨੇ ਔਰਤਾਂ ਦੀ ਉਨਤੀ ਤੇ ਮੁਕਤੀ ਵਾਸਤੇ ਪੂਰੀ ਵਾਹ ਲਾਈ ਤੇ ਔਰਤਾਂ ਦੇ ਰੁਤਬੇ ਨੂੰ ਵਧਾਉਣ ਲਈ ਸੰਵਿਧਾਨ ਸਭਾ ਵਿੱਚ ਹਿੰਦੂ ਕੋਡ ਬਿੱਲ ਪੇਸ਼ ਕੀਤਾ। ਆਪ ਭਾਵੇਂ ਕਿਸੇ ਵੀ ਅਹੁਦੇ 'ਤੇ ਰਹੇ ਆਪ ਦਾ ਪ੍ਰਮੁੱਖ ਉਦੇਸ਼ ਸਮਾਜ ਦੀ ਭਲਾਈ ਹੀ ਰਿਹਾ।ਬਾਬਾ ਸਾਹਿਬ ਨੇ 21 ਕਿਤਾਬਾਂ ਵੀ ਲਿਖੀਆਂ। ਗਰੀਬ ਲੋਕਾਂ ਦੇ ਹੱਕਾਂ ਲਈ ਲੜਦੀ ਇਹ ਸ਼ਖ਼ਸੀਅਤ 6 ਦਸੰਬਰ 1956 ਨੂੰ ਸਦਾ ਲਈ ਅਲੋਪ ਹੋ ਗਈ। ਉਨ੍ਹਾਂ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਮਹਾਨ ਕਾਰਜਾਂ ਨੂੰ ਸਲਾਮ ਕਰਦਿਆਂ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1990 ਵਿੱਚ ਸਰਵਉੱਚ ਸਨਮਾਨ 'ਭਾਰਤ ਰਤਨ' ਨਾਲ ਨਿਵਾਜ਼ਿਆ।

ਡਾਕਟਰ ਅੰਬੇਡਕਰ ਸਿੱਖਿਆ ਅਤੇ ਸਮਾਜ ਸੁਧਾਰ ਦੇ ਉਹ ਪ੍ਰਤੀਕ ਹਨ, ਜਿਨ੍ਹਾਂ ਨੇ ਸਾਬਤ ਕੀਤਾ ਕਿ ਗਿਆਨ, ਸੰਘਰਸ਼ ਅਤੇ ਸਮਾਜਿਕ ਜਾਗਰੂਕਤਾ ਦੇ ਸੁਮੇਲ ਨਾਲ ਸਦੀਆਂ ਤੋਂ ਚੱਲੀਆਂ ਆ ਰਹੀਆਂ ਅਸਮਾਨਤਾਵਾਂ ਤੇ ਕੁਰੀਤੀਆਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ ਤੇ ਇੱਕ ਪ੍ਰਗਤੀਸ਼ੀਲ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।

ਦੇਸ਼ਾਂ-ਵਿਦੇਸ਼ਾਂ ਵਿੱਚ ਹਰ ਸਾਲ 14 ਅਪ੍ਰੈਲ ਨੂੰ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦੀ ਜਯੰਤੀ ਬਹੁਤ ਧੁਮ-ਧਾਮ ਨਾਲ ਮਨਾਈ ਜਾਂਦੀ ਹੈ। ਲੋਕ ਜਾਗ੍ਰਿਤ ਹੋ ਰਹੇ ਹਨ। ਹੋਲੀ-ਹੋਲੀ ਆਰਥਿਕ ਅਤੇ ਸਮਾਜਿਕ ਤਬਦੀਲੀ ਆ ਰਹੀ ਹੈ। ਜੋ ਮਾਨਵਤਾ ਲਈ ਇਕ ਸ਼ੁਭ ਸ਼ੰਕੇਤ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਕੇ ਸ੍ਰ. ਸੁਖਬੀਰ ਸਿੰਘ ਬਾਦਲ ਨੇ ਪਾਰਟੀ ਪ੍ਰਧਾਨ ਬਣ ਕੇ ਆਪਣੇ ਪੈਰੀਂ ਆਪ ਕੁਹਾੜਾ ਮਾਰ ਲਿਆ?



ਜੰਗ ਸਿੰਘ ਮਰਸੱਡ
+1 415 603 7380

ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਇਕ ਇਤਿਹਾਸਿਕ ਫੈਸਲਾ ਦਿੱਤਾ ਸੀ ਜਿਸ ਵਿੱਚ ਉਨ੍ਹਾਂ ਨੇ ਸਪਸ਼ਟ ਰੂਪ ਵਿੱਚ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਭਾਜਪਾ ਨਾਲ ਰਲ ਕੇ ਕੀਤੇ ਰਾਜ ਕਾਲ ਦੌਰਾਨ ਸਿੱਖ ਤੇ ਪੰਜਾਬ ਵਿਰੋਧੀ ਅਣਗਿਣਤ ਕੰਮ ਕਰਕੇ ਪੰਜਾਬੀਆਂ ਵਿੱਚ ਆਪਣਾ ਨੈਤਿਕ ਤੌਰ ਤੇ ਅਧਿਕਾਰ ਖਤਮ ਕਰ ਲਿਆ ਹੈ ਇਸ ਲਈ ਉਹਨਾਂ ਨੇ ਛੇ ਮੈਂਬਰੀ ਕਮੇਟੀ ਦੀ ਸਥਾਪਨਾ ਵੀ ਕੀਤੀ ਸੀ ਜਿਸ ਵਿੱਚ ਇਕ ਹੋਰ ਮੈਂਬਰ ਸ਼ਾਮਲ ਕਰਕੇ ਸੱਤ ਮੈਂਬਰੀ ਕਮੇਟੀ ਬਣਾ ਦਿੱਤੀ ਸੀ ।ਬਾਅਦ ਵਿੱਚ ਦੋ ਮੈਂਬਰ ਜਿਹੜੇ ਬਾਦਲ ਪੱਖੀ ਦਸੇ ਜਾਂਦੇ ਸਨ ਮੌਜੂਦਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਾਬਕਾ ਪ੍ਰਧਾਨ ਤੇ ਬਜ਼ੁਰਗ ਅਕਾਲੀ ਆਗੂ ਕਿਰਪਾਲ ਸਿੰਘ ਬਡੂੰਗਰ ਕੋਲੋਂ ਅਸਤੀਫ਼ਾ ਦੁਆ ਕੇ ਅਕਾਲੀ ਦਲ ਦੀ ਨਵੀਂ ਭਰਤੀ ਹੋਣ ਵਿੱਚ ਵੱਡਾ ਅੜਿੱਕਾ ਵੀ ਖੜ੍ਹਾ ਕੀਤਾ ਸੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸਪਸ਼ਟ ਰੂਪ ਵਿੱਚ ਇਹ ਵੀ ਆਦੇਸ਼ ਦਿੱਤੇ ਗਏ ਸਨ ਕਿ ਇਹ ਕਮੇਟੀ ਛੇ ਮਹੀਨੇ ਵਿੱਚ ਭਰਤੀ ਕਰਕੇ ਅਕਾਲੀ ਦਲ ਦੇ ਵਿੱਧੀ ਵਿਧਾਨ ਮੁਤਾਬਿਕ ਡੈਲੀਗੇਟਾਂ ਦੀ ਚੋਣ ਕਰਕੇ ਪ੍ਰਵਾਨਿਤ ਲੀਡਰਸ਼ਿਪ ਦੀ ਚੋਣ ਕਰੇਗੀ। ਪਰ ਸ੍ਰ. ਸੁਖਬੀਰ ਸਿੰਘ ਬਾਦਲ ਤੇ ਉਸ ਦੇ ਧੜੇ ਨੇ ਆਪਣੇ ਆਪ ਹੀ ਇਕ ਮਹੀਨੇ ਵਿੱਚ ਕਦੀ 36 ਲੱਖ ਤੇ ਕਦੇ 34 ਲੱਖ ਤੇ ਫਿਰ 20 ਲੱਖ ਦੀ ਹੋਈ ਭਰਤੀ ਦੱਸ ਕੇ ਆਪਣੇ ਆਪ ਹੀ ਸ੍ਰ. ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਐਲਾਨ ਦਿੱਤਾ ।ਜਿਸ ਨਾਲ ਸਿੱਖ ਪੰਥ ਵਿੱਚ ਵਿਦਰੋਹ ਦੀ ਭਾਵਨਾ ਹੋਰ ਉਘੜ ਕੇ ਸਾਹਮਣੇ ਆ ਰਹੀ ਹੈ ਕਿਉਂਕਿ ਭਰਤੀ ਛੇ ਮਹੀਨਿਆਂ ਵਿੱਚ ਕਰਕੇ ਫਿਰ ਚੋਣ ਕੀਤੀ ਜਾਣੀ ਸੀ। ਸਿੱਖ ਜਗਤ ਵਿੱਚ ਬਾਦਲ ਦਲ ਵਲੋਂ ਕੀਤੀ ਭਰਤੀ ਬਾਰੇ ਬੜੇ ਵੱਡੇ ਖ਼ਦਸ਼ੇ ਪਾਏ ਜਾ ਰਹੇ ਹਨ ਉਨ੍ਹਾਂ ਦਾ ਕਹਿਣਾ ਹੈ ਕਿਸੇ ਨੂੰ ਇਹ ਨਹੀਂ ਪਤਾ ਕਿ ਕਿਥੇ ਭਰਤੀ ਹੋਈ, ਉਥੇ ਕੌਣ ਕੌਣ ਆਇਆ? ਸਭ ਕੁਝ ਗੁਪਤ ਰੱਖਿਆ ਗਿਆ। ਸ੍ਰੀ ਅਕਾਲ ਤਖਤ ਦੇ ਹੁਕਮਾਂ ਤੇ ਜਿਹੜੀ ਭਰਤੀ ਲਈ ਕਮੇਟੀ ਬਣਾਈ ਸੀ ਉਸ ਵਲੋਂ ਜਿਥੇ ਜਿਥੇ ਭਰਤੀ ਕੀਤੀ ਜਾ ਰਹੀ ਹੈ ਉਥੇ ਪੰਜਾਬੀਆਂ ਦੇ ਵੱਡੇ ਵੱਡੇ ਇਕੱਠ ਹੋਣੇ ਸਾਫ ਜ਼ਾਹਰ ਕਰ ਰਹੇ ਹਨ ਕਿ ਹਕੀਕਤ ਵਿੱਚ ਅਕਾਲੀ ਦਲ ਦੀ ਉਥੇ ਭਰਤੀ ਹੋ ਰਹੀ ਹੈ। ਸ੍ਰ. ਸੁਖਬੀਰ ਸਿੰਘ ਬਾਦਲ ਵਾਲਿਆਂ ਨੇ ਪਹਿਲਾਂ ਮੈਂਬਰਾਂ ਦੀ ਭਰਤੀ ਤੇ ਫਿਰ ਚੋਣ ਕਰਕੇ ਸਿੱਖ ਜਗਤ ਨੂੰ ਸਪਸ਼ਟ ਦੱਸ ਦਿੱਤਾ ਹੈ ਕਿ ਉਨ੍ਹਾਂ ਨੇ ਇਹ ਭੇਲੀ ਆਪਣੀ ਬੁੱਕਲ ਵਿੱਚ ਹੀ ਭੰਨ ਲਈ ਹੈ ਇਥੇ ਇਹ ਵੀ ਧਿਆਨ ਰੱਖਣ ਯੋਗ ਹੈ ਕਿ ਸਿੱਖ ਪੰਥ ਨੇ ਇਕ ਦਮ ਬਾਦਲਾਂ ਨੂੰ ਨਹੀਂ ਸੀ ਨਕਾਰਿਆ ਬਲਕਿ ਪਹਿਲਾਂ ਉਨ੍ਹਾਂ ਨੂੰ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨਾ ਰਾਜ ਕਰਨ ਦੇ ਯੋਗ ਬਣਾਇਆ ਤੇ ਨਾ ਹੀ ਵਿਰੋਧੀ ਧਿਰ ਦੀ ਪਾਰਟੀ ਬਣਾਇਆ। ਅਜਿਹਾ ਗੁੱਸੇ ਦਾ ਪ੍ਰਗਟਾਵਾ ਕਰਕੇ ਉਨ੍ਹਾਂ ਨੇ ਬਾਦਲ ਲੀਡਰਸ਼ਿਪ ਨੂੰ ਜਾਗ੍ਰਿਤ ਕੀਤਾ ਸੀ ਕਿ ਉਹ ਆਪਣੀਆਂ ਨੀਤੀਆਂ ਨੂੰ ਪੰਜਾਬ ਤੇ ਸਿੱਖ ਹਿਤੈਸ਼ੀ ਬਣਾਉਣ। ਜਦੋਂ ਇਨ੍ਹਾਂ ਨੇ ਫਿਰ ਵੀ ਸਬਕ ਨਾ ਸਿਖਿਆ ਭਾਜਪਾ ਦੀ ਭਗਤੀ ਕਰਨ ਤੇ ਪੈਸੇ ਕਮਾਉਣ ਵੱਲ ਹੀ ਲਗੇ ਰਹੇ ਤਾਂ ਉਨ੍ਹਾਂ ਨੇ ਫਿਰ 2022, 2024 ਦੀਆਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਿੱਚ ਪੰਜਾਬੀਆਂ ਤੇ ਪੰਥ ਨੇ ਅਜਿਹਾ ਸਬਕ ਸਿਖਾਇਆ ਕਿ ਵਿਧਾਨ ਸਭਾ ਵਿੱਚ ਸਿਰਫ ਤਿੰਨ ਸੀਟਾਂ ਦਿੱਤੀਆਂ ਜਿਹੜੀ ਇਸ ਵੇਲੇ ਇਕ ਵੀ ਨਹੀਂ ਜਿਹੜਾ ਇਕ ਅਕਾਲੀ ਦਲ ਦਾ ਵਿਧਾਨ ਸਭਾ ਮੈਂਬਰ ਸ੍ਰ. ਮਨਪ੍ਰੀਤ ਸਿੰਘ ਇਆਲੀ ਸੀ ਉਹ ਵੀ ਬਾਦਲ ਅਕਾਲੀ ਦਲ ਤੋਂ ਨਾਤਾ ਤੋੜ੍ਹੀ ਬੈਠਾ ਹੈ। ਮੌਜੂਦਾ ਹਾਲਤ ਉੱਤੇ ਜੇ ਝਾਤ ਮਾਰੀਏ ਤਾਂ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਪੰਜਾਬੀਆਂ ਤੇ ਸਿੱਖ ਪੰਥ ਵਿੱਚੋਂ ਬਾਗੀ ਤੇ ਦਾਗੀ ਦੋਵੇਂ ਆਪਣੀ ਹੋਂਦ ਗਵਾ ਚੁੱਕੇ ਹਨ ਇਨ੍ਹਾਂ ਵਿੱਚ ਜੇ ਕਿਸੇ ਦੀ ਸ਼ਾਖ ਬਚੀ ਹੈ ਤਾਂ ਉਹ ਸ੍ਰ. ਮਨਪ੍ਰੀਤ ਸਿੰਘ ਇਆਲੀ ਹੈ ਜਿਸ ਨੇ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੇ ਹੁੰਦਿਆਂ ਹੋਇਆਂ ਵੀ ਸ਼੍ਰੋਮਣੀ ਅਕਾਲੀ ਦਲ ਦਾ ਸਖ਼ਤ ਵਿਰੋਧ ਕਰਦਿਆਂ ਹੋਇਆਂ ਜਦੋਂ ਭਾਜਪਾ ਵਲੋਂ ਉਪ ਰਾਸ਼ਟਰਪਤੀ ਦੀ ਚੋਣ ਸਮੇਂ ਸਹਿਯੋਗ ਮੰਗਣ ਦੇ ਬਿਨਾ ਹੀ ਅਕਾਲੀ ਦਲ ਨੇ ਉਸ ਦੀ ਮਦਦ ਕਰਨ ਦਾ ਐਲਾਨ ਕਰ ਦਿੱਤਾ ਸੀ ਉਸ ਸਮੇਂ ਇਕੋ ਇਕ ਸ੍ਰ. ਮਨਪ੍ਰੀਤ ਸਿੰਘ ਇਆਲ਼ੀ ਸਨ ਜਿਨ੍ਹਾਂ ਨੇ ਭਾਜਪਾ ਨੂੰ ਵੋਟ ਨਹੀਂ ਸੀ ਪਾਈ। ਇਥੇ ਇਹ ਕਹਿਣ ਵਿੱਚ ਵੀ ਕੋਈ ਝਿਜਕ ਨਹੀਂ ਜਿਹੋ ਜਿਹਾ ਸ੍ਰ. ਪ੍ਰਕਾਸ਼ ਸਿੰਘ ਬਾਦਲ ਪੁੱਤਰ ਮੋਹ ਨਾਲ ਭਰਿਆ ਹੋਇਆ ਹੈ ਉਸੇ ਤਰਾਂ ਦੇ ਲੀਡਰ ਸ੍ਰ. ਸੁਖਦੇਵ ਸਿੰਘ ਢੀਂਡਸਾ ਹਨ ਇਨ੍ਹਾਂ ਅੰਦਰ ਵੀ ਪੁੱਤਰ ਮੋਹ ਪੂਰੀ ਤਰਾਂ ਸਮੋਇਆ ਹੋਇਆ ਹੈ ਇਹ ਵੀ ਕਾਫੀ ਸਮਾਂ ਭਾਜਪਾ ਦੀ ਚਾਕਰੀ ਕਰਦੇ ਰਹੇ ਹਨ ਕਿ ਸ਼ਾਇਦ ਹਰਸਿਮਰਤ ਕੌਰ ਬਾਦਲ ਤੋਂ ਬਾਅਦ ਉਸ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਕੇਂਦਰੀ ਮੰਡਲ ਵਿੱਚ ਸ਼ਾਮਲ ਕਰ ਲਵੇ। ਇਹੋ ਜਿਹੇ ਕਈ ਚਿਰ ਅਖ਼ਬਾਰਾਂ ਵਿੱਚ ਬਿਆਨ ਛਪਦੇ ਪੰਜਾਬੀਆਂ ਨੇ ਜਰੂਰ ਵੇਖੇ ਹੋਣਗੇ। ਇਸ ਲੇਖ ਦਾ ਲੇਖਕ ਕੁਝ ਦਹਾਕੇ ਤਕ ਸ੍ਰੀ ਅਨੰਦਪੁਰ ਸਾਹਿਬ ਤੋਂ ਸਿਰਕੱਢ ਅਖ਼ਬਾਰਾਂ ਦਾ ਪੱਤਰਕਾਰ ਰਿਹਾ ਹੈ। ਜਿਸ ਸਮੇਂ ਸ੍ਰ. ਸੁਖਦੇਵ ਸਿੰਘ ਢੀਂਡਸਾ ਕੇਂਦਰ ਵਿੱਚ ਖੇਡਾਂ ਦੇ ਰਾਜ ਮੰਤਰੀ ਸਨ ਉਹ ਸ੍ਰੀ ਅਨੰਦਪੁਰ ਸਾਹਿਬ ਦੀ ਸ੍ਰੀ ਦਸ਼ਮੇਸ਼ ਮਾਰਸ਼ਲ ਸਪੋਰਟਸ ਅਕੈਡਮੀ ਵਿੱਚ ਖੇਡਾਂ ਦਾ ਉਦਘਾਟਨ ਕਰਨ ਲਈ ਆਏ ਸਨ ਤਾਂ ਉਸ ਵੇਲੇ ਸ੍ਰ. ਢੀਂਡਸਾ ਨੂੰ ਪੱਤਰਕਾਰ ਸੰਮੇਲਨ ਵਿੱਚ ਇਸ ਪੱਤਰਕਾਰ ਨੇ ਸੁਆਲ ਕੀਤਾ ਸੀ ਕਿ ਉਅਕਾਲੀ ਦਲ ਤੇ ਹਮੇਸ਼ਾਂ ਦੋਸ਼ ਲਗਦਾ ਹੈ ਕਿ ਜਦੋਂ ਉਹ ਸ੍ਰ.ਕਾਰ ਚਲਾ ਰਹੇ ਹੁੰਦੇ ਹਨ ਉਸ ਵੇਲੇ ਉਨ੍ਹਾਂ ਨੂੰ ਪੰਜਾਬ ਦੇ ਸਾਰੇ ਮੱਸਲੇ ਭੁੱਲ ਜਾਂਦੇ ਹਨ ਜਦੋਂ ਗੱਦੀਓਂ ਬਾਹਰ ਹੁੰਦੇ ਹਨ ਤਾਂ ਇਨ੍ਹਾਂ ਨੂੰ ਪੰਜਾਬ ਦੇ ਸਾਰੇ ਮੱਸਲੇ ਚੇਤੇ ਆ ਜਾਂਦੇ ਹਨ" ਇਸ ਦਾ ਜੁਆਬ ਦੇਂਦਿਆ ਪਤਾ ਜੇ ਕੀ ਕਿਹਾ ਸੀ ਕਿ "ਕੇਂਦਰ ਵਿੱਚ 26 ਪਾਰਟੀਆਂ ਦਾ ਸੰਗ੍ਰਹਿ ਹੈ ਅਸੀਂ ਮਸਲੇ ਲਿਆ ਕੇ ਕੇਂਦਰ ਦੀ ਸਕਾਰ ਤੁੜਵਾ ਲਈਏ" ਭਾਵ ਬੜਾ ਸਪਸ਼ਟ ਹੈ ਕਿ ਉਨ੍ਹਾਂ ਨੂੰ ਪੰਜਾਬ ਦੇ ਮਸਲਿਆਂ ਨਾਲ ਕੋਈ ਵਾਹ ਵਾਸਤਾ ਨਹੀਂ, ਜੇ ਮਤਲਬ ਹੈ ਤਾਂ ਸਿਰਫ ਰਾਜ ਕਰਨ ਲਈ ਗੱਦੀ ਦੀ ਜਰੂਰਤ ਹੈ ਪੰਜਾਬ ਤੇ ਪੰਜਾਬੀਆਂ ਦੇ ਮਸਲੇ ਪੈਣ ਢੱਠੇ ਖੂਹ ਵਿੱਚ ।ਬਰਬਾਦੀ ਦੇ ਕੰਢੇ ਤੇ ਖੜ੍ਹੇ ਪੰਜਾਬ ਨੂੰ ਇਸ ਵੇਲੇ ਅਜਿਹੇ ਲੀਡਰਾਂ ਦੀ ਜਰੂਰਤ ਹੈ ਉਜਿਹੜੇ ਤਿਆਗ ਦੀ ਭਾਵਨਾ ਰੱਖਣ ਦੇ ਨਾਲ ਨਾਲ ਕੁਰਬਾਨੀਆਂ ਕਰਨ ਵਾਲੇ ਵੀ ਹੋਣ"। ਇਸ ਲਈ ਮੌਜਦਾ ਹਾਲਤਾਂ ਵਿੱਚ ਈਮਾਨਦਾਰੀ ਨਾਲ ਪੰਜ ਮੈਂਬਰੀ ਕਮੇਟੀ ਨੂੰ ਮੈਂਬਰ ਬਣਾ ਕੇ ਪਾਰਦਰਸ਼ੀ ਢੰਗ ਨਾਲ ਸਰਬ-ਪ੍ਰਵਾਨਿਤ ਲੀਡਰਸ਼ਿਪ ਦੀ ਚੋਣ ਕਰਨ ਜੋ ਪਿਛਲੇ ਕਾਫੀ ਸਮੇਂ ਤੋਂ ਲਟੱਕ ਰਹੇ ਪੰਜਾਬ ਤੇ ਸਿੱਖਾਂ ਦੇ ਮੱਸਲਿਆਂ ਨਾਲ ਨਿਪਟਾਰਾ ਕਰਾਉਣ ਦੇ ਸਮਰੱਥ ਹੋਵੇ।

ਪਿਛਲੀ ਲੀਡਰਸ਼ਿਪ ਨੇ ਮੋਰਚਾ ਲਗਾਉਣੇ ਤਿਆਗ ਦਿੱਤੇ ਹੋਏ ਹਨ ਉਹ ਸਿਰਫ ਤੇ ਸਿਰਫ ਅਖਬਾਰੀ ਬਿਆਨ ਦੇਣ ਤਕ ਸੀਮਤ ਰਹਿ ਗਏ ਹਨ । ਇਸ ਤਰਾਂ ਮੱਸਲਿਆਂ ਦਾ ਨਿਪਟਾਰਾ ਨਹੀਂ ਹੋ ਸਕਦਾ। ਇਕ ਸਮਾਂ ਹੁੰਦਾ ਸੀ ਜਦੋਂ ਅਕਾਲੀ ਦਲ ਦਾ ਪ੍ਰਦਾਨ ਜਾਂ ਸ਼੍ਰੋਮਣੀ ਕਮੇਟੀ ਦਾ ਪ੍ਰਦਾਨ ਕੋਈ ਬਿਆਨ ਦੇਂਦਾ ਸੀ ਤਾਂ ਕੇਂਦਰ ਤਕ ਦੀ ਸਰਕਾਰ ਹਿੱਲ ਜਾਂਦੀ ਸੀ ਅੱਜ ਇਸ ਪਾਰਟੀ ਦੀ ਇਹ ਹਾਲਤ ਬਣ ਗਈ ਹੈ ਕਿ ਜਿਲੇ ਦਾ ਡਿਪਟੀ ਕਮਿਸ਼ਨਰ ਵੀ ਇਨ੍ਹਾਂ ਨੂੰ ਮੀਟਿੰਗ ਲਈ ਸਮਾਂ ਨਹੀਂ ਦੇਂਦਾ। ਬਾਦਲਾਂ ਨੇ ਅਕਾਲੀ ਦਲ ਨੂੰ ਇਸ ਨਿਘਾਰ ਤਕ ਪਹੁੰਚਾ ਦਿੱਤਾ ਹੈ। ਪੂਰਨ ਆਸ ਹੈ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਅਕਾਲੀ ਦਲ ਦੀ ਚੋਣ ਲਈ ਜਿਹੜੀ ਪੰਜ ਮੈਂਬਰੀ ਕਮੇਟੀ ਬਣਾਈ ਹੈ ਉਸ ਵਲੋਂ ਪੂਰਨ ਈਮਾਨਦਾਰੀ ਨਾਲ ਮੈਂਬਰਸ਼ਿਪ ਕਰਕੇ ਲੀਡਰਸ਼ਿਪ ਦੀ ਚੋਣ ਕਰੇਗੀ ਜਿਸ ਨੂੰ ਦੇਸ਼ ਵਿਦੇਸ਼ ਦੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਦੀ ਪ੍ਰਵਾਨਗੀ ਵੀ ਹੋਵੇਗੀ। ਪੰਜਾਬ ਨੂੰ ਬਚਾਉਣ ਲਈ ਸਮਾਂ ਵੀ ਇਸ ਗੱਲ ਦੀ ਮੰਗ ਕਰ ਰਿਹਾ ਹੈ।



# ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਦਾ 134ਵਾਂ ਜਨਮ ਉਤਸਵ ਉਤਸਾਹ ਤੇ ਧੂਮਧਾਮ ਨਾਲ ਮਨਾਇਆ ਗਿਆ













**ਜਲੰਧਰ**–ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।) ਪੰਜਾਬ ਯੂਨਿਟ ਦੇ ਸਹਿਯੋਗ ਨਾਲ ਇਤਿਹਾਸਿਕ ਭੂਮੀ ਅੰਬੇਡਕਰ ਭਵਨ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਦਾ 134ਵਾਂ ਜਨਮ ਉਤਸਵ ਬੜੀ ਖੁਸ਼ੀ, ਉਤਸਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸ਼੍ਰੀ ਹੰਸ ਰਾਜ ਸਾਂਪਲਾ ਯੂਕੇ ਮੁੱਖ ਮਹਿਮਾਨ ਅਤੇ ਸ਼ਹੀਦ ਭਗਤ ਸਿੰਘ ਜੀ ਦੇ ਭਾਣਜੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਤੋਂ ਪਹਿਲਾਂ ਤਥਾਗਤ ਬੁੱਧ ਦੀ ਮੂਰਤੀ ਦੇ ਨਜ਼ਦੀਕ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਪ੍ਰਤਿਮਾ ਦੀ ਸਥਾਪਤੀ ਦਾ ਉਦਘਾਟਨ ਯੂਕੇ ਤੋਂ ਆਏ ਪ੍ਰਸਿੱਧ ਬੋਧੀ, ਅੰਬੇਡਕਰੀ ਅਤੇ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਹੰਸ ਰਾਜ ਸਾਂਪਲਾ ਨੇ ਆਪਣੇ ਕਰ ਕਮਲਾਂ ਨਾਲ ਸਤਿਕਾਰਯੋਗ ਭੰਤੇ ਚੰਦਰ ਕੀਰਤੀ ਜੀ ਦੀ ਮੌਜੂਦਗੀ 'ਚ ਕੀਤਾ। ਯਾਦ ਰਹੇ ਕਿ ਸਾਂਪਲਾ ਪਰਿਵਾਰ ਵੱਲੋਂ ਹੀ ਲੱਖਾਂ ਰੁਪਏ ਖਰਚ ਕਰਕੇ ਬੇਸ਼ ਕੀਮਤੀ ਤੋਹਫਾ ਬਾਬਾ ਸਾਹਿਬ ਦੀ ਇਹ ਪ੍ਰਤਿਮਾ ਮੁੰਬਈ ਤੋਂ ਤਿਆਰ ਕਰਵਾ ਕੇ ਅੰਬੇਡਕਰ ਭਵਨ ਵਿੱਚ ਸਥਾਪਿਤ ਕੀਤੀ ਗਈ ਹੈ। ਸ੍ਰੀ ਹੰਸਰਾਜ ਸਾਂਪਲਾ ਨੇ ਦੱਸਿਆ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ 1960ਵੇਂ ਦਹਾਕੇ ਤੋਂ ਹੀ ਇੰਗਲੈਂਡ ਵਿਖੇ ਸੈਟਲ ਹੈ ਅਤੇ ਲਗਭਗ 60 ਸਾਲ ਤੋਂ ਅੰਬੇਡਕਰੀ ਫਲਸਫੇ ਅਤੇ ਬੋਧੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਤਨਸ਼ੀਲ ਹੈ। ਪੰਜਾਬ ਦੇ ਪ੍ਰਮੁੱਖ ਅਤੇ ਇਤਿਹਾਸਿਕ ਸਥਾਨ ਅੰਬੇਡਕਰ ਭਵਨ ਵੱਲੋਂ ਜਾਰੀ ਗਤੀਵਿਧੀਆਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੇ ਅੰਬੇਡਕਰ ਭਵਨ ਟਰੱਸਟ ਨੂੰ ਹਰ ਪ੍ਰਕਾਰ ਦਾ ਸਹਿਯੋਗ ਦੇਣ ਦੀ ਵਚਨ ਬੱਧਤਾ ਨੂੰ ਦੁਹਰਾਇਆ ਅੰਬੇਡਕਰ ਭਵਨ 'ਚ ਬਾਬਾ ਸਾਹਿਬ ਦਾ ਬੁੱਤ ਲਗਾਉਣ ਵਾਸਤੇ ਉੱਘੇ ਅੰਬੇਡਕਰੀ ਅਤੇ ਬੁੱਧਿਸਟ ਡਾ। ਹਰਬੰਸ ਵਿਰਦੀ ਲੰਡਨ (ਯੂਕੇ) ਦੀ ਅਹਿਮ ਭੂਮਿਕਾ ਹੈ। ਇਸ ਅਵਸਰ ਤੇ ਮੁੱਖ ਬੁਲਾਰੇ ਪ੍ਰੋਫੈਸਰ ਜਗਮੋਹਨ ਸਿੰਘ ਨੇ ਡਾ. ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਸਮਾਜਿਕ ਸਮਾਨਤਾ, ਸੁਤੰਤਰਤਾ, ਨਿਆਂ, ਭਾਈਚਾਰਕ ਸਾਂਝ, ਤਰਕਸ਼ੀਲ ਅਤੇ ਵਿਗਿਆਨਕ ਸੋਚ ਅਧਾਰਤ ਵਿਚਾਰਧਾਰਾ ਵਿੱਚ ਸਾਂਝ ਸਥਾਪਿਤ ਕਰਦਿਆਂ ਬਾਬਾ ਸਾਹਿਬ ਦੀ ਪੁਸਤਕ ਜਾਤ ਪਾਤ ਦਾ ਬੀਜ ਨਾਸ਼ ਅਤੇ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸੱਤਾ ਪੇਸ਼ਵਾਈ ਵਿਚਾਰਧਾਰਾ ਅਰਥਾਤ ਬ੍ਰਾਹਮਣਵਾਦੀ, ਪੁਰੋਹਿਤਵਾਦੀ ਅਤੇ ਪੂੰਜੀਵਾਦੀ ਸੋਚ ਦੀ ਤਰਜਮਾਨੀ ਕਰਦਿਆਂ ਦੇਸ਼ ਅੰਦਰਲੀ ਸਮਾਜਿਕ ਨਿਆਂ ਅਧਾਰਤ ਭਾਈਚਾਰਕ ਸਾਂਝ ਨੂੰ ਤਹਿਸ਼ ਨਹਿਸ਼ ਕਰ ਰਹੀ ਹੈ । ਇਨ੍ਹਾਂ ਕੂਟਨੀਤਕ ਚਾਲਾਂ ਪ੍ਰਤੀ ਜਾਗਰਤ ਹੋ ਕੇ ਸਮਤਾ, ਸੁਤੰਤਰਤਾ ਅਤੇ ਆਪਸੀ ਸਾਂਝ ਨੂੰ ਸਥਾਪਿਤ ਕਰਕੇ ਹੀ ਦੇਸ਼ ਦੀ ਪ੍ਰਗਤੀ ਸੰਭਵ ਹੋ ਸਕਦੀ ਹੈ ਅਤੇ ਮਹਾਨ ਚਿੰਤਕ ਡਾ। ਅੰਬੇਡਕਰ ਜੀ ਦੀ ਇਸ ਸੋਚ ਨੂੰ ਆਪਣਾ ਕੇ ਹੀ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾ ਸਕਦਾ ਹੈ।

ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅੰਬੇਡਕਰ ਭਵਨ ਦੇ ਇਤਿਹਾਸ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਅੰਬੇਡਕਰ ਭਵਨ ਦੇ ਨਿਰਮਾਣ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਅਤੇ ਇਸ ਕੰਮ ਨੂੰ ਸਫਲ ਬਣਾਉਣ ਵਾਲੇ ਲੋਕਾਂ ਦਾ ਵੀ ਜ਼ਿਕਰ ਕੀਤਾ। ਵਿਸ਼ੇਸ਼ ਤੌਰ ਤੇ ਸ੍ਰੀ ਲਹੌਰੀ ਰਾਮ ਬਾਲੀ ਅਤੇ ਪਾਲ ਪਰਿਵਾਰਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਟਰੱਸਟ ਦੇ ਚੇਅਰਮੈਨ ਸੋਹਨ ਲਾਲ ਸਾਬਕਾ ਡੀ.ਪੀ.ਆਈ। (ਕਾਲਜਾਂ) ਨੇ ਬਾਬਾ ਸਾਹਿਬ ਦੇ ਸੰਘਰਸ਼ ਅਤੇ ਉਨ੍ਹਾਂ ਤਾਕਤਾਂ ਦੀ ਗੱਲ ਕੀਤੀ ਜੋ ਜਾਤੀਵਾਦ ਦੇ ਨਾਂ ਤੇ ਅਤੇ ਅੰਬੇਡਕਰ ਸਾਹਿਬ ਦੇ ਵਿਚਾਰਾਂ ਤੇ ਗਲਤ ਟਿੱਪਣੀਆਂ ਕਰ ਰਹੇ ਹਨ। ਡਾ. ਅੰਬੇਡਕਰ ਦੀ ਵਿਚਾਰਧਾਰਾ ਤੇ ਚਰਚਾ ਕਰਦਿਆਂ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੋ. ਬਲਬੀਰ ਨੇ ਜਨਤਕ ਸਮਾਗਮ ਦੌਰਾਨ ਹੱਥ ਖੜੇ ਕਰਾ ਕੇ ਮਤੇ ਪਾਸ ਕਰਵਾ ਕੇ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ 'ਸਿਰ ਫਿਰੇ ਲੋਕਾਂ ਦੁਆਰਾ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਮੂਰਤੀਆਂ ਦਾ ਨਿਰਾਦਰ ਕਰਨ ਦੀ ਨਿੰਦਾ ਕੀਤੀ ਗਈ ਅਤੇ ਬੀ।ਟੀ। ਐਕਟ 1949 ਨੂੰ ਰੱਦ ਕਰਕੇ ਬੋਧਗਯਾ ਵਿਖੇ ਮਹਾਬੋਧੀ ਮਹਾਂਵਿਹਾਰ ਦਾ ਸਮੁੱਚਾ ਕੰਟਰੋਲ ਬੋਧੀਆਂ ਨੂੰ ਦਿੱਤਾ ਜਾਵੇ'।

ਇਸ ਅਵਸਰ ਤੇ ਸੋਹਨ ਲਾਲ ਸਾਂਪਲਾ ਜਰਮਨੀ, ਪ੍ਰੋ. ਬਲਬੀਰ, ਹਰਮੇਸ਼ ਜੱਸਲ, ਗੌਤਮ ਸਾਂਪਲਾ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੇ ਪ੍ਰਧਾਨ ਐਡ-ਵੋਕੇਟ ਕੁਲਦੀਪ ਭੱਟੀ, ਗੁਰਦੇਵ ਕੌਰ ਅਤੇ ਕਵਿਤਾ ਢੰਡੇ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਦੌਰਾਨ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਦੁਆਰਾ ਪ੍ਰਕਾਸ਼ਿਤ ਕੀਤਾ ਸੋਵੇਨਿਰ-2025 ਵੀ ਰਿਲੀਜ਼ ਕੀਤਾ ਗਿਆ। ਸਟੇਜ ਸੰਚਾਲਨ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਅਤੇ ਪਰਮਿੰਦਰ ਸਿੰਘ ਖੁੱਤਣ ਨੇ ਬਾਖੂਬੀ ਕੀਤਾ। ਇਸ ਸਮਾਗਮ ਦੀ ਸਮਾਪਤੀ ਤੇ ਬਾਬਾ ਸਾਹਿਬ ਦੇ 134ਵੇਂ ਜਨਮ ਉਤਸਵ ਦੀ ਖੁਸ਼ੀ ਵਿੱਚ ਆਏ ਹੋਏ ਲੋਕਾਂ ਨੂੰ 134 ਬੂਟੇ ਮੁਫਤ ਵੰਡੇ ਗਏ।

ਇਸ ਮੌਕੇ ਸਾਬਕਾ ਅੰਬੈਸਡਰ ਰਮੇਸ਼ ਚੰਦਰ ਆਈਐਫਐਸ, ਡਾ. ਰਾਹੁਲ ਬਾਲੀ, ਕਮਲਸ਼ੀਲ ਬਾਲੀ, ਜਸਵਿੰਦਰ ਵਰਿਆਣਾ, ਨਿਰਮਲ ਬਿੰਜੀ, ਤਿਲਕ ਰਾਜ, ਡਾ. ਚਰਨਜੀਤ ਸਿੰਘ, ਡਾ. ਮਹਿੰਦਰ ਸੰਧੂ, ਐਡਵੋਕੇਟ ਸ਼ਸ਼ੀ ਕਾਂਤ ਪਾਲ੍ਹੂੰਉ, ਸੂਰਜ ਬਿਰਦੀ, ਹਰੀ ਸਿੰਘ ਥਿੰਦ, ਮਨੋਹਰ ਲਾਲ ਮਹੇ, ਚਰਨਜੀਤ ਸਿੰਘ ਚੰਡੀਗੜ੍ਹ, ਰਾਜਿੰਦਰ ਜੱਸਲ, ਜੋਤਿ ਪ੍ਰਕਾਸ਼, ਸੰਨੀ ਥਾਪਰ, ਪਿਸ਼ੋਰੀ ਲਾਲ ਸੰਧੂ, ਬੀਬੀ ਮਹਿੰਦੋ ਰੱਤੂ ਅਤੇ ਬਾਬਾ ਸਾਹਿਬ ਦੇ ਸੈਂਕੜੇ ਸ਼ਰਧਾਲੂ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ

# ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼



ਐਡਵੋਕੇਟ ਕੁਲਦੀਪ ਚੰਦ
91-9417563054

ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਅਖੌਤੀ ਵਰਣ ਵਿਵਸਥਾ ਕਾਰਨ ਇੱਕ ਵੱਡੇ ਵਰਗ ਨੂੰ ਜਾਨਵਰਾਂ ਤੋਂ ਵੀ ਭੈੜੀ ਜਿੰਦਗੀ ਜਿਉਣੀ ਪਈ ਅਤੇ ਇਸ ਵਿਵਸਥਾ ਨੂੰ ਖੰਮ ਕਰਨ ਲਈ ਸਮੇਂ - ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ, ਧਾਰਮਿਕ ਰਹਿਬਰਾਂ ਨੇ ਕੰਮ ਕੀਤਾ ਹੈ ਅਤੇ ਇਨ੍ਹਾਂ ਆਗੂਆਂ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ ਨਾਮ ਵੀ ਸ਼ਾਮਿਲ ਹੈ। ਅੱਜ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਭਾਰਤ ਸਮੇਤ ਦੁਨੀਆਂ ਦੇ ਹੋਰ ਕਈ ਦੇਸ਼ਾਂ ਵਿੱਚ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਹੋਣ ਵਾਲੇ ਵੱਖ ਵੱਖ ਸਮਾਗਮਾਂ ਵਿੱਚ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਤੇ ਵਿਚਾਰ ਵਟਾਂਦਰਾਂ ਕੀਤਾ ਜਾਵੇਗਾ। ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦਾ ਜਨਮ ਅੱਜ ਦੇ ਦਿਨ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਪਿਤਾ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਭੀਮਾ ਬਾਈ ਮੁਰਬਾਦਕਰ ਦੇ ਘਰ ਹੋਇਆ। ਉਹ ਅਪਣੇ ਮਾਤਾ ਪਿਤਾ ਦੀ 14ਵੀਂ ਔਲਾਦ ਸਨ ਅਤੇ ਮਹਾਰ ਜਾਤਿ ਨਾਲ ਜੋ ਕਿ ਵਰਣ ਵਿਵਸਥਾ ਅਨੁਸਾਰ ਸ਼ੂਦਰ ਵਰਗ ਵਿੱਚ ਮੰਨੀ ਜਾਂਦੀ ਸੀ। ਡਾਕਟਰ ਅੰਬੇਡਕਰ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਸੈਨਾ ਵਿੱਚ ਕੰਮ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਭਾਰਤੀ ਸੈਨਾ ਦੀ ਮਊ ਛਾਉਣੀ ਵਿੱਚ ਕੰਮ ਕਰਦੇ ਸਨ। ਜਾਤਿ ਅਧਾਰਿਤ ਗੈਰ ਮਨੁੱਖੀ ਭੇਦਭਾਵ ਵਾਲੀਆਂ ਘਟਨਾਵਾਂ ਨੇ ਉਨ੍ਹਾਂ ਦੇ ਦਿਮਾਗ ਅਤੇ ਵਿਚਾਰਧਾਰਾ ਤੇ ਡੂੰਘਾ ਅਸਰ ਕੀਤਾ। ਉਨ੍ਹਾਂ ਨੇ ਅਪਣੇ ਇੱਕ ਬ੍ਰਾਹਮਣ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੇ ਐਲਫਿਨਸਟਨ ਕਾਲਜ਼ ਬੰਬਈ ਵਿੱਚੋਂ ਸਾਲ 1912 ਵਿੱਚੋਂ ਬੀ ਏ ਪਾਸ ਕਰ ਲਈ ਅਤੇ ਮਹਾਰਾਜਾ ਬੜੋਦਾ ਨੇ ਉਹਨਾਂ ਨੂੰ ਹੋਰ ਉੱਚ ਸਿਖਿੱਆ ਲਈ ਸਰਕਾਰੀ ਖਰਚੇ ਤੇ ਵਿਦੇਸ਼ ਭੇਜ ਦਿੱਤਾ ਅਤੇ ਆਪ ਨੇ ਪੰਜ ਵਿਸ਼ਿਆਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ. ਐਲ.ਐਲ.ਡੀ., ਡੀ.ਲਿੱਟ, ਬਾਰ.ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਬਾਬਾ ਸਾਹਿਬ ਮਰਾਠੀ, ਪਾਲੀ, ਹਿੰਦੀ, ਫਰੈਂਚ, ਇੰਗਲਿਸ਼, ਗੁਜਰਾਤੀ, ਪਰਸ਼ੀਅਨ, ਜਰਮਨ ਤੇ ਸੰਸਕ੍ਰਿਤ ਸਮੇਤ 9 ਭਾਸ਼ਾਵਾਂ ਦੇ ਗਿਆਤਾ ਸਨ। ਉਹਨਾਂ ਨੇ ਆਕਸਫੋਰਡ ਯੂਨੀਵਰਸਿਟੀ ਵਿੱਚ 8 ਸਾਲਾਂ ਵਿਚ ਪੂਰੀ ਹੋਣ ਵਾਲੀ ਪੜ੍ਹਾਈ ਕੇਵਲ 2 ਸਾਲ 3 ਮਹੀਨੇ ਵਿੱਚ ਪੂਰੀ ਕਰ ਲਈ ਸੀ। ਆਪ ਦਾ ਵਿਆਹ ਲੱਗਭੱਗ 17 ਸਾਲ ਦੀ ਉਮਰ ਵਿੱਚ ਰਾਮਾ ਬਾਈ ਨਾਲ ਹੋਇਆ ਅਤੇ ਆਪ ਦੇ ਘਰ ਪੰਜ ਬੱਚਿਆਂ ਜਸ਼ਵੰਤ ਰਾਓ, ਗੰਗਾਧਰ, ਰਮੇਸ਼, ਇੰਦੂ ਅਤੇ ਰਾਜ ਰਤਨ ਨੇ ਜਨਮ ਲਿਆ ਪਰ ਜਸਵੰਤ ਰਾਓ ਤੋਂ ਇਲਾਵਾ ਬਾਕੀ ਸਾਰੇ ਬੱਚੇ ਛੋਟੀ ਉਮਰ ਵਿੱਚ ਹੀ ਮਰ ਗਏ। ਪੜ੍ਹਾਈ ਮੁਕੰਮਲ ਕਰਨ ਤੋਂ ਬਾਦ ਮਹਾਰਾਜਾ ਬੜੌਦਾ ਨੇ ਆਪ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਵਿਤਕਰਾ ਹੀ ਝੱਲਣਾ ਪਿਆ, ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ।

ਬ੍ਰਿਟਿਸ਼ ਸਰਕਾਰ ਵਿੱਚ ਉਚੱ ਅਹੁਦੇ ਆਈ ਸੀ ਐਸ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਭਾਰਤੀ ਲੋਕਾਂ ਵਲੋਂ ਕੀਤੇ ਅੰਦੋਲਨ ਬਾਦ ਸਾਊਥ ਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ 01 ਐਂਗਲੋ ਇੰਡੀਅਨ ਲਈ ਰੱਖੀ ਗਈ ਸੀ। ਡਾਕਟਰ ਅੰਬੇਡਕਰ ਅਗਸਤ 1917 ਵਿੱਚ ਮੁੰਬਈ ਵਿੱਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਏ ਅਤੇ ਭਾਰਤ ਵਿੱਚ ਦਲਿਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਡਾਕਟਰ ਅੰਬੇਡਕਰ ਨੇ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਊਥ ਬੋਰੋਹ ਕਮੇਟੀ ਸਾਹਮਣੇ ਦਲਿਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਦੇਸ਼ ਦੇ ਕੁੱਝ ਕੱਟੜ ਆਗੂਆ ਦੇ ਵਿਰੋਧ ਕਾਰਨ ਦਲਿਤਾਂ ਨੂੰ ਕੋਈ ਲਾਭ ਨਾਂ ਮਿਲਿਆ। ਡਾਕਟਰ ਅੰਬੇਡਕਰ ਅਤੇ ਹੋਰ ਕਈ ਦਲਿਤ ਆਗੂਆਂ ਦੀ ਮੰਗ ਨੂੰ ਵੇਖਦੇ ਹੋਏ ਅੰਗਰੇਜ਼ ਸਰਕਾਰ ਨੇ 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿੱਚ ਬਣਾਇਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਸਾਇਮਨ ਕਮਿਸ਼ਨ 3 ਫਰਵਰੀ 1928 ਨੂੰ ਭਾਰਤ ਆਇਆ ਜਿਸਦਾ ਕਈ ਕਾਂਗਰਸੀ ਆਗੂਆਂ ਨੇ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ ਤੇ ਮੁਜ਼ਾਹਰੇ ਕੀਤੇ ਪ੍ਰੰਤੂ ਕਈ ਦਲਿਤ ਆਗੂਆਂ ਨੇ ਆਦਿ ਧਰਮ ਮੁਹਿਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ ਦਲਿਤਾਂ ਦੇ ਲੱਗਭੱਗ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿੱਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿੱਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿੱਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ, ਸਿੱਖਾਂ ਵਲੋਂ ਸਰਦਾਰ ਉੱਜਲ ਸਿੰਘ ਅਤੇ ਸੰਪੂਰਨ ਸਿੰਘ ਅਤੇ ਦਲਿਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਡਾਕਟਰ ਅੰਬੇਡਕਰ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗਸੱਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸਦਾ ਕਈ ਕੱਟੜ ਹਿੰਦੂ ਆਗੂਆਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਅਤੇ ਅਛੂਤਾਂ ਨੂੰ ਮਿਲੇ ਵਖਰੇ ਅਧਿਕਾਰਾਂ ਖਿਲਾਫ ਯਰਵਦਾ ਜੇਲ ਪੂਨਾ ਵਿੱਚ ਮਰਨ ਵਰਤ ਸ਼ੁਰੂ ਕਰ ਦਿਤਾ ਜਿਸ ਨਾਲ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਡਾਕਟਰ ਅੰਬੇਡਕਰ ਤੇ ਸਮਝੌਤੇ ਲਈ ਦਬਾਓ ਵੱਧ ਗਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਜਿਸ ਵਿੱਚ ਅਛੂਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਦਿੱਤੀਆਂ ਗਈਆਂ 78 ਸੀਟਾਂ ਨੂੰ ਵਧਾਕੇ 148 ਕਰ ਦਿਤਾ ਗਿਆ, ਵਿੱਦਿਆ ਅਤੇ ਨੌਕਰੀਆਂ ਵਿੱਚ ਦਲਿਤਾਂ ਨੂੰ ਸਹੂਲਤਾਂ ਅਤੇ ਮੋਜੂਦਾ ਰਾਖਵਾਂਕਰਣ ਦੀਆਂ ਸਹੂਲਤਾਂ ਦਿਤੀਆਂ ਗਈਆਂ। ਕਈ ਦਲਿਤ ਆਗੂਆਂ ਨੇ ਇਸ ਪੂਨਾ ਪੈਕਟ ਸਮਝੋਤੇ ਨੂੰ ਦਲਿਤਾਂ ਨਾਲ ਧੋਖਾ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਵੀ ਅਪਣੀ ਕਿਤਾਬ "ਸਟੇਟ ਆਫ ਮਾਇਨਾਰਿਟੀ'' ਵਿੱਚ ਇਸ ਸਮਝੌਤੇ ਨੂੰ ਗੱਲਤ ਮੰਨਿਆ ਹੈ। ਡਾਕਟਰ ਅੰਬੇਡਕਰ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ ਅਤੇ ਕਈ ਅੰਦੋਲਨ ਕੀਤੇ।




ਉਨ੍ਹਾਂ ਨੇ 25 ਦਸੰਬਰ, 1927 ਨੂੰ ਮਨੂੰ ਸਮ੍ਰਿਤੀ ਨੂੰ ਜਲਾਇਆ। ਮਈ 1935 ਵਿੱਚ ਬਾਬਾ ਸਾਹਿਬ ਦੀ ਜੀਵਨ ਸਾਥਣ ਰਮਾ ਬਾਈ ਬਿਮਾਰੀ ਤੋਂ ਬਾਦ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ। 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ। ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਦਲਿਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ ਪਰ ਸਿੱਖ ਧਰਮ ਦੇ ਕੁੱਝ ਲੀਡਰਾਂ ਕਾਰਨ ਸਿੱਖ ਧਰਮ ਨਾਂ ਅਪਣਾ ਸਕੇ। ਡਾਕਟਰ ਅੰਬੇਡਕਰ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਹੋਈ। ਉਨ੍ਹਾਂ ਨੇ ਹਿੰਦੂ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਵੀ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿੱਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਡਾਕਟਰ ਅੰਬੇਡਕਰ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। ਬਾਬਾ ਸਾਹਿਬ ਨੇ 1936 ਵਿਚ ਇੰਡੀਪੈਂਡੈਂਟ ਲੇਬਰ ਪਾਰਟੀ ਦੀ ਸਥਾਪਨਾ ਅਤੇ 1942-46 ਤੱਕ ਵਾਇਸਰਾਇ ਕੌਂਸਲ ਦੇ ਲੇਬਰ ਮੈਂਬਰ ਹੁੰਦਿਆਂ ਮਜ਼ਦੂਰ ਸਮੱਸਿਆਵਾਂ ਦੇ ਸਬੰਧ ਵਿਚ ਮਜ਼ਦੂਰ ਕਾਨੂੰਨਾਂ ਅਤੇ ਕਾਨੂੰਨ ਪ੍ਰਣਾਲੀ ਵਿਚ ਕਈ ਇਨਕਲਾਬੀ ਸੁਧਾਰ ਕਰਵਾਏ। ਬਾਬਾ ਸਾਹਿਬ ਨੇ 1954 ਵਿੱਚ ਆਪਣੇ ਹੀ ਬਣਾਏ ਸੰਵਿਧਾਨ ਨੂੰ ਬੜੇ ਦੁਖੀ ਮਨ ਨਾਲ ਸਾੜਨ ਦੀ ਗੱਲ ਕਹੀ ਸੀ ਅਤੇ ਪੂਨਾ ਪੈਕਟ ਅਨੁਸਾਰ ਬਣੇ ਰਾਜਨੀਤਿਕ ਆਗੂਆਂ ਦੀ ਸਮਾਜ ਪ੍ਰਤੀ ਲਾਪਰਵਾਹੀ ਵੇਖਦੇ ਹੋਏ 27 ਅਗਸਤ 1955 ਨੂੰ ਆਲ ਇੰਡੀਆ ਸ਼ਡਿਉਲਡ ਕਾਸਟਸ ਫੈਡਰੇਸ਼ਨ ਦੀ ਐਗਜ਼ੈਕਟਿਵ ਕਮੇਟੀ ਦੁਆਰਾ ਪਾਸ ਕੀਤੇ ਮਤੇ ਰਾਹੀਂ ਰਾਜਨੀਤਿਕ ਰਾਖਵਾਂਕਰਣ ਖਤਮ ਕਰਨ ਦੀ ਮੰਗ ਕੀਤੀ ਸੀ।

15 ਅਗਸਤ 1947 ਨੂੰ ਭਾਰਤ ਦੇਸ਼ ਅਜ਼ਾਦ ਹੋ ਗਿਆ ਅਤੇ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। 29 ਅਗਸਤ 1947 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਬਣਾਈ ਗਈ ਜਿਸਦੇ ਚੇਅਰਮੈਨ ਡਾਕਟਰ ਭੀਮ ਰਾਓ ਅੰਬੇਡਕਰ ਨੂੰ ਬਣਾਇਆ ਗਿਆ। ਡਰਾਫਟਿੰਗ ਕਮੇਟੀ ਵਲੋਂ ਡਰਾਫਟ ਸੰਵਿਧਾਨ ਤਿਆਰ ਕਰਕੇ 04 ਨਵੰਬਰ, 1947 ਨੂੰ ਸਭਾ ਨੂੰ ਪੇਸ ਕੀਤਾ ਗਿਆ। 26 ਨਵੰਬਰ, 1949 ਨੂੰ ਸੰਵਿਧਾਨ ਸਭਾ ਨੇ ਇਸਨੂੰ ਮੰਨਜੂਰ ਕਰ ਲਿਆ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 15 ਅਪ੍ਰੈਲ 1948 ਨੂੰ ਆਪ ਨੇ ਡਾਕਟਰ ਸ਼ਾਰਦਾ ਕਬੀਰ ਜਿਸਨੇ ਵਿਆਹ ਤੋਂ ਬਾਦ ਅਪਣਾ ਨਾਮ ਸਵਿਤਾ ਅੰਬੇਡਕਰ ਰੱਖਿਆ ਨਾਲ ਦੂਜਾ ਵਿਆਹ ਕਰਵਾਇਆ। ਸਾਲ 1952 ਵਿੱਚ ਡਾਕਟਰ ਅੰਬੇਡਕਰ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਚੋਣ ਹਾਰ ਗਏ। ਮਾਰਚ 1952 ਵਿੱਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ 1956 ਨੂੰ ਡਾਕਟਰ ਅੰਬੇਡਕਰ ਨੇ ਅਪਣੇ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। 06 ਦਸੰਬਰ 1956 ਨੂੰ ਦਿੱਲੀ ਵਿੱਚ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ। 1990 ਵਿੱਚ ਆਪ ਨੂੰ ਦੇਸ਼ ਦੇ ਸਭ ਤੋਂ ਵੱਡੇ ਸਨਮਾਨ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਅਤੇ ਸੰਸਦ ਦੇ ਕੇਂਦਰੀ ਹਾਲ ਵਿੱਚ ਬਾਬਾ ਸਾਹਿਬ ਦੀ ਤਸਵੀਰ ਲਗਾਈ ਗਈ। ਉਹਨਾਂ ਦੀ ਨਿੱਜੀ ਲਾਇਬਰੇਰੀ ਵਿੱਚ 50000 ਤੋਂ ਵੱਧ ਪੁਸਤਕਾਂ ਦਾ ਭੰਡਾਰ ਸੀ। ਸਮਾਜਿਕ ਵਿਵਸਥਾ ਦੇ ਖਿਲਾਫ ਅੰਦੋਲਨ ਕਰਕੇ ਬਾਬਾ ਸਾਹਿਬ ਇਸ ਜਾਤੀ ਵਿਵਸਥਾ ਅਤੇ ਊਚ-ਨੀਚ ਵਾਲੇ ਸਮਾਜ ਨੂੰ ਖਤਮ ਕਰਕੇ ਸਮਾਨਤਾ, ਭਾਈਚਾਰੇ ਅਤੇ ਸੁਤੰਤਰਤਾ ਵਾਲਾ ਸਮਾਜ ਸਿਰਜਣਾ ਚਾਹੁੰਦੇ ਸਨ। ਬਾਬਾ ਸਾਹਿਬ ਵੱਲੋਂ ਕੀਤੇ ਗਏ ਕੰਮਾਂ ਨੂੰ ਸਮੇਂ ਦੀਆਂ ਸਰਕਾਰਾਂ ਅਤੇ ਵਿਰੋਧੀ ਸ਼ਕਤੀਆਂ ਨੇ ਇਸ ਤਰ੍ਹਾਂ ਪ੍ਰਚਾਰਿਆ ਕਿ ਉਹਨਾਂ ਦੀ ਸ਼ਖਸੀਅਤ ਨੂੰ ਪਹਿਲਾਂ ਤਾਂ ਪੂਰਨ ਰੂਪ ਵਿਚ ਉਭਰਨ ਹੀ ਨਾ ਦਿੱਤਾ ਅਿਤੇ ਫਿਰ ਸਿਰਫ ਦਲਿਤਾਂ ਦੇ ਆਗੂ ਹੀ ਬਣਾ ਕੇ ਪੇਸ਼ ਕੀਤਾ ਜਦਕਿ ਉਹਨਾਂ ਦਾ ਸੰਘਰਸ਼ ਸਮੁੱਚੇ ਸਮਾਜ ਲਈ ਸੀ। ਸੰਵਿਧਾਨ ਰਾਹੀਂ ਭਾਵੇਂ ਉਹਨਾਂ ਨੇ ਬਰਾਬਰਤਾ ਦਾ ਅਧਿਕਾਰ ਦੇਕੇ ਰਾਜਸੀ ਬਰਾਬਰਤਾ ਤਾਂ ਲਿਆ ਦਿੱਤੀ ਪਰ ਉਹਨਾਂ ਨੂੰ ਪਤਾ ਸੀ ਕਿ ਅਸਲੀ ਬਰਾਬਰਤਾ ਤਾਂ ਸਮਾਜਿਕ ਅਤੇ ਆਰਥਿਕ ਬਰਾਬਰਤਾ ਵਿਚ ਛਿਪੀ ਹੋਈ ਹੈ ਇਸ ਲਈ ਉਹਨਾਂ ਨੇ ਸੰਵਿਧਾਨ ਲਾਗੂ ਕਰਨ ਦੇ ਦਿਨ ਹੀ 26 ਜਨਵਰੀ 1950 ਨੂੰ ਇਹ ਆਖ ਦਿੱਤਾ ਸੀ ਕਿ 'ਅਸੀਂ 26 ਜਨਵਰੀ 1950 ਨੂੰ ਬਰਾਬਰੀ ਵਾਲਾ ਸੰਵਿਧਾਨ ਲਾਗੂ ਕਰਨ ਜਾ ਰਹੇ ਹਾਂ ਪਰ ਇਸ ਨਾਲ ਸਾਨੂੰ ਭਾਵੇਂ ਰਾਜਸੀ ਬਰਾਬਰੀ ਤਾਂ ਮਿਲ ਜਾਵੇਗੀ ਪਰ ਸਮਾਜਿਕ ਤੇ ਆਰਥਿਕ ਬਰਾਬਰੀ ਨਹੀਂ ਮਿਲੇਗੀ। ਸਾਨੂੰ ਜਲਦੀ ਤੋਂ ਜਲਦੀ ਇਹ ਫਰਕ ਮਿਟਾਉਣਾ ਹੋਵੇਗਾ, ਨਹੀਂ ਤਾਂ ਇਸ ਵਿਤਕਰੇ ਦੇ ਸ਼ਿਕਾਰ ਲੋਕ ਰਾਜਸੀ ਤੰਤਰ ਨੂੰ ਖੇਰੂੰ ਖੇਰੂੰ ਕਰ ਦੇਣਗੇ।' ਬਾਬਾ ਸਾਹਿਬ ਦਾ ਮੰਨਣਾ ਸੀ ਕਿ ਹਰ ਵਿਚਾਰ ਹਰ ਸੋਚ ਦਾ ਆਧਾਰ ਵਿਗਿਆਨਕ ਹੋਣਾ ਚਾਹੀਦਾ ਹੈ। ਧਰਮ ਨੂੰ ਵੀ ਉਹ ਇਸ ਘੇਰੇ ਵਿਚ ਲੈਂਦੇ ਹਨ। ਉਹ ਅਜਿਹੇ ਵਿਸ਼ਵਾਸ ਜਾਂ ਧਰਮ ਨੂੰ ਮੰਨਣ ਤੋਂ ਇਨਕਾਰੀ ਹਨ ਜੋ ਸਮਾਜ ਵਿਚ ਜਾਤ-ਪਾਤ ਦੇ ਵਿਤਕਰੇ ਖੜ੍ਹੇ ਕਰਕੇ ਗੈਰ ਬਰਾਬਰੀ ਪੈਦਾ ਕਰਦਾ ਹੈ।

ਲੇਖਕ ਬੇਵਲੇ ਨਿਕਲਿਸ ਦੀ "ਵਰਡਿਕਟ ਆਨ ਇੰਡੀਆ'' ਕਿਤਾਬ ਅਨੁਸਾਰ ਡਾਕਟਰ ਅੰਬੇਡਕਰ ਬਿਹਤਰੀਨ 06 ਦਿਮਾਗਾਂ ਵਿਚੋਂ ਇੱਕ ਸਨ। ਕੋਲੰਬੀਆ ਯੂਨੀਵਰਸਿਟੀ ਨੇ ਉਹਨਾਂ ਨੂੰ ਡਾਕਟਰ ਆਫ ਲਾਅ ਦੀ ਡਿਗਰੀ ਇਨ੍ਹਾਂ ਪ੍ਰਸੰਸਾਮਈ ਸ਼ਬਦਾਂ ਨਾਲ ਦਿੱਤੀ "ਉਹ ਇਕ ਯੋਗ ਰਾਜਨੀਤੀ ਮਾਹਿਰ, ਅਰਥ ਸ਼ਾਸਤਰੀ, ਬੈਰਿਸਟਰ, ਪ੍ਰੋਫੈਸਰ ਦੇ ਨਾਲ ਨਾਲ ਮਹਾਨ ਸਮਾਜ ਸੁਧਾਰਕ ਅਤੇ ਮਾਨਵ ਅਧਿਕਾਰਾਂ ਦੇ ਬੇਖੌਫ ਯੋਧੇ ਸਨ''। ਸਾਲ 2012 ਵਿਚ ਕੋਲੰਬੀਆ ਯੂਨੀਵਰਸਿਟੀ ਨੇ ਦੁਨੀਆਂ ਦੇ ਚੋਟੀ ਦੇ ਸੌ ਮਹਾਂਪੁਰਸ਼ਾਂ ਅਤੇ ਬੁੱਧੀਜੀਵੀਆਂ ਦੀ ਸੂਚੀ ਪ੍ਰਕਾਸ਼ਿਤ ਕੀਤੀ ਸੀ ਜਿਨ੍ਹਾਂ ਨੇ ਸਮੁੱਚੀ ਮਨੁੱਖਤਾ ਦੇ ਕਲਿਆਣ ਲਈ ਸਭ ਤੋਂ ਵੱਧ ਯੋਗਦਾਨ ਦਿੱਤਾ ਹੈ ਜਿਸ ਵਿਚ ਪਹਿਲਾ ਨੰਬਰ ਡਾਕਟਰ ਅੰਬੇਡਕਰ ਨੂੰ ਹੀ ਦਿਤਾ ਗਿਆ ਹੈ। ਮੁਦਰੀਕਰਣ ਵਿਸ਼ੇ ਉੱਤੇ ਬਾਬਾ ਸਾਹਿਬ ਨੇ ਮਹੱਤਵ ਪੂਰਨ ਪੁਸਤਕ "ਪਰਾਬਲਮ ਆਫ ਰੁਪੀ'' ਵਿੱਚ ਦੱਸਿਆ ਹੈ ਕਿ ਕਿਸੇ ਵੀ ਦੇਸ਼ ਵਿੱਚ ਕਾਲੇ ਧਨ ਅਤੇ ਨਕਲੀ ਕਰੰਸੀ ਤੇ ਕਾਬੂ ਪਾਉਣ ਲਈ ਹਰ ਦਸ ਸਾਲ ਬਾਅਦ ਮੁੜ ਮੁਦਰੀਕਰਣ ਕੀਤਾ ਜਾਣਾ ਚਾਹੀਦਾ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਇਸੇ ਆਧਾਰ ਤੇ ਨੋਟਬੰਦੀ ਕੀਤੀ ਸੀ। ਬਾਬਾ ਸਾਹਿਬ ਦੁਆਰਾ ਲਿਖੀ ਪੁਸਤਕ "ਵੇਟਿੰਗ ਫਾਰ ਵਿਜ਼ਾ'' ਕੋਲੰਬੀਆ ਯੂਨੀਵਰਸਿਟੀ ਵਿੱਚ ਟੈਕਸਟ ਬੁੱਕ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ। ਡਾਕਟਰ ਅੰਬੇਡਕਰ ਪਹਿਲੇ ਭਾਰਤੀ ਹਨ ਜਿਹਨਾਂ ਦੀ ਮੂਰਤੀ ਲੰਡਨ ਮਿਊਜ਼ੀਅਮ ਵਿੱਚ ਕਮਿਉਨਿਸਟ ਆਗੂ ਕਾਰਲ ਮਾਰਕਸ ਦੀ ਮੂਰਤੀ ਨਾਲ ਲਗਾਈ ਗਈ ਹੈ। ਅਰਥ ਸਾਸ਼ਤਰ ਦੇ ਨੋਬਲ ਪੁਰਸਕਾਰ ਵਿਜੇਤਾ ਅਮ੍ਰਿਤਿਆ ਸੇਨ ਬਾਬਾ ਸਾਹਿਬ ਨੂੰ ਅਰਥ ਸਾਸ਼ਤਰ ਵਿਚ ਆਪਣਾ ਪਿਤਾ ਮੰਨਦੇ ਹਨ।

ਕੋਲੰਬੀਆ ਯੂਨੀਵਰਸਿਟੀ ਵਿਚ ਲੱਗੇ ਬਾਬਾ ਸਾਹਿਬ ਦੇ ਬੁੱਤ ਹੇਠਾਂ ਲਿਖਿਆ ਹੈ ਕਿ ਇਹ ਭਾਰਤ ਵਿੱਚ ਜੰਮੇ ਅਤੇ ਮਨੁੱਖੀ ਅਧਿਕਾਰਾਂ ਖਾਤਰ ਲੜ੍ਹੇ। ਬਾਬਾ ਸਾਹਿਬ ਨੇ ਜੋ ਕਿਹਾ ਸੀ ਉਹ ਸੱਚ ਸਾਬਤ ਹੋ ਰਿਹਾ ਹੈ ਅੱਜ ਦੇਸ਼ ਵਿੱਚ ਰਾਖਵਾਂਕਰਣ ਦਾ ਲਾਭ ਲੈਕੇ ਅੱਗੇ ਵੱਧੇ ਅਖੌਤੀ ਲੀਡਰ ਹਰ ਪਾਸੇ ਨਜ਼ਰ ਆ ਰਹੇ ਹਨ ਜਿਸਦਾ ਸਮਾਜ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਲੋਕਾਂ ਨੂੰ ਪਛਾਨਣਾ ਔਖਾ ਹੋ ਗਿਆ ਹੈ ਕਿ ਸਮਾਜ ਦਾ ਅਸਲ ਲੀਡਰ ਕਿਹੜਾ ਹੈ। ਬਾਬਾ ਸਾਹਿਬ ਨੇ ਸਹੀ ਆਗੂ ਦੀ ਪਛਾਣ ਇੰਜ ਦੱਸੀ ਹੈ "ਆਗੂ ਉਹ ਹੋਣਾ ਚਾਹੀਦਾ ਹੈ ਜੋ ਲੋਕਾਂ ਦੇ ਹਿੱਤ ਲਈ ਜਾਨ ਤੋੜ ਕੇ ਲੜੇ, ਜੋ ਦੱਬਿਆਂ ਕੁਚਲਿਆਂ ਲਈ, ਆਮ ਲੋਕਾਂ ਲਈ, ਉਹਨਾਂ ਨਾਲ ਹੋ ਰਹੀਆਂ ਵਧੀਕੀਆਂ ਖਾਤਰ ਸੰਘਰਸ਼ ਕਰਕੇ ਉਹਨਾਂ ਨੂੰ ਦੂਰ ਕਰਵਾਏ। ਉਹ ਸੋਚ ਸਕਣ ਦੇ ਕਾਬਲ ਹੋਵੇ, ਕਿਰਦਾਰ ਦਾ ਪੂਰਾ ਹੋਵੇ, ਅਸੂਲਾਂ ਅਤੇ ਇਖਲਾਕ ਦਾ ਪੂਰਾ ਹੋਵੇ।'' ਬਾਬਾ ਸਾਹਿਬ ਨੇ ਇਹਨਾਂ ਵਿਚਾਰਾਂ ਤੇ ਸਾਰੀ ਉਮਰ ਪਹਿਰਾ ਦਿੱਤਾ। ਬਾਬਾ ਸਾਹਿਬ ਜਦੋਂ ਉਹ ਇਸ ਦੁਨੀਆਂ ਤੋਂ ਕੂਚ ਕਰ ਗਏ ਤਾਂ ਉਸ ਵੇਲੇ ਵੀਹ ਹਜ਼ਾਰ ਦਾ ਕਰਜ਼ਾ ਸੀ।

ਭਾਰਤ ਸਰਕਾਰ ਵਲੋਂ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ ਅਤੇ ਸਮਾਜਿਕ ਨਿਆਏ ਵਰ੍ਹਾ ਵਜੋਂ ਮਨਾਇਆ ਗਿਆ। ਭਾਰਤੀ ਡਾਕ ਵਿਭਾਗ ਨੇ ਡਾਕਟਰ ਅੰਬੇਡਕਰ ਦੇ ਜਨਮ ਦਿਨ ਨੂੰ ਸਮਰਪਿਤ ਸਮੇਂ ਸਮੇਂ ਤੇ ਕਈ ਡਾਕ ਟਿਕਟਾਂ ਜਾਰੀ ਕੀਤੀਆਂ ਹਨ। 14 ਅਪ੍ਰੈਲ 2015 ਨੂੰ ਗੂਗਲ ਨੇ ਬਾਬਾ ਸਾਹਿਬ ਦੀ ਫੋਟੋ ਲਗਾਈ ਅਤੇ ਭਾਰਤ ਸਰਕਾਰ ਵਲੋਂ ਵੀ 125ਵੀਂ ਜਯੰਤੀ ਦੇ ਤੋਰ ਤੇ ਮਨਾਇਆ ਗਿਆ ਅਤੇ 125 ਰੁਪਏ ਦਾ ਸਿੱਕਾ ਜਾਰੀ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਨੇ 2016, 2017 ਅਤੇ 2018 ਵਿੱਚ ਡਾਕਟਰ ਅੰਬੇਡਕਰ ਜਯੰਤੀ ਮਨਾਈ। 14 ਅਪ੍ਰੈਲ ਨੂੰ ਮਹਾਰਾਸ਼ਟਰ ਵਿੱਚ ਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਕੈਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 14 ਅਪ੍ਰੈਲ ਨੂੰ ਬਰਾਬਰਤਾ ਦਿਵਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਅਪ੍ਰੈਲ ਮਹੀਨੇ ਨੂੰ ਦਲਿਤ ਇਤਿਹਾਸ ਵਜੋਂ ਮਨਾਉਣ ਦੀ ਘੋਸ਼ਣਾ ਕੀਤੀ ਹੈ। 03 ਅਪ੍ਰੈਲ 2023 ਨੂੰ ਬਰਨਬੀ ਸਿਟੀ ਕੌਂਸਲ ਦੀ ਮੀਟਿੰਗ ਵਿੱਚ ਮੇਅਰ ਮਾਇਕ ਹਰਲੇ ਨੇ 14 ਅਪ੍ਰੈਲ ਨੂੰ ਡਾ. ਬੀ.ਆਰ. ਅੰਬੇਡਕਰ ਜਯੰਤੀ ਨੂੰ ਆਪਣੇ ਸ਼ਹਿਰ ਵਿੱਚ ਬਰਾਬਰਤਾ ਦਾ ਦਿਵਸ ਮਨਾਉਣ ਦੀ ਘੋਸ਼ਣਾ ਕੀਤੀ ਹੈ। ਬਰਨਬੀ ਸਿਟੀ ਦੁਆਰਾ ਇਹ ਹਰ ਸਾਲ ਘੋਸ਼ਣਾ ਕੀਤੀ ਗਈ ਹੈ। ਇਸਤੋਂ ਇਲਾਵਾ ਹੋਰ ਸ਼ਹਿਰਾਂ 23 ਅਪ੍ਰੈਲ ਨੂੰ ਵੈਨਕੂਵਰ ਵਿੱਚ, 25 ਅਪ੍ਰੈਲ ਨੂੰ ਵਿਕਟੋਰੀਆ ਯੂਨੀਵਰਸਿਟੀ ਆਫ਼ ਵਿਕਟੋਰੀਆ ਵਿੱਚ ਅਤੇ 26 ਅਪ੍ਰੈਲ ਨੂੰ ਐਬਟਸਫੋਰਡ ਵਿੱਚ ਫਰੇਜ਼ਰ ਵੈਲੀ ਯੂਨੀਵਰਸਿਟੀ ਵਿੱਚ ਸਮਾਨਤਾ ਦਿਵਸ ਮਨਾਏ ਜਾ ਰਹੇ ਹਨ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਬਾਬਾ ਸਾਹਿਬ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੇ ਚੱਲਣ ਦਾ ਐਲਾਨ ਕੀਤਾ ਹੈ ਅਤੇ ਸਮੂਹ ਸਰਕਾਰੀ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਚਿੱਤਰ ਲਗਾਏ ਗਏ ਹਨ। ਅੱਜ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਸਰਕਾਰਾਂ ਵਲੋਂ ਅਤੇ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਬਾਬਾ ਸਾਹਿਬ ਦਾ ਜਨਮ ਦਿਨ ਮਨਾਉਣ ਦਾ ਅਸਲੀ ਮੰਤਬ ਤਾਂ ਹੀ ਪੂਰਾ ਹੋਵੇਗਾ ਜੇਕਰ ਅਸੀਂ ਡਾਕਟਰ ਅੰਬੇਡਕਰ ਵਲੋਂ ਦੱਸੇ ਗਏ ਵਿਚਾਰਾਂ ਨੂੰ ਅਪਣਾਕੇ ਸਮਾਜ ਨੂੰ ਗੈਰ ਵਿਤਕਰੇ ਵਾਲਾ ਅਤੇ ਬਰਾਬਰਤਾ ਵਾਲਾ ਬਣਾਉਣ ਲਈ ਕੰਮ ਕਰੀਏ।

# "ਸੁਪਰੀਮ ਕੋਰਟ ਵਲੋਂ ਰਾਜਪਾਲਾਂ ਲਈ ਬਿੱਲਾਂ ਬਾਰੇ ਸਮਾਂ-ਸੀਮਾ ਨਿਰਧਾਰਨ ਦਾ ਇਤਿਹਾਸਕ ਫੈਸਲਾ, 'ਗਰੇਅ ਏਰੀਆ' ਸਪੱਸ਼ਟ ਕੀਤਾ"

**ਪ੍ਰੋ. ਜਸਵੰਤ ਸਿੰਘ ਗੰਡਮ**
**98766-55055**

ਮੰਗਲਵਾਰ ਨੂੰ ਸੁਪਰੀਮ ਕੋਰਟ ਨੇ ਰਾਜਪਾਲਾਂ ਵਲੋਂ ਵਿਧਾਨ ਪ੍ਰੀਸ਼ਦਾਂ ਰਾਹੀਂ ਪਾਸ ਕੀਤੇ ਗਏ ਮਨਜ਼ੂਰੀ ਲਈ ਭੇਜੇ ਬਿੱਲਾਂ ਬਾਰੇ ਸਮਾਂ-ਸੀਮਾਂ ਨਿਰਧਾਰਨ ਕਰਨ ਦਾ ਇਤਿਹਾਸਕ ਫੈਸਲਾ ਕੀਤਾ ਹੈ। 8 ਅਪ੍ਰੈਲ ਨੂੰ ਜਸਟਿਸ ਜੇ.ਬੀ. ਪਾਰਦੀਵਾਲਾ ਦੀ ਅਗਵਾਈ ਵਾਲੇ ਸੰਵਿਧਾਨਕ ਬੈਂਚ ਨੇ ਇਹ ਫੈਸਲਾ ਤਾਮਿਲਨਾਡੂ ਦੀ ਡੀ.ਐਮ.ਕੇ. ਦੀ ਐਮ.ਕੇ.ਸਟਾਲਿਨ ਦੀ ਅਗਵਾਈ ਵਾਲੀ ਸਰਕਾਰ ਬਨਾਮ ਰਾਜਪਾਲ ਆਰ.ਐਨ.ਰਵੀ ਬਾਰੇ ਕੀਤਾ ਹੈ।ਇਸ ਤਹਿਤ ਰਾਜਪਾਲ ਦੁਆਰਾ ਰਾਸ਼ਟਰਪਤੀ ਦੇ ਵਿਚਾਰ ਹਿਤ ਰੋਕੇ/ਰਾਖਵੇਂ ਰਖੇ ਗਏ 10 ਬਿੱਲਾਂ ਨੂੰ ਉਹਨਾਂ ਦੇ ਪਾਸ ਕੀਤੇ ਜਾਣ ਦੀ ਮਿਤੀ ਤੋਂ ਮਨਜ਼ੂਰ ਸਮਝੇ ਜਾਣ ਦੀ ਰੂਲਿੰਗ ਦੇ ਕੇ ਸਟਾਲਿਨ ਸਰਕਾਰ ਨੂੰ ਇਕ ਵਡੀ ਜਿਤ ਪ੍ਰਦਾਨ ਕੀਤੀ ਹੈ। ਪਰ ਇਸ ਫੈਸਲੇ ਦਾ ਸਭ ਤੋਂ ਮਹੱਤਪਵਪੂਰਨ, ਇਤਿਹਾਸਕ ਅਤੇ ਨਿਆਂ-ਪ੍ਰਣਾਲੀ 'ਚ ਮੀਲ-ਪੱਥਰ ਸਾਬਤ ਹੋਣ ਵਾਲਾ ਪਹਿਲੂ ਸੰਵਿਧਾਨ ਦੇ ਆਰਟੀਕਲ 200 ਦੇ ਉਸ 'ਗਰੇਅ ਏਰੀਆ'(ਅਸਪੱਸ਼ਟ ਪੱਖ) ਨੂੰ ਪਹਿਲੀ ਵਾਰ ਉਜਾਗਰ ਕਰਨਾ ਹੈ ਜਿਸ ਤਹਿਤ ਰਾਜਪਾਲ, ਖਾਸ ਕਰਕੇ ਵਿਰੋਧੀ ਪਾਰਟੀਆਂ ਦੁਆਰਾ ਸੰਚਾਲਿਤ ਰਾਜ ਸਰਕਾਰਾਂ ਵਾਲੇ ਪ੍ਰਾਂਤਾਂ ਦੇ ਰਾਜਪਾਲ,ਬਿੱਲਾਂ ਨੂੰ ਰੋਕੀ ਰਖਣ ਦੀ ਖੇਡ ਖੇਡ ਕੇ ਜਾਂ ਤਾਂ ਆਪਣੇ ਕੇਂਦਰ ਦੇ ਆਕਾਵਾਂ ਨੂੰ ਪ੍ਰਸੰਨ ਕਰਦੇ ਹਨ ਤੇ ਜਾਂ ਆਪਣੇ-ਆਪ ਨੂੰ ਮਹਿਜ਼ ਇਕ 'ਰਬੜ ਦੀ ਮੋਹਰ' ਦੀ ਬਜਾਏ ਸ਼ਕਤੀਸ਼ਾਲੀ ਸੱਤਾਵਾਨ ਪ੍ਰਾਂਤਕ ਮੁਖੀ ਹੋਣ ਦਾ ਅਹਿਸਾਸ ਕਰਵਾਉਣਾ ਚਾਹੁੰਦੇ ਹਨ।

ਆਰਟੀਕਲ 200 ਰਾਜਪਾਲ ਦੁਆਰਾ ਬਿੱਲ ਨੂੰ 'ਜਿੰਨੀ ਜਲਦੀ ਸੰਭਵ ਹੋ ਸਕੇ' ਓਨੀ ਜਲਦੀ ਮਨਜ਼ੂਰੀ ਦੇਣ ਦੀ ਗਲ ਕਰਦਾ ਹੈ।ਪਰ ਇਹ ਵਾਕ-ਅੰਸ਼ ਇਕ 'ਗਰੇਅ ਏਰੀਆ'(ਅਸਪੱਸ਼ਟ ਪੱਖ) ਹੈ, ਜਿਸ ਨੂੰ ਸੁਪਰੀਮ ਕੋਰਟ ਨੇ ਪਹਿਲੀ ਵਾਰ ਸਪਸ਼ਟ ਕੀਤਾ ਹੈ! ਇਸ ਆਰਟੀਕਲ ਤਹਿਤ ਰਾਜਪਾਲ ਕੋਲ ਇਸ ਬਾਰੇ ਚੋਣ ਕਰਨ ਦੇ 4 ਇਖਤਿਆਰ(ਔਪਸ਼ਨਜ਼) ਹਨ- 1. ਬਿੱਲ ਨੂੰ ਮਨਜ਼ੂਰੀ ਦੇਣਾ; 2. ਮਨਜ਼ੂਰੀ ਰੋਕਣਾ; 3. ਰਾਸ਼ਟਰਪਤੀ ਦੇ ਵਿਚਾਰ 'ਚ ਲਿਆਉਣ ਖਾਤਰ ਇਸ ਨੂੰ ਰੋਕਣਾ/ਰਾਖਵਾਂ ਰਖਣਾ ਅਤੇ 4. ਬਿੱਲ ਨੂੰ ਵਿਧਾਨ ਪ੍ਰੀਸ਼ਦ ਵਲੋਂ ਪੁਨਰ-ਵਿਚਾਰ ਹਿਤ ਵਾਪਿਸ ਭੇਜਣਾ।

ਜਸਟਿਸ ਜੇ.ਬੀ.ਪਾਰਦੀਵਾਲਾ ਦੀ ਅਗਵਾਈ ਵਾਲੇ ਬੈਂਚ, ਜਿਸ ਵਿਚ ਜਸਟਿਸ ਆਰ.ਮਹਾਦੇਵਨ ਵੀ ਸ਼ਾਮਿਲ ਸਨ,ਨੇ ਇਸ ਬਾਰੇ ਸਪਸ਼ਟ ਕਿਹਾ ਕਿ ਇਸ ਦਾ ਅਰਥ ਇਹ ਨਹੀਂ ਕਿ ਰਾਜਪਾਲ ਕੋਲ ਬਿੱਲ ਦੀ ਮਨਜ਼ੂਰੀ ਵਿਚ 'ਅੜਿਕਾ' ਡਾਹੁਣ ਜਾਂ ਉਸ ਦੀ 'ਸੰਘੀ ਘੁਟਣ' ਦੀ ਕੋਈ 'ਐਬਸੋਲਿਊਟ (ਨਿਰਪੇਖ) ਵੀਟੋ' ਜਾਂ 'ਪੌਕਟ ਵੀਟੋ' ਹੈ।

(ਇਹਨਾਂ ਸ਼ਕਤੀਆਂ ਦੀ ਵਰਤੋਂ ਕਰਕੇ ਰਾਜਪਾਲ ਵਿਧਾਨ ਪ੍ਰੀਸ਼ਦਾਂ ਦੁਆਰਾ ਪਾਸ ਕੀਤੇ ਗਏ ਬਿੱਲਾਂ ਉਪਰ ਅਨਿਸਚਤ ਸਮੇਂ ਲਈ 'ਬੈਠ' ਸਕਦੈ, ਜਾਣੀ ਭੇਦਭਰੀ ਚੁੱਪ ਧਾਰਨ ਕਰ ਸਕਦੈ, ਤਾਂ ਕਿ ਉਹ ਬਿੱਲ ਸਮਾਂ ਵਿਹਾਜਣ ਕਾਰਨ ਕਾਨੂੰਨ ਨਾ ਬਣ ਸਕਣ)। ਪਰ ਬੈਂਚ ਨੇ ਇਸ ਕਿਸਮ ਦੀਆਂ ਤਾਕਤਾਂ ਵਰਤਣ ਦੀ ਮਨਾਹੀ ਕੀਤੀ ਹੈ।

ਬੈਂਚ ਨੇ ਤਾਂ ਇਥੋਂ ਤਕ ਕਿਹੈ ਕਿ ਵਾਕ-ਅੰਸ਼ 'ਆਪਣੀ ਇਖਤਿਆਰੀ ਸ਼ਕਤੀ ਵਰਤਦਿਆਂ' ਵੀ ਮੌਲਿਕ ਰੂਪ 'ਚ 1935 ਦੇ ਭਾਰਤ ਸਰਕਾਰ ਦੇ ਐਕਟ ਦੇ ਸੈਕਸ਼ਨ 75 ਵਿਚ ਮੌਜੂਦ ਸੀ ਪਰ ਇਸ ਨੂੰ ਆਰਟੀਕਲ 200 ਘੜਦਿਆਂ ਬਾਹਰ ਕਰ ਦਿਤਾ ਗਿਆ ਸੀ।ਜਿਸ ਦਾ ਮਤਲਬ ਸੀ ਕਿ ਇਹ ਰਾਜਪਾਲ ਦੀਆਂ ਇਹਨਾਂ ਤਾਕਤਾਂ ਨੂੰ ਹਟਾਉਣ ਦਾ ਇਕ ਸੁਚੇਤ ਨਿਰਣਾ ਸੀ!

ਬੈਂਚ ਨੇ ਕਮਾਲ ਦੀ ਗੱਲ ਕਰਦਿਆਂ ਪਹਿਲੀ ਵਾਰ ਸਭ ਰਾਜਪਾਲਾਂ ਦੁਆਰਾ ਬਿੱਲਾਂ ਸਬੰਧੀ 1-3 ਮਹੀਨੇ ਤਕ ਦੀ ਸਮਾਂ-ਸੀਮਾ ਨਿਰਧਾਰਤ ਕਰਦਿਆਂ ਲੋਕਾਂ ਦੁਆਰਾ ਚੁਣੀ ਗਈ ਪ੍ਰਾਂਤਕ ਸਰਕਾਰ ਦਾ ਮਹੱਤਵ,ਸੰਵਿਧਾਨ ਦੀ ਸਰਬ-ਉੱਚਤਾ, ਸੰਸਦੀ ਲੋਕਤੰਤਰ ਦੀ ਸ੍ਰੇਸ਼ਟਤਾ ਅਤੇ ਸੰਘੀ ਢਾਂਚੇ ਦੀ ਮਹਿਮਾ ਨੂੰ ਪ੍ਰਧਾਨਤਾ ਦਿਤੀ!

ਸਮਾਂ-ਸੀਮਾ ਤੈਅ ਕਰਦਿਆਂ ਬੈਂਚ ਨੇ ਆਪਣੀ ਰੂਲਿੰਗ ਵਿਚ 4 ਗਲਾਂ ਉਪਰ ਜ਼ੋਰ ਦਿਤਾ-1. ਜੇ ਬਿੱਲ ਮੰਤਰੀ ਮੰਡਲ ਦੀ ਸਲਾਹ ਨਾਲ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਰੋਕਿਆ ਜਾਂ ਰਾਖਵਾਂ ਰਖਿਆ ਗਿਐ ਤਾਂ ਇਸ ਸਬੰਧੀ ਇਕ ਮਹੀਨੇ 'ਚ ਫੈਸਲਾ ਕਰਨਾ ਹੋਵੇਗਾ; 2.ਜੇ ਇਹ ਰਾਜ ਸਰਕਾਰ ਦੀ ਸਲਾਹ ਬਿਨਾਂ ਰੋਕਿਆ ਜਾਂ ਰਾਖਵਾਂ ਰਖਿਆ ਗਿਐ ਤਾਂ ਤਿੰਨ ਮਹੀਨਿਆਂ 'ਚ ਫੈਸਲਾ ਲੈਣਾ ਹੋਵੇਗਾ; 3.ਜੇ ਵਿਧਾਨ ਪ੍ਰੀਸ਼ਦ ਵਲੋਂ ਪੁਨਰ ਵਿਚਾਰ ਕਰਕੇ ਬਿੱਲ ਦੁਬਾਰਾ ਭੇਜਿਆ ਜਾਂਦੈ ਤਾਂ ਫੈਸਲਾ ਇਕ ਮਹੀਨੇ 'ਚ ਕਰਨਾ ਹੋਵੇਗਾ ਅਤੇ 4. ਬਿੱਲ ਨੂੰ ਸਿਰਫ ਪਹਿਲੀ ਸਟੇ ਹੀ ਰਾਸ਼ਟਰਪਤੀ ਦੀ ਸਲਾਹ ਲਈ ਰਾਖਵਾਂ ਰਖਿਆ ਜਾ ਸਕਦੈ।



ਬੈਂਚ ਨੇ ਰਾਜਪਾਲ ਦੀ ਬਿੱਲ ਰੋਕਣ/ਰਾਖਵੇਂ ਰਖਣ ਦੀ ਕਾਰਵਾਈ ਨੂੰ ਗੈਰਕਾਨੂੰਨੀ, ਗਲਤ, ਮਨਮਾਨੀ ਵਾਲੀ ਅਤੇ ਸੰਵਿਧਾਨਕ ਪ੍ਰਾਵਧਾਨ ਵਿਰੁਧ ਜਾਣ ਵਾਲੀ ਗਰਦਾਨਦਿਆਂ ਇਸ ਨੂੰ ਰੱਦ ਕਰ ਦਿਤਾ।

ਇਕ ਬੜੀ ਹੀ ਸਖਤ ਟਿੱਪਣੀ ਵਿਚ ਬੈਂਚ ਨੇ ਕਿਹਾ ਕਿ ਅਜਿਹਾ ਕੋਈ ਵੀ ਪ੍ਰਗਟਵਾਂ ਕਾਰਜ, ਜੋ ਲੋਕ-ਇੱਛਾ ਦੇ ਉਲਟ ਜਾਂਦਾ ਹੋਵੇ,ਉਹ ਸੰਵਿਧਾਨਿਕ ਸਹੁੰ ਤੋਂ ਮੂੰਹ ਮੋੜਨ ਤੁਲ ਹੋਵੇਗਾ!

ਬੈਂਚ ਨੇ ਯਾਦ ਕਰਵਾਇਆ ਕਿ 'ਮਹਾਂਮਹੀਮ'(ਭਾਵ ਤਾਮਿਲਨਾਡੂ ਦਾ ਰਾਜਪਾਲ) ਕੇਂਦਰ ਦਾ ਏਜੰਟ ਨਹੀਂ ਸਗੋਂ ਸੰਵਿਧਾਨਿਕ ਸਹੁੰ ਤਹਿਤ ਇਕ ਜਨਤਕ ਅਹੁਦੇਦਾਰ ਹੁੰਦੈ।ਉਸ ਨੂੰ ਰਾਜ ਦੇ 'ਦੋਸਤ, ਫਿਲਾਸਫਰ ਅਤੇ ਗਾਈਡ' ਵਜੋਂ ਵਿਚਰਨਾਂ ਚਾਹੀਦੈ। ਇਸ ਨਾਮੀ ਫੈਸਲੇ ਨੇ ਆਰਟੀਕਲ 200 ਵਿਚਲੀ ਸੰਵਿਧਾਨਕ ਸੰਦੇਹ-ਅਰਥਤਾ/ਸ਼ੱਕ ਨੂੰ ਦੂਰ ਕਰ ਦਿੱਤੇ।

ਬੈਂਚ ਨੇ ਕਿਹਾ,"ਭਾਵੇਂ ਇਸ ਅਨੁਸ਼ੇਦ ਵਿਚ ਕੋਈ ਤਹਿਸ਼ੁਦਾ ਸਮਾਂ-ਸੀਮਾ ਨਹੀਂ ਹੈ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਗਵਰਨਰ ਉਹਨਾਂ ਬਿੱਲਾਂ,ਜੋ ਉਸ ਦੀ ਮਨਜ਼ੂਰੀ ਲਈ ਭੇਜੇ ਜਾਂਦੇ ਹਨ, ਬਾਰੇ ਕੋਈ ਫੈਸਲਾ ਹੀ ਨਾ ਲਵੇ, ਅਨਿਸਚਿਤ ਸਮੇਂ ਲਈ ਦੇਰੀ ਕਰੀ ਜਾਵੇ ਅਤੇ ਰਾਜ ਦੀ ਕਾਨੂੰਨ-ਘੜਨ ਵਾਲੀ ਮਸ਼ੀਨਰੀ ਅਗੇ ਅੜਿੱਕੇ ਡਾਹੀ ਜਾਵੇ।ਰਾਜਪਾਲਾਂ ਨੂੰ ਇਸ ਗਲ ਪ੍ਰਤੀ ਸੁਚੇਤ ਹੋਣਾ ਪਵੇਗਾ ਕਿ ਉਹ ਰਾਜਾਂ ਦੀਆਂ ਵਿਧਾਨ ਪ੍ਰੀਸ਼ਦਾਂ ਦੀ ਸੰਘੀ ਨਾ ਨੱਪਣ ਤੇ ਨਾਂ ਹੀ ਅੜਿੱਕੇ ਡਾਹੁਣ,ਜੋ ਲੋਕਾਂ ਦੀ ਇੱਛਾ ਅਗੇ ਰੋਕਾਂ ਖੜੀਆਂ ਕਰਨ ਜਾਂ ਉਹਨਾਂ ਅਗੇ ਆਡਾ ਲਾਉਣ।ਵਿਧਾਨ ਪ੍ਰੀਸ਼ਦਾਂ ਦੇ ਮੈਂਬਰ,ਜੋ ਕਿ ਇਕ ਲੋਕਤੰਤਰਿਕ ਵਿਧੀ ਰਾਹੀ ਚੁਣੇ ਜਾਂਦੇ ਹਨ,ਲੋਕਾਂ ਦੇ ਭਲੇ ਹਿਤ ਕਾਰਜਾਂ ਦੀ ਨਬਜ਼ ਵਧੇਰੇ ਪਹਿਚਾਨਦੇ ਹਨ"।ਬੈਂਚ ਨੇ ਇਹ ਵੀ ਕਿਹਾ ਕਿ ਇਕ ਰਾਜਪਾਲ ਦਾ ਕਾਰਜ 'ਜੁਡੀਸ਼ੀਅਲ ਰੀਵਿਯੂ' (ਨਿਆਇਕ ਸਮੀਖਿਆ)ਤੋਂ ਬਾਹਰ ਨਹੀਂ ਹੈ। ਬੈਂਚ ਨੇ ਤਾਮਿਲਨਾਡੂ ਦੇ ਰਾਜਪਾਲ ਆਰ.ਐਨ.ਰਵੀ ਦੁਆਰਾ ਰੋਕੇ/ਰਾਖਵੇਂ ਰਖੇ ਗਏ ਐਮ.ਕੇ. ਸਟਾਲਿਨ ਸਰਕਾਰ ਵਲੋਂ ਪਾਸ ਕੀਤੇ ਗਏ ਉਹਨਾਂ 10 ਬਿੱਲਾਂ ਨੂੰ ਮਨਜ਼ੂਰ ਕੀਤੇ ਗਏ ਸਮਝਿਆ ਜਾਣ ਦੀ ਹਦਾਇਤ ਕੀਤੀ ਅਤੇ ਇਸ ਲਈ ਆਰਟੀਕਲ 142 ਤਹਿਤ ਸੰਵਿਧਾਨ ਵਲੋਂ ਸੁਪਰੀਮ ਕੋਰਟ ਨੂੰ ਦਿਤੇ 'ਪੂਰਨ ਨਿਆਂ ਕਰਨ ' ਦੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕੀਤੀ! ਇਹਨਾਂ ਬਿੱਲਾਂ 'ਚੋਂ ਇਕ ਤਾਂ ਜਨਵਰੀ 2020 ਤੋਂ ਰੋਕਿਆ ਗਿਆ ਸੀ! ਇਸ ਕਾਰਨ ਰਾਜ ਸਰਕਾਰ ਦੁਆਰਾ ਵਿਸ਼ਵ-ਵਿਦਿਆਲਿਆਂ ਦੇ ਉੱਪ-ਕੁਲਪਤੀ ਲਗਾਉਣ ਦੀ ਪ੍ਰਕਿਰਿਆ 'ਚ ਰੁਕਾਵਟ ਆਈ ਹੋਈ ਸੀ। ਉੱਪ-ਕੁਲਪਤੀ ਲਗਾਉਣ ਵੇਲੇ ਰੇੜਕਾ ਅਕਸਰ ਤਾਂ ਪੈਦਾ ਹੁੰਦੈ ਕਿਉਂਕਿ ਆਮ ਤੌਰ ਤੇ ਰਾਜਪਾਲ ਪ੍ਰਾਂਤ ਦੀਆਂ ਯੂਨੀਵਰਸਿਟੀਆਂ ਦੇ ਚਾਂਸਲਰ ਹੁੰਦੇ ਹਨ ਅਤੇ ਉਹ ਇਸ ਸਬੰਧੀ ਨਿਯੁਕਤੀ ਵੇਲੇ ਆਪਣੀ ਦਸ-ਪੁੱਛ ਲੋਚਦੇ ਹਨ।ਪਰ ਰਾਜਾਂ ਦੇ ਮੁੱਖ ਮੰਤਰੀ, ਜੋ ਚੁਣੀ ਹੋਈ ਸਰਕਾਰ ਦੇ ਮੁਖੀ ਹੋਣ ਕਾਰਨ, ਆਪਣੀ ਮਰਜ਼ੀ ਮੁਤਾਬਕ ਨਿਯੁਕਤੀਆਂ ਕਰਨੀਆਂ ਚਾਹੁੰਦੇ ਹਨ। ਦਰਅਸਲ ਅਜਿਹਾ ਕਰ ਕੇ ਕੇਂਦਰ ਸਰਕਾਰ ਰਾਜਪਾਲਾਂ ਰਾਹੀ ਉਹਨਾਂ ਪ੍ਰਾਂਤਾਂ, ਜਿਥੇ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ, ਅੰਦਰ ਪਿੱਛਲ-ਦਰਵਾਜ਼ੇ ਰਾਹੀਂ ਆਪਣੀ ਨਵੀਂ ਸਿਖਿਆ ਨੀਤੀ ਠੋਸਣਾ ਚਾਹੁੰਦੀ ਹੈ।ਇਹ ਗਲ ਜਗ ਜ਼ਾਹਿਰ ਹੈ ਕਿ ਤਾਮਿਲਨਾਡੂ ਦਾ ਮੁੱਖ ਮੰਤਰੀ ਐਮ.ਕੇ. ਸਟਾਲਿਨ ਇਸ ਨੀਤੀ ਦਾ ਡਟ ਕੇ ਵਿਰੋਧ ਕਰ ਰਿਹਾ ਹੈ।ਬੇਸ਼ਕ ਉਸ ਨੂੰ ਇਸ ਕਾਰਨ ਕੇਂਦਰ ਦੀ ਸਬੰਧਤ ਗ੍ਰਾਂਟ ਵੀ ਨਹੀਂ ਮਿਲ ਰਹੀ ਪਰ ਉਹ ਖੇਤਰੀ ਪਹਿਚਾਨ ਅਤੇ ਆਨ-ਬਾਨ ਦੇ ਨਾਇਕ ਵਜੋਂ ਉਭਰਿਆ ਹੈ।

ਸਟਾਲਿਨ ਅਤੇ ਰਵੀ ਦੀ ਤਣਾ-ਤਣੀ ਬਣੀ ਹੀ ਰਹਿੰਦੀ ਹੈ। ਪਿਛਲੇ ਸਾਲ ਮਾਰਚ ਵਿਚ ਹੀ ਸੁਪਰੀਮ ਕੋਰਟ ਨੇ ਰਾਜਪਾਲ ਦੀ ਇਸ ਗਲੋਂ ਖਿਚਾਈ ਕੀਤੀ ਸੀ ਕਿ ਉਸ ਨੇ ਮੁੱਖ ਮੰਤਰੀ ਦੀ ਸਿਫਾਰਸ਼ ਦੇ ਬਾਵਜੂਦ ਇਕ ਬਰਖਾਸਤ ਕੀਤੇ ਮੰਤਰੀ ਨੂੰ ਮੁੜ ਅਹੁਦੇ ਦੇ ਬਹਾਲ ਕਰਨ ਤੋਂ ਇਨਕਾਰ ਕਰ ਦਿਤਾ ਸੀ। ਬੈਂਚ ਦੇ ਇਸ ਫੈਸਲੇ ਨੂੰ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਕੇਂਦਰ-ਰਾਜ ਸਰਕਾਰਾਂ ਦੇ ਸਬੰਧਾਂ ਵਿਚ ਸੰਤੁਲਨ ਲਈ ਇਕ ਅਹਿਮ ਕਦਮ ਅਤੇ ਸੱਚੇ ਸੰਘੀ(ਫੈਡਰਲ) ਭਾਰਤ ਲਈ ਤਾਮਿਲਨਾਡੂ ਵਲੋਂ ਵਿਢੇ ਨਿਰੰਤਰ ਸੰਘਰਸ਼ ਦੀ ਮਹਾਨ ਜਿਤ ਕਰਾਰ ਦਿਤੈ। ਕੇਰਲਾ ਦੇ ਮੁੱਖ ਮੰਤਰੀ ਪਿਨਾਰਾਈ ਵਿਜਿਯਨ ਸਮੇਤ ਹੋਰ ਕਈ ਨੇਤਾਵਾਂ ਵਲੋਂ ਇਸ ਫੈਸਲੇ ਦੀ ਬਹੁਤ ਸ਼ਲਾਘਾ ਕੀਤੀ ਗਈ ਹੈ।

ਸੁਪਰੀਮ ਕੋਰਟ ਦੀ ਇਹ 'ਲੈਂਡਮਾਰਕ' ਜਜਮੈਂਟ ਕੇਰਲਾ, ਤਿਲੰਗਾਨਾ, ਪੱਛਮੀ ਬੰਗਾਲ, ਪੰਜਾਬ, ਛਤੀਸਗੜ੍ਹ ਆਦਿ ਸੂਬਿਆਂ ਸਮੇਤ ਹੋਰਨਾਂ ਰਾਜਾਂ ਲਈ ਵੀ ਫਾਇਦੇਮੰਦ ਸਾਬਤ ਹੋਵੇਗੀ। ਇਹਨਾਂ ਸੂਬਿਆਂ ਵਿਚ ਵੀ ਰਾਜ ਸਰਕਾਰਾਂ ਅਤੇ ਰਾਜਪਾਲਾਂ ਦਰਮਿਆਨ ਇੱਟ-ਖੜਿੱਕਾ ਚਲਦਾ ਰਹਿੰਦੈ। ਕੌਣ ਨਹੀਂ ਜਾਣਦਾ ਕਿ ਗਵਰਨਰ ਬਨਵਾਰੀਲਾਲ ਪਰੋਹਿਤ ਵੇਲੇ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਗਏ 4 ਬਿੱਲਾਂ ਨੂੰ ਰਾਜਪਾਲ ਨੇ ਰੋਕੀ ਰਖਿਆ ਸੀ ਅਤੇ ਰਾਜ ਸਰਕਾਰ ਨੂੰ ਸੁਪਰੀਮ ਕੋਰਟ ਦੇ ਦਰਵਾਜ਼ੇ ਤੇ ਦਸਤਕ ਦੇਣੀ ਪਈ ਸੀ। ਉਸ ਨੇ ਤਾਂ ਇਹਨਾਂ ਬਿੱਲਾਂ ਨੂੰ ਪਾਸ ਕਰਨ ਵਾਲੇ ਵਿਧਾਨ ਸਭਾ ਦੇ ਇਜਲਾਸ ਨੂੰ ਬੁਲਾਏ ਜਾਣ ਨੂੰ ਹੀ ਅਵੈਧ ਕਰਾਰ ਦੇ ਦਿਤਾ ਸੀ! ਸੰਵਿਧਾਨ ਦੇ ਆਰਟੀਕਲ 168 ਤਹਿਤ ਰਾਜਪਾਲ ਪ੍ਰਾਂਤ ਦੀ ਵਿਧਾਨ ਪ੍ਰੀਸ਼ਦ ਦਾ ਭਾਗ ਹੁੰਦਾ ਹੈ।ਰਾਜ ਦੀ ਅਸੈਂਬਲੀ ਲੋਕ-ਹਿਤਾਂ ਲਈ ਕਾਨੂੰਨ ਬਨਾਉਣ ਦਾ ਫਰਜ਼ ਅਦਾ ਕਰਦੀ ਹੈ ਕਿਉਂਕਿ ਉਸ ਨੂੰ ਲੋਕਾਂ ਨੇ ਚੁਣਿਆਂ ਹੁੰਦੈ। ਇਸ ਲਈ ਰਾਜਪਾਲ ਨੂੰ ਇਹੀ ਸ਼ੋਭਾ ਦਿੰਦੈ ਕਿ ਉਹ ਵਿਧਾਨਕ ਪ੍ਰਕਿਰਿਆ ਪੂਰਨ ਕਰਨ ਅਤੇ ਲੋਕ-ਇੱਛਾ ਅਨੁਸਾਰ ਸੇਵਾ ਨਿਭਾਉਂਦਿਆਂ ਇਸ ਨੂੰ ਸੇਧ ਦੇਵੇ/ਸਹਾਇਤਾ ਕਰੇ।

ਆਖਿਰਕਾਰ ਉਹ ਹੁੰਦਾ ਤਾਂ ਇਕ ਸੰਵਿਧਾਨਕ ਮੁਖੀ ਹੀ ਹੈ ਜੋ ਆਪਣੀਆਂ ਤਾਕਤਾਂ ਨੂੰ ਮੰਤਰੀ ਮੰਡਲ ਦੇ ਫੈਸਲਿਆਂ/ਸਲਾਹ ਰਾਹੀ ਹੀ ਵਰਤ ਸਕਦੈ। ਹਾਂ,ਰਾਸ਼ਟਰਪਤੀ ਰਾਜ ਵੇਲੇ ਉਹ ਸਬੰਧਤ ਰਾਜ ਦਾ ਸਰਵੇ-ਸਰਵਾ ਹੁੰਦੈ। ਚੁਣੀ ਹੋਈ ਪ੍ਰਾਂਤਕ ਸਰਕਾਰ ਸਮੇਂ ਬਸ ਇਕ ਰਬੜ ਦੀ ਮੋਹਰ!

ਮੰਗਲਵਾਰ ਦੇ ਇਤਿਹਾਸਕ ਫੈਸਲੇ ਨੇ ਇਸ ਗਲ ਨੂੰ ਚਿੱਟੇ ਦਿਨ ਵਾਂਗ ਸਪਸ਼ਟ ਕਰ ਦਿਤੈ! ਪਰ ਕੋਰਟ ਨੇ ਇਹ ਵੀ ਕਿਹਾ ਕਿ ਉਹ ਕਿਸੇ ਤਰਾਂ ਵੀ ਰਾਜਪਾਲ ਦੇ ਅਹੁਦੇ ਦੀ ਮਾਣ-ਘਟਾਈ (ਅੰਡਰਮਾਈਨ) ਨਹੀਂ ਕਰ ਰਹੇ। "ਅਸੀਂ ਸਿਰਫ ਇਹ ਚਾਹੁੰਦੇ ਹਾਂ ਕਿ ਰਾਜਪਾਲ ਸੰਸਦੀ ਲੋਕਤੰਤਰ ਦੀਆਂ ਸਥਾਪਤ ਰਵਾਇਤਾਂ ਅਨੁਸਾਰ ਕੰਮ ਕਰੇ। ਉਹ ਕੋਈ ਸਿਆਸੀ ਐਕਟਰ ਨਹੀਂ ਸਗੋਂ ਇਕ 'ਦੋਸਤ, ਫਿਲਾਸਫਰ ਅਤੇ ਗਾਈਡ' ਹੈ। ਜਜਮੈਂਟ ਦੇ ਆਖਰੀ ਭਾਗ ਵਿਚ ਜਸਟਿਸ ਪਾਰਦੀਵਾਲਾ ਨੇ ਸੰਵਿਧਾਨ ਦੇ ਨਿਰਮਾਤਾ ਡਾ. ਬੀ. ਆਰ. ਅੰਬੇਦਕਰ ਦੇ ਅਨਮੋਲ ਬੋਲ ਦੁਹਰਾਏ-

"ਸੰਵਿਧਾਨ ਭਾਂਵੇਂ ਜਿੰਨਾ ਮਰਜ਼ੀ ਚੰਗਾ ਹੋਵੇ, ਜੇ ਕਰ ਇਸ ਨੂੰ ਲਾਗੂ ਕਰਨ ਵਾਲੇ ਚੰਗੇ ਨਹੀਂ ਤਾਂ ਇਹ ਮਾੜਾ ਹੀ ਸਾਬਤ ਹੋਵੇਗਾ। ਪਰ ਸੰਵਿਧਾਨ ਜਿੰਨਾ ਮਰਜ਼ੀ ਮਾੜਾ ਹੋਵੇ, ਜੇ ਇਸ ਨੂੰ ਲਾਗੂ ਕਰਨ ਵਾਲੇ ਚੰਗੇ ਹਨ ਤਾਂ ਇਹ ਚੰਗਾ ਸਾਬਤ ਹੋਵੇਗਾ"!

## ਖਾਲਸਾ ਪੰਥ ਸਜਾਇਆ

ਵਿਸਾਖੀ ਵਾਲੇ ਦਿਨ
ਗੁਰੂ ਦਸਵੇਂ ਕੌਤਿਕ ਵਰਤਾਇਆ
ਲੈ ਕੇ ਸੀਸ ਪੰਜ ਪਿਆਰਿਆਂ
ਖਾਲਸਾ ਪੰਥ ਸਜਾਇਆ।
ਇਹ ਆਲੌਕਿਕ ਨਜ਼ਾਰਾ
ਵੇਖ ਸੰਗਤ ਸੀਸ ਝੁਕਾਇਆ
ਇਕੋ ਬਾਟੇ 'ਚ ਅੰਮ੍ਰਿਤ ਛਕਾ ਕੇ
ਜਾਤ ਪਾਤ ਦਾ ਭੇਦ ਮਿਟਾਇਆ।
ਨੀਚ ਜਾਤ ਨੂੰ ਗਲੇ ਲਗਾ ਕੇ
ਸਤਿਕਾਰ ਉਨ੍ਹਾਂ ਦਾ ਵਧਾਇਆ।
ਜੀਵਨ ਸਿੰਘ ਮਜ਼ੁਬੀ ਸਿੰਘ ਨੂੰ
ਕਲਗੀ ਲਾ ਸਤਿਕਾਰ ਦਿਵਾਇਆ।
ਸਮਾਜ ਅੰਦਰ ਸੀ ਕ੍ਰਾਂਤੀ ਦਾ
ਇਕ ਨਵਾਂ ਪੈਗ਼ਾਮ ਫੈਲਾਇਆ
ਪਰ ਚੌਥੀ ਸਦੀ ਆਉਣ ਤੇ ਵੀ
ਲੋਕਾਂ ਮਨ ਨਾ ਸਮਝਾਇਆ।

ਸਿੱਖੀ ਦੇ ਆਲੰਬਰਦਾਰਾਂ
ਹਉਮੇ ਆਪਣੀ ਨੂੰ ਪੱਠੇ ਪਾਇਆ
ਜਾਤ ਪਾਤਾਂ ਦੀਆਂ ਵੰਡੀਆਂ ਨੂੰ
ਨਵੇਂ ਸਿਰੇ ਤੋਂ ਰਚਾਇਆ।
ਜਾਤ ਪਾਤ ਦੇ ਨਾਲ ਜੋੜ ਕੇ
ਨੇਤਾਵਾਂ ਖੂਬ ਲੋਕਾਂ ਭਰਮਾਇਆ
ਸਰਕਾਰ ਸਾਡੀ ਨੇ ਪਹਿਲਾਂ ਹੀ
ਲੋਕਾਂ ਤੇ ਜਾਤ ਦਾ ਠੱਪਾ ਲਾਇਆ।
ਸਮਾਜ ਸਾਡੇ ਨੇ ਸਿੱਖੀ ਨੂੰ
ਵੱਖਰਾ ਹੀ ਰੂਪ ਬਣਾਇਆ
ਸੰਤ ਬਾਬਿਆਂ ਆਮ ਸਿੱਖ ਨੂੰ
ਉਲਝਣ ਤਾਣੀ ਵਿੱਚ ਪਾਇਆ।
ਹੱਕ ਹਕੂਕ ਦੀ ਖਾਣ ਵਾਲੇ ਨੂੰ
ਚਕਰਾਂ ਨਵੇਂ ਫਸਾਇਆ

ਅੱਗੇ ਵੱਧਣ ਤੋਂ ਰੋਕਣ ਲਈ
ਇਹ ਜਾਲ ਨਵਾਂ ਵਛਾਇਆ।
ਸਿੱਖੀ ਦੇ ਪਹਿਰੇਦਾਰੋ
ਅਜੇ ਵੀ ਸੋਚੋ ਤੇ ਵਿਚਾਰੋ
ਕਿਉਂ ਨਹੀਂ ਗੁਰੂ ਦੀ ਸੋਚ ਨੂੰ
ਸੱਚੇ ਦਿਲੋਂ ਅਸਾਂ ਅਪਣਾਇਆ

**– ਮੇਜਰ ਸਿੰਘ ਨਾਭਾ**



# ਸਿੱਖਿਆ ਵਿਕਾਸ ਦੀ ਨੀਂਹ ਹੈ

**ਵਿਜੈ ਗਰਗ**

ਇਸ ਪੁਸਤਕ ਪ੍ਰਤੀ ਸ਼੍ਰੋਮਣੀ ਬਾਲ ਸਾਹਿਤਕਾਰ ਡਾ।ਦਰਸਨ ਸਿੰਘ ਆਸ਼ਟ ਅਤੇ ਮਿੰਨੀ ਕਹਾਣੀਆਂ ਦੇ ਡਾਕਟਰ ਹਰਪ੍ਰੀਤ ਸਿੰਘ ਰਾਣਾ ਨੇ ਡੂੰਘੀ ਘੋਖ ਨਾਲ ਪੁਸਤਕ ਪ੍ਰਤੀ, ਕਹਾਣੀਆਂ ਦੇ ਵਿਸ਼ਿਆਂ ਪ੍ਰਤੀ ਅਤੇ ਲੇਖਕ ਦੀ ਸਾਕਾਰਾਤਮਿਕ ਸੋਚ ਪ੍ਰਤੀ ਪੁਸਤਕ ਦੇ ਸ਼ੁਰੂ ਵਿਚ ਹੀ ਕਾਫੀ ਕੁਝ ਸਪੱਸ਼ਟ ਲਿਖਿਆ ਹੈ ਕਿ "ਪੁਸਤਕ ਵਿਚਲੀਆਂ ਕਹਾਣੀਆਂ ਮਨੁੱਖ ਦੀ ਕਰਨੀ ਅਤੇ ਕਥਨੀ ਵਿਚਲੇ ਪਾੜੇ ਨੂੰ ਉਜਾਗਰ ਕਰਦੀਆਂ, ਭ੍ਰਿਸ਼ਟ ਨਿਜਾਮ ਦੇ ਵਰਤਾਰੇ ਦਾ ਜਨਾਜ਼ਾ ਕੱਢਦੀਆਂ, ਧਾਰਮਿਕ ਅਡੰਬਰ ਅਤੇ ਪਾਖੰਡਵਾਦ ਦਾ ਪਰਦਾਫਾਸ਼ ਕਰਦੀਆਂ, ਕਿਰਤੀਆਂ ਅਤੇ ਨਾਰੀ ਦੇ ਸ਼ੋਸ਼ਣ ਅਤੇ ਲੋਟੂ ਵਰਗ ਦੀ ਤ੍ਰਾਸਦਿਕ ਮਾਨਸਿਕਤਾ ਨੂੰ ਰੂਪਮਾਨ ਕਰਦੀਆਂ ਹਨ।"




ਕਹਾਣੀਆਂ ਦੀ ਸ਼ੁਰੂਆਤ ਤੋਂ ਪਹਿਲਾਂ ਉਸਨੇ ਆਪਣੀ ਦਿਲੋਂ ਜਾਨ ਧੀ 'ਅਨਹਦ' ਬਾਰੇ ਕਵਿਤਾ ਦੇ ਰੂਪ ਅਹਿਸਾਸਾਂ ਨੂੰ ਪ੍ਰਗਟਾਇਆ ਹੈ,ਜੋ ਸ਼ੁਰੂ ਵਿੱਚ ਹੀ ਪਾਠਕ ਮਨ ਉੱਪਰ ਗਹਿਰਾ ਪ੍ਰਭਾਵ ਛੱਡਣ ਵਿੱਚ ਕਾਮਯਾਬ ਰਹਿੰਦੀ ਹੈ।

ਕਹਾਣੀ ਕੱਦ ਵਿੱਚ ਉਸਨੇ ਮੰਜ਼ਿਲ ਦੀ ਕਾਮਯਾਬੀ ਲਈ ਮਿਹਨਤ ਦਾ ਪੱਲਾ ਫੜ੍ਹਨ ਦੀ ਸਲਾਹ ਦਿੱਤੀ ਹੈ,ਰੰਗ ਰੂਪ , ਜਾਤੀ ਸਭ ਮੰਜ਼ਿਲ ਤੇ ਪਹੁੰਚ ਕੇ ਬੌਣੇ ਮਹਿਸੂਸ ਹੁੰਦੇ ਹਨ। ਇਸੇ ਤਰ੍ਹਾਂ ਪਰਾਲੀ ਕਿ ਪਰਲੋ ਵਿੱਚ ਜਿੱਦੀ ਮਾਨਸਿਕਤਾ ਨਾਲ ਮਿਲੇ ਦੁੱਖ ਨੂੰ ਬਿਆਨ ਕੀਤਾ ਗਿਆ ਹੈ। ਬਦਲਾਅ ਕਹਾਣੀ ਵਿਚ ਦਾਦੀ ਦੀ ਪੋਤੀਆਂ ਪ੍ਰਤੀ ਬਦਲੀ ਮਾਨਸਿਕਤਾ, ਤੋਹਫਾ ਕਹਾਣੀ ਵਿਚ ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਅਹਿਮੀਅਤ, ਬਰਥ-ਡੇ ਕਹਾਣੀ ਕਿਰਤ ਦੀ ਮਜਬੂਰੀ ਨੂੰ ਦਰਸਾਉਂਦੀ ਹੈ।ਹੋਰ ਵੀ ਸਾਰੀਆਂ ਕਹਾਣੀਆਂ ਵਰਤਮਾਨ ਸਮਾਜ ਦੀਆਂ ਦੁਸ਼ਵਾਰੀਆਂ ਅਤੇ ਗੈਰ ਸਿਧਾਂਤਕ ਅਡੰਬਰਾਂ, ਮੁਖੌਟਾਧਾਰੀ ਚੌਧਰੀਆਂ ਦੇ ਦੋਗਲੇ ਕਿਰਦਾਰਾਂ ਦੀ ਕਿਰਦਾਰਕੁਸ਼ ਅਤੇ ਸਮਾਜ ਚ ਫੈਲੇ ਭ੍ਰਿਸ਼ਟਾਚਾਰ ਅਤੇ ਅੰਧਵਿਸ਼ਵਾਸਾਂ ਦਾ ਪਰਦਾਫਾਸ਼ ਕਰਦੀਆਂ ਹਨ ਅਤੇ ਖ਼ੂਬਸੂਰਤ ਸੁਨੇਹਾ ਵੀ ਦਿੰਦੀਆਂ ਹਨ।ਇਹ ਪੁਸਤਕ ਲੇਖਕ ਦੀ ਸਮਾਜ, ਪਰਿਵਾਰ, ਦੇਸ਼ ਪ੍ਰਤੀ ਸਨੇਹ ਅਤੇ ਚਿੰਤਾਂ ਨੂੰ ਦਰਸਾਉਂਦੀ ਹੈ। ਭਵਿੱਖ ਵਿੱਚ ਵੀ ਲੇਖਕ ਤੋਂ ਅਜਿਹੇ ਮਾਨਵਤਾਵਾਦੀ ਸੁਨੇਹਿਆਂ ਦੀ ਉਮੀਦ ਕੀਤੀ ਜਾ ਸਕਦੀ ਹੈ।

**ਇੰਜੀ ਸਤਨਾਮ ਸਿੰਘ ਮੱਟੂ**
**9779708257**

## ਅਮਰ ਕਥਾਵਾਂ (ਭਾਗ ਤੀਜਾ ਤੇ ਚੌਥਾ)

**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਲੇਖਕ:ਸੁਖਦੇਵ ਸਿੰਘ ਸ਼ਾਂਤ**
**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨਜ਼ ਸਮਾਣਾ,**
**ਪੰਨੇ: 16, ਮੁੱਲ: 95/-**




ਦੋ ਦਰਜਨ ਤੋਂ ਵੱਧ ਪੁਸਤਕਾਂ ਦੇ ਰਚਨਹਾਰੇ ਸੁਖਦੇਵ ਸਿੰਘ ਸ਼ਾਂਤ ਹੁਰੀਂ ਕਵਿਤਾ ਅਤੇ ਵਾਰਤਕ ਦੇ ਖੇਤਰ ਵਿੱਚ ਸ਼ਾਨਦਾਰ ਕਿਰਤਾਂ ਨਾਲ ਪੰਜਾਬੀ ਸਾਹਿਤ ਦਾ ਮਾਣ ਸਨਮਾਨ ਨੂੰ ਵਧਾਇਆ ਹੈ। ਪਰੋੜ ਸਾਹਿਤ ਦੇ ਨਾਲ ਨਾਲ ਉਹਨਾਂ ਬਾਲ ਸਾਹਿਤ ਦੇ ਖੇਤਰ ਵਿੱਚ ਵੀ ਸ਼ਾਨਦਾਰ ਪੈੜ ਪਾਈ ਹੈ। ਇੱਥੇ ਹੀ ਬੱਸ ਨਹੀਂ ਸਗੋਂ ਮਿੰਨੀ ਕਹਾਣੀ ਅਤੇ ਗੁਰਮਤਿ ਸਾਹਿਤ ਵਿੱਚ ਵੀ ਉਹਨਾਂ ਖੋਜ ਭਰਪੂਰ ਕਾਰਜ ਕੀਤੇ ਹਨ। ਮਹਾਂਪੁਰਸ਼ਾਂ ਦੀਆਂ ਜੀਵਨੀਆਂ ਤੋਂ ਪ੍ਰੇਰਨਾ ਲੈਣ ਵਾਲੀਆਂ ਨਿੱਕੀਆਂ ਨਿੱਕੀਆਂ ਕਹਾਣੀਆਂ ਦੀ ਸਿਰਜਣਾ ਕਰਕੇ 'ਅਮਤ ਕਥਾਵਾਂ' ਪੁਸਤਕ ਲੜੀ ਤਹਿਤ ਚਾਰ ਭਾਗ ਪ੍ਰਕ-ਾਸ਼ਿਤ ਕੀਤੇ ਹਨ। ਵਿਚਾਰ ਅਧੀਨ ਪੁਸਤਕਾਂ ਦੇ ਭਾਗ ਤੀਜਾ ਤੇ ਚੌਥਾ ਰੰਗਦਾਰ ਪੰਨਿਆਂ ਤੇ ਦਿਲਚਸਪ ਤਸਵੀਰਾਂ ਸਮੇਤ ਪ੍ਰਕਾਸ਼ਿਤ ਕੀਤੇ ਗਏ ਹਨ। ਇਹ ਕਥਾਵਾਂ ਜਿੱਥੇ ਸਾਨੂੰ ਇਤਿਹਾਸ ਦੇ ਸਨਮੁਖ ਕਰਦੀਆਂ ਹਨ ਉੱਥੇ ਆਧੁਨਿਕ ਸਮੇਂ ਦੇ ਹਾਣੀ ਬਣਨ ਲਈ ਵੀ ਤਿਆਰ ਕਰਦੀਆਂ ਹਨ। ਭਾਗ ਤੀਜੇ ਵਿੱਚ ਛੇ ਅਤੇ ਭਾਗ ਚੌਥੇ ਵਿੱਚ 12 ਕਥਾਵਾਂ ਦਰਜ ਹਨ। ਇਹਨਾਂ ਨਾਲ ਪ੍ਰਕਾਸ਼ਿਤ ਕੀਤੇ ਮਹਾਂਪੁਰਸ਼ਾਂ ਦੇ ਚਿੱਤਰ ਇਹਨਾਂ ਕਹਾਣੀਆਂ ਦੀ ਦਿਲਚਸਪੀ ਵਿੱਚ ਵਾਧਾ ਕਰਦੇ ਹਨ। ਸਧਾਰਨ ਭਾਸ਼ਾ ਪਰ ਪ੍ਰਭਾਵਸ਼ਾਲੀ ਸ਼ੈਲੀ ਵਿੱਚ ਲਿਖੀਆਂ ਇਹ ਕਥਾਵਾਂ ਹਰ ਬਾਲ ਅਤੇ ਪਰੋੜ ਪਾਠਕ ਨੂੰ ਪ੍ਰਭਾਵਿਤ ਕਰਦੀਆਂ ਹਨ।

ਜਿਹੜੇ ਅਮੀਰ ਗੁਣਾਂ ਦੀ ਸਾਡੀ ਨਵੀਂ ਪਨੀਰੀ ਨੂੰ ਜ਼ਰੂਰਤ ਹੈ ਉਹ ਗੁਣ ਇਹਨਾਂ ਕਹਾਣੀਆਂ ਰਾਹੀਂ ਬਾਲ ਮਨਾਂ ਅੰਦਰ ਸੰਚਾਰਿਤ ਕੀਤੇ ਗਏ ਹਨ। ਗਿਆਨ ਕਿਸੇ ਵੀ ਭਾਸ਼ਾ ਵਿੱਚ ਮਿਲੇ ਉਹ ਚੰਗਾ ਹੁੰਦਾ ਹੈ। ਗੁਆਂਢੀ ਉਹੀ ਹੁੰਦਾ ਹੈ ਜੋ ਦੁੱਖ ਸੁੱਖ ਵਿੱਚ ਸਹਾਈ ਬਣੇ। ਸਿਰਫ ਬੋਲਣਾ ਹੀ ਨਾ ਸਿੱਖੋ ਸਗੋਂ ਸੁਣਨਾ ਵੀ ਸਿੱਖੋ। ਬਚਨ ਪੂਰਾ ਕਰਨ ਨਾਲ ਹੀ ਮਨੁੱਖ ਦੀ ਕਦਰ ਵਿੱਚ ਵਾਧਾ ਹੁੰਦਾ ਹੈ। ਅਸਲੀ ਕਰਾਮਾਤ ਕਿਸੇ ਨਾਲ ਸੰਵਾਦ ਰਚਾਉਣ ਵਿੱਚ ਹੁੰਦਾ ਹੈ ਕਿਉਂਕਿ ਵਿਚਾਰਾਂ ਦੇ ਅਦਾਨ ਪ੍ਰਦਾਨ ਨਾਲ ਨਵੀਂ ਵਿਚਾਰਧਾਰਾ ਉਪਜਦੀ ਹੈ। ਰੁੱਖਾਂ ਨਾਲ ਪਿਆਰ, ਵਹਿਮਾਂ ਭਰਮਾਂ ਦਾ ਖਾਤਮਾ , ਮਾਤ ਭੂਮੀ ਦਾ ਆਦਰ, ਸਭ ਧਰਮਾਂ ਦਾ ਸਤਿਕਾਰ, ਸਾਂਝੀਵਾਲਤਾ, ਸਮਾਨਤਾ ਆਦਿ ਗੁਣਾਂ ਨੂੰ ਇਹਨਾਂ ਕਥਾਵਾਂ ਰਾਹੀਂ ਪ੍ਰਚਾਰਿਆ ਗਿਆ ਹੈ। ਲੇਖਕ ਕੋਲ ਆਪਣੇ ਵਿਚਾਰਾਂ ਨੂੰ ਬੱਚਿਆਂ ਤੱਕ ਪੁੱਜਦਾ ਕਰਨ ਲਈ ਕੀਮਤੀ ਅਤੇ ਪ੍ਰਭਾਵਸ਼ਾਲੀ ਸ਼ਬਦ ਮੌਜੂਦ ਹਨ। ਫਿਰ ਉਹਨਾਂ ਸ਼ਬਦਾਂ ਨੂੰ ਰੌਚਕ ਸ਼ੈਲੀ ਵਿੱਚ ਪ੍ਰਗਟ ਕਰਨ ਦਾ ਸਲੀਕਾ ਵੀ ਹੈ। ਇਸੇ ਕਰਕੇ ਪਾਠਕ ਜਦੋਂ ਪੁਸਤਕਾਂ ਨੂੰ ਫਰੋਲਦਾ ਹੈ ਤੋ ਉਹ ਅੱਗੇ ਤੋਂ ਅਗੇਰੇ ਪੜ੍ਹਦਾ ਹੀ ਤੁਰਿਆ ਜਾਂਦਾ ਹੈ। ਇਹਨਾਂ ਪੁਸਤਕਾਂ ਵਿੱਚ ਦਰਜ ਕਥਾਵਾਂ ਗੁਰੂ ਨਾਨਕ ਦੇਵ, ਮਹਾਤਮਾ ਬੁੱਧ, ਗੁਰੂ ਅਰਜਨ ਦੇਵ, ਗੁਰੂ ਗੋਬਿੰਦ ਸਿੰਘ, ਸੁਆਮੀ ਵਿਵੇਕਾ ਨੰਦ ,ਸੁਕਰਾਤ, ਈਸਾ ਮਸੀਹ, ਭਗਤ ਪੂਰਨ ਸਿੰਘ ਅਤੇ ਬਾਬਾ ਫਰੀਦ ਸਮੇਤ ਹੋਰ ਸੰਤਾਂ ਭਗਤਾਂ ਦੇ ਜੀਵਨ ਨਾਲ ਸਬੰਧਿਤ ਹਨ। ਇਹਨਾਂ ਕਹਾਣੀਆਂ ਤੋਂ ਪ੍ਰੇਰਨਾ ਲੈ ਕੇ ਅਸੀਂ ਆਪਣੇ ਜੀਵਨ ਨੂੰ ਸ਼ਿੰਗਾਰ ਸਕਦੇ ਹਾਂ। ਇਸ ਤਰ੍ਹਾਂ ਇਹ ਪੁਸਤਕਾਂ ਪਾਠਕ ਦਾ ਇਤਿਹਾਸਕ ਦ੍ਰਿਸ਼ਟੀਕੋਣ ਸਿਰਜਦੀਆਂ ਹੋਈਆਂ ਆਧੁਨਿਕ ਸਮੇਂ ਤੱਕ ਲੈ ਆਉਂਦੀਆਂ ਹਨ। ਜੀਵਨ ਦੀਆਂ ਸੱਚੀਆਂ ਸੁੱਚੀਆਂ ਕਥਾਵਾਂ ਸਾਨੂੰ ਆਦਰਸ਼ ਨਾਗਰਿਕ ਬਣਨ ਲਈ ਤਿਆਰ ਕਰਦੀਆਂ ਹਨ।

## ਸ਼ਾਇਰੀ ਦਾ ਸਰਵਰ

**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਕਵੀ: ਮਨਮੋਹਨ ਸਿੰਘ ਦਾਊਂ**
**ਪ੍ਰਕਾਸ਼ਕ: ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ,**
**ਪੰਨੇ: 88, ਮੁੱਲ : 200 /-**

ਦਰਜਨਾਂ ਪੁਸਤਕਾਂ ਦੇ ਰਚਨਹਾਰੇ ਅਤੇ ਖੋਜੀ ਵਿਦਵਾਨ ਮਨਮੋਹਨ ਸਿੰਘ ਦਾਊਂ ਦੁਆਰਾ ਰਚੀਆਂ ਪੁਸਤਕਾਂ ਨੂੰ ਪਾਠਕਾਂ ਦੁਆਰਾ ਭਰਪੂਰ ਹੁੰਗਾਰਾ ਦਿੱਤਾ ਜਾਂਦਾ ਹੈ। ਪ੍ਰੌੜ ਸਾਹਿਤ ਦੇ ਨਾਲ ਨਾਲ ਬਾਲ ਸਾਹਿਤ ਦੇ ਖੇਤਰ ਵਿੱਚ ਵੀ ਉਨ੍ਹਾਂ ਸੰਦਲੀ ਪੈੜਾਂ ਪਾ ਕੇ ਬਾਲ ਸੰਸਾਰ ਨੂੰ ਸੋਹਣਾ ਤੇ ਸਚੱਜਾ ਬਣਾਇਆ ਹੈ। ਸ਼੍ਰੋਮਣੀ ਅਤੇ ਸਾਹਿਤ ਅਕੈਡਮੀ ਪੁਰਸਕਾਰ ਨਾਲ ਨਿਵਾਜੇ ਜਾ ਚੁੱਕੇ ਮਨਮੋਹਨ ਸਿੰਘ ਦਾਊਂ ਦੁਆਰਾ ਰੁਚੀਆਂ ਪੁਸਤਕਾਂ ਜਿੱਥੇ ਪਾਠਕਾਂ ਦਾ ਮਨੋਰੰਜਨ ਕਰਦੀਆਂ ਹਨ ਉੱਥੇ ਉਹਨਾਂ ਦਾ ਰਾਹ ਦਸੇਰਾ ਵੀ ਬਣਦੀਆਂ ਹਨ। ਲੇਖਕ ਆਪਣੀ ਹਰ ਰਚਨਾ ਨੂੰ ਡੂੰਘੀਆਂ ਸ਼ਿਖਰਾਂ ਪ੍ਰਦਾਨ ਕਰਦਾ ਹੋਇਆ ਪਾਠਕ ਦੀ ਉਂਗਲੀ ਫੜ ਆਪਣੇ ਨਾਲ ਤੋਰ ਲੈਂਦਾ ਹੈ। ਸ਼ਬਦ ਭੰਡਾਰ ਦੀ ਵਿਸ਼ਾਲਤਾ ਹੋਣ ਕਰਕੇ ਹਰ ਵਿਸ਼ੇ ਨੂੰ ਕਲਾਤਮਿਕ ਢੰਗ ਨਾਲ ਨਿਖਾਰਿਆ ਤੇ ਵਿਚਾਰਿਆ ਜਾਂਦਾ ਹੈ। ਕਵੀ ਦੀ ਕਾਲਪਨਿਕ ਉਡਾਰੀ ਸਾਗਰ ਵਾਂਗ ਡੂੰਘੀ ਅਤੇ ਇਸ ਅੰਬਰ ਵਾਂਗ ਖੁੱਲੀ ਡੁੱਲੀ ਹੈ। ਇਸ ਵਿਸ਼ਾਲਤਾ ਕਾਰਨ ਹੀ ਹਥਲੀ ਪੁਸਤਕ 'ਸ਼ਾਇਰੀ ਦਾ ਸਰਵਰ' ਸਾਗਰ ਵਾਂਗ ਘੋਗੇ ਸਿੱਪੀਆਂ ਅਤੇ ਹੀਰੇ ਮੋ-ਤੀਆਂ ਨਾਲ ਭਰੀ ਪਈ ਹੈ।

ਸ਼ਾਇਰੀ ਦਾ ਸਰਵਰ' ਕਾਵਿ ਸੰਗ੍ਰਹਿ ਵਿੱਚ ਦਰਜ ਕੀਤੀਆਂ 29 ਕਵਿਤਾਵਾਂ ਦੇ ਵਿਸ਼ੇ ਭਾਵੇਂ ਸਧਾਰਨ ਹਨ ਪਰ ਇਹਨਾਂ ਕਵਿਤਾਵਾਂ ਵਿੱਚੋਂ ਸਾਨੂੰ ਦੀਨ ਦੁਨੀਆ ਦੇ ਵੰਨ- ਸੁਵੰਨੇ ਰੰਗ ਅਤੇ ਇਲਾਹੀ ਨਜ਼ਾਰੇ ਮਿਲਦੇ ਹਨ। ਪੁਸਤਕ ਵਿੱਚ ਦਰਜ ਪਹਿਲੀ ਕਵਿਤਾ ਮਿੱਟੀ ਹੀ ਇਸ ਪੁਸਤਕ ਦਾ ਸਿਖ਼ਰ ਸਿਰਜ ਦਿੰਦੀ ਹੈ।

ਮਿੱਟੀ ਉਤਪਤੀ ਦੀ ਕੁੱਖ ਹੈ
ਬੁੱਕਲ ਜਿਸ ਦੀ ਲਿਪਟੀ ਹੋਈ
ਕੇਤੇ ਯੁਗਾਂ ਤੋਂ ਹੀ ਚੁੱਪ ਹੈ।
ਮਿੱਟੀ ਭਿੰਨਤਾ ਵਿਭਿੰਨਤਾ ਦਾ
ਕਣ ਕਣ ਖਿਡਿਆ ਨੂਰ ਹੈ
ਤੇ ਤੂਰ ਹੈ।

ਕੁਦਰਤ, ਧਰਮ, ਵਿਗਿਆਨ, ਸਾਹਿਤ, ਸਿ-ਰਜਣਾ ਅਤੇ ਸਿੱਖਿਆ ਡੂੰਘੇ ਸਾਗਰਾਂ ਦਾ ਮੰਥਨ ਕਰਦੀਆਂ ਇਹ ਕਵਿਤਾਵਾਂ ਮਨੁੱਖ ਨੂੰ ਮਨੁੱਖਤਾ ਦੇ ਨੇੜੇ ਲਿਜਾਂਦੀਆਂ ਹਨ। ਇਸ ਦੇ ਨਾਲ ਹੀ ਇਹਨਾਂ ਕਵਿਤਾਵਾਂ ਰਾਹੀਂ ਕਵੀ ਨੇ ਸਾਨੂੰ ਆਪਣੇ ਮਨ ਮੰਦਰ ਵਿੱਚ ਵਸਦੀ ਕੁਦਰਤ ਅਤੇ ਬਾਹਰੀ ਬ੍ਰਹਿਮੰਡ ਦੀ ਕੁਦਰਤ ਦਾ ਆਨੰਦ ਮਾਣਣ ਦੀ ਨਸੀਹਤ ਵੀ ਕੀਤੀ ਹੈ। ਘਰ, ਚੀਕ, ਪਿਆਰ ,ਦੋਸਤੀ, ਚੁੱਪ, ਹੋਂਦ, ਇਕੱਲ, ਨੀਂਦਰ, ਸੰਗੀਤ ,ਸੁਫਨਾ, ਕੁੰਜੀ, ਖੁਸ਼ੀ ,ਥਾਂ ਅਤੇ ਰੀਣ ਆਦਿ ਵਿਸ਼ਿਆਂ ਨੂੰ ਬੜੀ ਗੰਭੀਰਤਾ ਨਾਲ ਨਵੇਂ ਤੇ ਨਰੋਏ ਅਰਥ ਪ੍ਰਧਾਨ ਕੀਤੇ ਹਨ। ਇਹਨਾਂ ਖੁੱਲ੍ਹੀਆਂ ਕਵਿਤਾਵਾਂ ਵਿੱਚੋਂ ਵੀ ਕਾਵਿ ਰਸ ਮਿਲਦਾ ਹੈ ਅਤੇ ਮਨੁੱਖ ਨੂੰ ਗਿਆਨ ਵਿਗਿਆਨ ਦੀਆਂ ਉੱਚੀਆਂ ਉਡਾਰੀਆਂ ਲਗਵਾਈਆਂ ਜਾਂਦੀਆਂ ਹਨ।

ਦੋਸਤੀ ਨਾਮੀ ਕਵਿਤਾ ਦੀਆਂ ਇਹ ਸਤਰਾਂ ਹਰ ਕਿਸੇ ਨੂੰ ਪ੍ਰਭਾਵਿਤ ਕਰਦੀਆਂ ਹਨ।

ਦੋਸਤੀ ਗੈਰ ਹਾਜ਼ਰ ਪਿੱਠ ਦੀ
ਸੁਹਿਰਦਤਾ ਦੀ ਢਾਲ ਹੈ
ਤੇ ਸੰਕਟ ਸਮੇਂ
ਨੇਜੇ ਵਰਗੀ ਜੁਰਅਤ।

ਕੁੰਜੀ ਨਾਮੀ ਕਵਿਤਾ ਵਿੱਚ ਤਾਂ ਹੋਰ ਵੀ ਕਮਾਲ ਸਿਰਜਿਆ ਗਿਆ ਹੈ।

ਗਲਤ ਕੁੰਜੀ ਨਾਲ
ਜਿੰਦਰਾ ਨਾ ਖੋਲੋ
ਗਲਤ ਰਿਸ਼ਤੇ ਨਾਲ




ਘਰ ਨਾ ਵਸੇ
ਜਗ ਪਿਆ ਹੱਸੇ।

ਗੁਫਤਗੂ ਨਾਮੀ ਕਵਿਤਾ ਵਿੱਚ ਕਵੀ ਸੰਸਾਰ ਅਤੇ ਸਮਾਜ ਦੇ ਵੱਖ ਵੱਖ ਪਾਤਰਾਂ ਨਾਲ ਸੰਵਾਦ ਰਚਾਉਂਦੇ ਹੋਏ ਲਿਖਦੇ ਹਨ

ਮੈਂ ਸੂਰਜ ਨੂੰ ਆਖਿਆ
ਕੋਈ ਗੁਣ ਹੀ ਪੱਲੇ ਪਾ
ਮੇਰੇ ਵਾਂਗੂੰ ਚਮਕ ਕੇ
ਚਾਨਣ ਜੱਗ ਖੰਡਾ।

ਇਸ ਤਰ੍ਹਾਂ ਇਹ ਪੁਸਤਕ ਸ਼ਾਇਰੀ ਦਾ ਉੱਤਮ ਨਮੂਨਾ ਪੇਸ਼ ਕਰਦੀ ਹੋਈ ਸ਼ਾਇਰੀ ਦੇ ਡੂੰਘੇ ਸਾਗਰਾਂ ਦੀ ਥਾਹ ਪਾਉਂਦੀ ਹੈ। ਕਵੀ ਨੇ ਆਪਣੀ ਕਾਵਿ ਕਲਾ ਨਾਲ ਇਹਨਾਂ ਕਵਿਤਾਵਾਂ ਨੂੰ ਨਿਵੇਕਲਾ ਰੂਪ ਪ੍ਰਦਾਨ ਕੀਤਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪੰਜਾਬ ਵਿੱਚ ਹੀ ਨਹੀਂ ਗੁਆਂਢੀ ਸੂਬਿਆਂ ਵਿੱਚ ਵੀ "ਅਵਾਰਾ ਪਸ਼ੂ ਬਨਾਮ ਸੜਕਾਂ 'ਤੇ ਭਟਕਦੀ ਮੌਤ"



ਰਾਜਿੰਦਰ ਸਿੰਘ ਰਾਜਨ
ਪਠਾਨਕੋਟ
(9417427656)

ਅਵਾਰਾ ਪਸ਼ੂ ਕੇਵਲ ਖੇਤੀਬਾੜੀ ਲਈ ਹੀ ਨਹੀਂ, ਸਗੋਂ ਸੜਕਾਂ 'ਤੇ ਚੱਲ ਰਹੀਆਂ ਜਿੰਦਗੀਆਂ ਲਈ ਵੀ ਲਗਾਤਾਰ ਖ਼ਤਰਾ ਬਣੇ ਹੋਏ ਹਨ। ਇਹ ਮਾਮਲਾ ਹੁਣ ਕਿਸਾਨੀ ਦੀ ਹੱਦ ਤੱਕ ਸੀਮਤ ਨਹੀਂ ਰਿਹਾ, ਬਲਕਿ ਸਾਰਿਆਂ ਦੀ ਸੁਰੱਖਿਆ ਨਾਲ ਜੁੜੀ ਗੰਭੀਰ ਚੁਣੌਤੀ ਬਣ ਚੁੱਕਾ ਹੈ। ਰੋਜ਼ਾਨਾ ਹਾਦਸੇ, ਜਾਨਾਂ ਦਾ ਨੁਕਸਾਨ ਅਤੇ ਆਵਾਜਾਈ ਵਿੱਚ ਰੁਕਾਵਟਾ ਦੀ ਇਹ ਦਾਸਤਾਨ ਹੁਣ ਪੰਜਾਬ ਤੋਂ ਇਲਾਵਾ ਬਾਹਰ ਗੁਆਂਢੀ ਸੂਬਿਆਂ ਤੱਕ ਫੈਲ ਚੁੱਕੀ ਹੈ। ਜਿੱਥੇ ਵੀ ਜਾਓ, ਗਾਵਾਂ, ਭੈਸਾਂ ਸਾਂਡ,ਵੱਸੇ ਮੌਤ ਵਾਂਗ ਰਸਤੇ ਰੋਕਦੇ ਮਿਲਦੇ ਹਨ। ਅਵਾਰਾ ਪਸ਼ੂਆਂ ਦੀ ਭਰਮਾਰ ਨਾ ਸਿਰਫ਼ ਪਿੰਡਾਂ ਅਤੇ ਸ਼ਹਿਰਾਂ ਦੀਆਂ ਗਲੀਆਂ ਵਿੱਚ ਹੀ ਵਧ ਰਹੀ ਹੈ, ਬਲਕਿ ਨੇਸ਼ਨਲ ਹਾਈਵੇਅ ਅਤੇ ਪਹਾੜੀ ਰਾਜਾਂ ਦੀਆਂ ਮੁੱਖ ਸੜਕਾਂ 'ਤੇ ਵੀ ਵੱਡਾ ਖ਼ਤਰਾ ਬਣ ਚੁੱਕੀ ਹੈ। ਕਈ ਪਸ਼ੂ-ਪਾਲਕ ਤਾਂ ਆਪਣੇ ਦੁੱਧਾਰੂ ਪਸ਼ੂਆਂ ਨੂੰ ਦਿਨ ਭਰ ਆਵਾਰਾ ਛੱਡਣ ਦੀ ਆਦਤ ਪਾ ਚੁੱਕੇ ਹਨ। ਇਹ ਪਸ਼ੂ ਕਿਸਾਨਾਂ ਦੇ ਖੇਤਾਂ, ਸ਼ਹਿਰੀ ਬਾਜ਼ਾਰਾਂ ਅਤੇ ਨਵੇਂ ਵਿਕਾਸ ਅਧੀਨ ਖਾਲੀ ਪਲਾਟਾਂ ਵਿੱਚ ਵਿਨਾਸ਼ ਮਚਾਉਂਦੇ ਨਜ਼ਰ ਆਉਂਦੇ ਹਨ।





ਸ਼ਹਿਰੀ ਇਲਾਕਿਆਂ ਵਿੱਚ ਇਹ ਪਸ਼ੂ ਗੰਦਗੀ ਅਤੇ ਰੋਗਾਂ ਦੇ ਫੈਲਾਅ ਦਾ ਕਾਰਨ ਬਣ ਰਹੇ ਹਨ। ਕੂੜੇ ਵਿੱਚੋਂ ਖਾਣ ਦੀ ਆਦਤ ਕਰਕੇ ਇਹ ਅਕਸਰ ਬੀਮਾਰ ਹੋ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੀ ਬਿਮਾਰੀ ਹੋਰ ਪਸ਼ੂਆਂ ਅਤੇ ਇਨਸਾਨਾਂ ਤੱਕ ਵੀ ਪਹੁੰਚ ਸਕਦੀਆਂ ਹਨ। ਕਈ ਵਾਰ ਗੁੱਸੇ ਵਿੱਚ ਆਏ ਪਸ਼ੂ ਰੋਡ 'ਤੇ ਦੌੜ ਪੈਂਦੇ ਹਨ, ਜਿਸ ਕਰਕੇ ਬੱਚਿਆਂ, ਬਜ਼ੁਰਗਾਂ ਅਤੇ ਆਮ ਰਹਿੜੀਆ-ਫ਼ੜੀਆ ਵਾਲਿਆਂ ਲਈ ਸੰਕਟ ਪੈਦਾ ਹੋ ਜਾਂਦਾ ਹੈ।

ਇਨ੍ਹਾਂ ਅਵਾਰਾ ਪਸ਼ੂਆਂ ਵਿੱਚ ਖ਼ਾਸ ਕਰਕੇ ਮੋਟੇ-ਤਕੜੇ ਸਾਂਡ ਬਹੁਤ ਖ਼ਤਰਨਾਕ ਸਾਬਤ ਹੁੰਦੇ ਹਨ। ਇਹ ਅਕਸਰ ਬਿਨ੍ਹਾਂ ਕਿਸੇ ਚੇਤਾਵਨੀ ਦੇ ਹਮਲਾ ਕਰ ਦਿੰਦੇ ਹਨ। ਬਹੁਤ ਵਾਰ ਕਾਰਾਂ, ਥ੍ਰੀ-ਵ੍ਹੀਲਰ ਤੇ ਮੋਟਰਸਾਈਕਲ, ਸਾਈਕਲ ਚਾਲਕ ਤੇ ਸਵਾਰ ਵੀ ਇਹਨਾਂ ਦੇ ਸ਼ਿਕਾਰ ਬਣ ਚੁੱਕੇ ਹਨ। ਜੇਕਰ ਕਿਸੇ ਨੇ ਹੌਲੀ ਜਿਹਾ ਹੂਰਨ ਵਜਾ ਦਿੱਤਾ ਜਾਂ ਉਨ੍ਹਾਂ ਦੇ ਨੇੜੇ ਗੁਜ਼ਰਦੇ ਹੋਏ ਅਣਜਾਣੇ ਹੀ ਨਜ਼ਰ ਮਿਲਾ ਲਈ, ਤਾਂ ਇਹ ਪਸ਼ੂ ਗੁੱਸੇ ਵਿੱਚ ਹਮਲਾ ਕਰ ਦਿੰਦੇ ਹਨ। ਕਿੰਨੇ ਹੀ ਲੋਕ ਇਨ੍ਹਾਂ ਅਵਾਰਾ ਪਸ਼ੂਆਂ ਨਾਲ ਟਕਰਾ ਕੇ ਆਪਣੀ ਜਾਨ ਗੁਆ ਚੁੱਕੇ ਹਨ। ਜੋ ਲੋਕ ਜ਼ਿੰਦਾ ਬਚਦੇ ਹਨ, ਉਹ ਵੀ ਗੰਭੀਰ ਜਖ਼ਮੀਆਂ ਹੋ ਜਾਂਦੇ ਹਨ, ਜਿਨ੍ਹਾਂ ਵਿੱਚੋਂ ਕੁਝ ਦੀ ਜ਼ਿੰਦਗੀ ਅਪਹਾਜ ਹੋ ਜਾਂਦੀ ਹੈ। ਅਜਿਹੇ ਹਮਲਿਆਂ ਵਿੱਚ ਬਚਣ ਵਾਲੇ ਲੋਕ ਬਸ ਇਹਨਾਂ ਦੇ ਕਹਿਰ ਦੀ ਗਵਾਹੀ ਦੇ ਸਕਦੇ ਹਨ। ਪਰ ਜੇਕਰ ਕਿਸੇ ਦੀ ਕਿਸਮਤ ਖਰਾਬ ਹੋਵੇ, ਤਾਂ ਇਨ੍ਹਾਂ ਦਾ ਇੱਕੋ ਵਾਰ ਦਾ ਟੁਡ ਮੌਤ ਦਾ ਕਾਰਨ ਬਣ ਸਕਦਾ ਹੈ। ਦਿਨ ਹੋਵੇ ਜਾਂ ਰਾਤ, ਇਹ ਪਸ਼ੂ ਆਕਸਰ ਹਾਈਵੇ ਉੱਤੇ ਜਾਂ ਰਹੀ ਗੱਡੀਆਂ ਦੇ ਅੱਗੇ ਆ ਜਾਂਦੇ ਹਨ, ਵਿਸ਼ੇਸ਼ ਤੌਰ 'ਤੇ, ਕਾਲੇ ਰੰਗ ਦੇ ਪਸ਼ੂ ਤਾਂ ਰਾਤ ਦੇ ਹਨ੍ਹੇਰੇ ਵਿੱਚ ਡਰਾਈਵਰਾਂ ਨੂੰ ਅਣਦਿੱਖੇ ਰਹਿੰਦੇ ਹਨ, ਜਿਸ ਕਰਕੇ ਹਾਦਸਿਆਂ ਦੀ ਗਿਣਤੀ ਵਧ ਰਹੀ ਹੈ।

ਇਹ ਵੀ ਸੋਚਣਯੋਗ ਹੈ ਕਿ ਜਦੋਂ ਕੋਈ ਦੁੱਧਾਰੂ ਪਸ਼ੂ ਵੱਡੇ ਵਾਹਨ ਹੇਠ ਆ ਕੇ ਮਰ ਜਾਂਦਾ ਹੈ, ਤਾਂ ਉਸ ਦਾ ਮਾਲਿਕ ਤੁਰੰਤ ਆ ਕੇ ਆਪਣੀ ਨੁਕਸਾਨ ਦੀ ਭਰਪਾਈ ਮੰਗਣ ਲੱਗ ਪੈਂਦਾ ਹੈ। ਪਰ ਜੇ ਕੋਈ ਪਸ਼ੂ ਨਾਲ ਟਕਰਾ ਕੇ ਗੰਭੀਰ ਜ਼ਖਮੀ ਹੋ ਜਾਂਦਾ ਹੈ ਤਾਂ ਪੁੱਛਿਆ ਜਾਵੇ ਕਿ ਪਸ਼ੂ ਕਿਸਦਾ ਹੈ, ਤਾਂ ਕੋਈ ਵੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਹੁੰਦਾ। ਇਹ ਦੋਹਰੀ ਸੋਚ ਸਮਾਜ ਵਿੱਚ ਨੈਤਿਕਤਾ ਅਤੇ ਜ਼ਿੰਮੇਵਾਰੀ ਦੀ ਘਾਟ ਨੂੰ ਉਜਾਗਰ ਕਰਦੀ ਹੈ।

ਦੁੱਧਾਰੂ ਪਸ਼ੂਆਂ ਨੂੰ ਆਵਾਰਾ ਬਣਾਕੇ, ਜਿਨ੍ਹਾਂ ਲੋਕਾਂ ਨੇ ਇਹ ਬੇਇਨਸਾਫ਼ੀ ਕੀਤੀ, ਉਨ੍ਹਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਇਹ ਪਸ਼, ਜੋ ਕਦੇ ਸਾਡੇ ਘਰ ਦੀ ਲੱਜਤ ਬਣੇ ਹੋਏ ਸਨ, ਅੱਜ ਗੰਦਗੀ ਦੇ ਢੇਰਾਂ ਵਿੱਚ ਆਪਣੀ ਜ਼ਿੰਦਗੀ ਦੀ ਤਲਾਸ਼ ਕਰ ਰਹੇ ਹਨ। ਜਿਨ੍ਹਾਂ ਗਊਆਂ ਨੇ ਪੰਜਾਬ ਦੀ ਧਰਤੀ ਨੂੰ ਦੂਧ, ਮੱਖਣ, ਘਿਉ, ਦਹੀਂ, ਲੱਸੀ ਅਤੇ ਹੋਰ ਸੌਖੀ ਜੀਵਨ ਦੇਣ ਵਾਲੀਆਂ ਵਸਤਾਂ ਨਾਲ ਮਾਲਾਮਾਲ ਕੀਤਾ, ਉਹ ਅੱਜ ਨ ਸਿਰਫ਼ ਬੇਆਸਰਾ ਹਨ, ਬਲਕਿ ਰੋਜ਼ ਦੀ ਭੁੱਖ ਮਿਟਾਉਣ ਲਈ ਗੰਦਗੀ ਦੇ ਢੇਰਾਂ ਵਿੱਚ ਮੂੰਹ ਮਾਰਕੇ ਚਾਰੇ ਦੀ ਤਲਾਸ਼ ਕਰ ਰਹੇ ਹਨ। ਸਵਾਲ ਇਹ ਨਹੀਂ ਕਿ ਇਹਨਾਂ ਪਸ਼ੂਆਂ ਦੀ ਜ਼ਿੰਮੇਵਾਰੀ ਕਿਸ ਦੀ ਸੀ। ਸਵਾਲ ਇਹ ਹੈ ਕਿ ਅਸੀਂ ਇਨਸਾਨ ਹੋਣ ਦੇ ਨਾਤੇ ਆਪਣੀ ਮਨੁੱਖਤਾ ਦੇ ਫਰਜ਼ ਨੂੰ ਕਿਉਂ ਭੁੱਲ ਗਏ ? ਦੂਸਰਾ ਇਹ ਕਿ ਇਨ੍ਹਾਂ ਪਸ਼ੂਆਂ ਦਾ ਗੋਹਾ ਜੋ ਕਦੇ ਖੇਤਾਂ ਦੀ ਖ਼ਾਦ ਬਣਦਾ ਸੀ, ਹੁਣ ਬਦਬੂਦਾਰ ਹੋ ਗਿਆ ਹੈ ਜੋ ਵਾਤਾਵਰਣ ਨੂੰ ਵਿਗਾੜਣ ਵਿੱਚ ਵੀ ਇੱਕ ਭੂਮਿਕਾ ਨਿਭਾ ਰਿਹਾ ਹੈ।

ਇਹ ਵੀ ਸੋਚਣਯੋਗ ਹੈ ਕਿ ਕੀ ਇੱਥੇ ਕੇਵਲ ਅਵਾਰਾ ਪਸ਼ੂ ਹੀ ਘੁੰਮ ਰਹੇ ਹਨ ਤੇ ਜਵਾਬ ਹੈ ਨਹੀਂ, ਇਨ੍ਹਾਂ ਵਿੱਚੋਂ ਬਹੁਤ ਵੱਡੀ ਗਿਣਤੀ ਦੂਧਾਰੂ ਗਾਂਵਾਂ ਦੀ ਹੁੰਦੀ ਹੈ, ਜਿਨ੍ਹਾਂ ਦੇ ਕੁੱਝ ਮਾਲਕ ਤੇ ਕੁੱਝ ਦੁੱਧ ਦੀਆਂ ਡੇਹਰੀਆ ਵਾਲੇ ਪਸ਼ੂ ਪਾਲਕ ਆਪਣੇ ਪਸ਼ੂਆ ਦੀਆਂ ਪਹਿਲੇ ਪੈਰ ਦੀਆਂ ਧਾਰਾਂ ਕੱਢਕ ਉਨ੍ਹਾਂ ਨੂੰ ਦਿਨ ਭਰ ਆਵਾਰਾ ਛੱਡ ਦਿੰਦੇ ਹਨ ਤਾਂ ਜੋ ਉਹ ਖੁਦ ਹੀ ਖਾਣ-ਪੀਣ ਲਈ ਕੁਝ ਲੱਭਣ। ਫਿਰ ਇਹ ਪਸ਼ੂ ਇਨ੍ਹੇ ਸਿਆਣੇ ਹਨ ਕਿ ਜਦ ਧਾਰਾਂ ਕੱਢਣ ਦਾ ਮੁੜ ਸਮਾਂ ਆਉਂਦਾ ਹੈ, ਇਹ ਆਪਣੇ ਆਪ ਆਪਣੇ ਮਾਲਕ ਦੇ ਘਰ ਵਾਪਸ ਪਰਤ ਆਉਂਦੀਆਂ ਹਨ। ਪੈਸੇ ਦੀ ਦੌੜ ਵਿੱਚ ਕੁਝ ਪਸ਼ੂ-ਪਾਲਕ ਆਪਣੇ ਪਸ਼ੂਆਂ ਦੀ ਖੁਰਾਕ ਉੱਤੇ ਕੋਈ ਖਰਚਾ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਆਵਾਰਾ ਛੱਡ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਨ।

ਪੰਜਾਬ ਵਿੱਚ ਤਾਂ ਅਵਾਰਾ ਪਸ਼ੂਆਂ ਦੀ ਭਰਮਾਰ ਲਗਭਗ ਹਰ ਸ਼ਹਿਰ ਅਤੇ ਪਿੰਡ ਵਿੱਚ ਵੇਖਣ ਨੂੰ ਮਿਲਦੀ ਹੈ, ਪਰ ਪਠਾਨਕੋਟ ਜ਼ਿਲ੍ਹੇ ਦੇ ਗੁਆਂਡੀ ਰਾਜ—ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੀਆਂ ਮੁੱਖ ਸੜਕਾਂ 'ਤੇ ਇਹ ਸਮੱਸਿਆ ਇੱਕ ਵੱਡੇ ਖਤਰੇ ਵਾਂਗ ਉਭਰੀ ਹੋਈ ਹੈ। ਪਠਾਨਕੋਟ-ਜੰਮੂ ਹਾਈਵੇ, ਪਠਾਨਕੋਟ - ਸ੍ਰੀਨਗਰ ਰੋਡ, ਪਠਾਨਕੋਟ -ਚੰਬਾ-ਡਲਹੌਜ਼ੀ ਰੋਡ, ਪਠਾਨਕੋਟ - ਕੁੱਲੂ-ਮਨਾਲੀ ਸੜਕਾਂ 'ਤੇ ਇਹ ਪਸ਼ੂ ਆਜ਼ਾਦੀ ਨਾਲ ਬੇ-ਰੋਕ ਟੋਕ ਘੁੰਮਦੇ ਦਿਖਾਈ ਦੇਣਗੇ। ਇਹ ਅਵਾਰਾ ਪਸ਼ੂ ਕਈ ਵਾਰ ਅਚਾਨਕ ਗੱਡੀਆਂ ਦੇ ਅੱਗੇ ਆ ਜਾਂਦੇ ਹਨ, ਜਿਸ ਕਰਕੇ ਨਾਂ ਕਿ ਸੜਕਾਂ 'ਤੇ ਯਾਤਰਾ ਕਰ ਰਹੇ ਲੋਕ ਖਤਰੇ ਵਿੱਚ ਪੈਂਦੇ ਹਨ, ਬਲਕਿ ਇਹ ਹਾਦਸਿਆਂ ਦੀ ਵੀ ਮੁੱਖ ਵਜ੍ਹਾ ਬਣ ਰਹੇ ਹਨ।

ਇੱਥੇ ਹੀ ਬਸ ਨਹੀ ਸ਼ਹਿਰ ਦੀਆਂ ਸੜਕਾਂ 'ਤੇ ਜਦੋਂ ਬੇਮੁਹਾਰ ਸਾਂਡ ਟਕਰਾ ਜਾਂਦੇ ਹਨ, ਤਾਂ ਇਹ ਕੋਈ ਆਮ ਲੜਾਈ ਨਹੀਂ ਹੁੰਦੀ—ਇਹ ਇੱਕ ਭਿਆਨਕ ਜੰਗ ਬਣ ਜਾਂਦੀ ਹੈ। ਉਨ੍ਹਾਂ ਦੀ ਗਰਜਣ, ਮਿੱਟੀ 'ਚ ਉੱਠਦੀ ਧੂੜ, ਅਤੇ ਸਿੰਗਾਂ ਦੀ ਟਕਰ, ਮਾਣੋ ਧਰਤੀ ਕੰਬ ਰਹੀ ਹੋਵੇ, ਜਿਵੇਂ ਹੀ ਉਹ ਆਪਣੀ ਸ਼ਕਤੀ ਦਿਖਾਉਣ ਲਈ ਆਗੇ ਵਧਦੇ ਹਨ, ਰਾਹ 'ਚ ਆਉਣ ਵਾਲੀ ਹਰ ਚੀਜ਼—ਰੇਹੜੀਆਂ, ਕਾਰਾਂ, ਮੋਟਰਸਾਈਕਲ—ਉਲਟ ਜਾਂਦੀਆਂ ਹਨ। ਲੋਕ ਭੈਬੀਤ ਹੋ ਕੇ ਕਿਨਾਰੇ ਲੱਗ ਜਾਂਦੇ ਹਨ, ਜਿਵੇਂ ਸ਼ਹਿਰ ਉੱਤੇ ਕਿਸੇ ਕਾਲੀ ਆਫ਼ਤ ਨੇ ਹਮਲਾ ਕਰ ਦਿੱਤਾ ਹੋਵੇ ਅੰਤ ਵਿੱਚ, ਇੱਕ ਸਾਂਡ ਹਾਰਨ ਲੱਗਦਾ ਹੈ, ਉਸ ਦੀ ਸ਼ਕਤੀ ਟੁੱਟ ਜਾਂਦੀ ਹੈ। ਜਿੱਤਿਆ ਸਾਂਡ ਆਪਣੀ ਉੱਚੀ ਗਰਦਨ, ਤੇ ਹਵਾ 'ਚ ਝੁਲਦੇ ਸਿੰਗਾਂ ਨਾਲ ਮਾਣ ਭਰੀ ਚਿਤਾਵਨੀ ਦਿੰਦਾ ਹੈ ਕਿ—ਹੁਣ ਇਹ ਖੇਤਰ ਮੇਰਾ ਹੈ ! ਹਾਰੇ ਹੋਏ ਨੇ ਪਿੱਛੇ ਹਟਣਾ ਪੈਂਦਾ ਹੈ, ਜਦ ਕਿ ਜਿੱਤਣ ਵਾਲਾ ਸ਼ਹਿਰ ਦੀਆਂ ਸੜਕਾਂ ਤੇ ਗਲੀਆਂ ਵਿੱਚ ਆਪਣਾ ਰਾਜ ਘੋਸ਼ਿਤ ਕਰਦਾ ਹੋਇਆ, ਗੌਰਵ ਨਾਲ ਅੱਗੇ ਵੱਧਦਾ ਲੋਕਾਂ ਲਈ ਮੁਸੀਬਤ ਦਾ ਕਾਰਨ ਬਣ ਜਾਂਦਾ ਹੈ।



ਉਹ ਵੀ ਕਦੇ ਸੁਹਾਵਣੇ ਦਿਨ ਸਨ, ਜਦ ਪਿੰਡ - ਸ਼ਹਿਰਾਂ ਦੀ ਸਵੇਰ ਪਸ਼ੂਆਂ ਦੀ ਰੰਮ-ਝੰਮ ਨਾਲ ਰੋਸ਼ਨ ਹੁੰਦੀ ਸੀ। ਚੌਣਿਆਂ 'ਤੇ ਜਾਣ ਵਾਲੀਆਂ ਗਊਆਂ ਦੇ ਗਲ ਵਿਚ ਘੰਟੀਆਂ ਦੀ ਛਣਕ ਹੁੰਦੀ, ਜਿਵੇਂ ਕੁਦਰਤ ਆਪਣੇ ਸਾਜ ਵਜਾ ਰਿਹਾ ਹੋਵੇ। ਪੁਰਾਣੇ ਸਮੇਂ ਦੀਆਂ ਮਾਵਾਂ ਆਪਣੇ ਹੱਥੀਂ ਰੋਟੀ ਦੇ ਟੁਕੜੇ, ਗੁੜ ਜਾਂ ਚੂਨੀ ਬੰਨ੍ਹ ਕੇ ਗਊਆਂ ਲਈ ਭੇਜਦੀਆਂ ਸਨ। ਇਹ ਇੱਕ ਰਿਵਾਇਤੀ ਰੂਹਾਨੀ ਰਿਸ਼ਤਾ ਸੀ-ਪਸ਼ੂ ਤੇ ਇਨਸਾਨ ਵਿਚਕਾਰ ਪਿਆਰ, ਪਰਵਾਹ ਤੇ ਸੰਵੇਦਨਸ਼ੀਲਤਾ ਦਾ। ਚੌਣੇ ਸਿਰਫ਼ ਚਾਰਾ ਨਹੀਂ, ਇਹ ਇੱਕ ਢੰਗ ਸੀ ਪਸ਼ੂਆਂ ਦੀ ਜ਼ਿੰਦਗੀ ਨੂੰ ਕੁਦਰਤ ਨਾਲ ਜੋੜਨ ਦਾ। ਜਿੱਥੇ ਪਾਣੀ ਚਮਕਦਾ ਹੋਇਆ ਬਹਿੰਦਾ, ਉੱਥੇ ਪਸ਼ੂ ਪਾਣੀ ਪੀਣ ਤੋਂ ਬਾਅਦ ਆਪਣੇ ਮੂੰਹ ਚੱਟਦੇ, ਰੌਣਕ ਵਾਲੀ ਧਰਤੀ ਉੱਤੇ ਲੰਬੇ ਲੰਬੇ ਸਾਹ ਲੈਂਦੇ। ਕਿਤੇ ਗਊਆਂ ਇਕ-ਦੂਜੀ ਨਾਲ ਮੱਥੇ ਰਗੜਦੀਆਂ, ਤਾਂ ਕਿਤੇ ਛੋਟੀਆਂ ਬਛੜੀਆਂ ਮਾਂ ਦੇ ਪਿੱਛੇ-ਪਿੱਛੇ ਦੌੜਦੀਆਂ। ਇਹ ਦ੍ਰਿਸ਼ ਗਮ ਭੁਲਾਉਂਦਾ ਸੀ, ਮਨ ਨੂੰ ਸ਼ਾਂਤ ਕਰ ਦਿੰਦਾ ਸੀ ਪ੍ਰੰਤੂ ਅੱਜ ਦੀ ਹਕੀਕਤ ਇਸ ਸਭ ਤੋਂ ਉਲਟ ਹੈ। ਪਸ਼ੂ ਆਜ਼ਾਦੀ ਦੀ ਥਾਂ ਕੈਦ ਵਿਚ ਹਨ। ਗਾਹਕ ਲਈ ਦੁੱਧ ਦੀ ਮਾਤਰਾ ਤਾਂ ਵਧੀ, ਪਰ ਉਸ ਦੀ ਗੁਣਵੱਤਾ ਘਟ ਗਈ। ਗਲੀਆਂ ਵਿਚ ਲੱਗੇ ਗੰਦਗੀ ਦੇ ਢੇਰ, ਪਲਾਸਟਿਕ ਦੇ ਟੁਕੜੇ, ਸੜਨ ਵਾਲੇ ਅੰਨ ਅਤੇ ਫਟੇ ਪਿਆਕਿਆਂ ਵਿਚੋਂ ਚੁੰਨਦੇ ਇਹ ਪਸ਼ੂ ਸਾਡੇ ਮੂਲ ਸਵਾਲਾਂ ਵਾਂਗਰ ਹਨ-ਅਸੀਂ ਕਿੱਥੇ ਪਹੁੰਚ ਗਏ ਹਾਂ ? ਪਸ਼ੂਆਂ ਦੀ ਇਹ ਹਾਲਤ ਸਾਡੀ ਸਮਾਜਕ ਸੰਵੇਦਨਸ਼ੀਲਤਾ ਉੱਤੇ ਸਵਾਲ ਚੁੱਕਦੀ ਹੈ। ਕੀ ਅਸੀਂ ਉਹੀ ਲੋਕ ਹਾਂ ਜੋ ਪਹਿਲਾਂ ਗਊਆਂ ਦੇ ਮੱਥੇ ਤੇ ਹੱਥ ਫੇਰ ਕੇ ਦੁੱਧ ਪੀਣ ਤੋਂ ਪਹਿਲਾਂ ਆਸ਼ੀਰਵਾਦ ਮੰਗਦੇ ਸੀ ? ਜਾਂ ਹੁਣ ਉਹ, ਜੋ ਪਲਾਸਟਿਕ ਖਾਦੀ ਗਊ ਦੇ ਦੁੱਧ ਨੂੰ ਮਸ਼ੀਨ ਰਾਹੀਂ ਪੈਕੇਟ ਕਰਕੇ ਸਿਹਤਮੰਦ ਸਮਝ ਲੈਂਦੇ ਹਾਂ ? ਇਹ ਸਿਰਫ ਪਸ਼ੂ ਪਾਲਣ ਦੀ ਬੇਹਾਲੀ ਨਹੀਂ, ਇਹ ਇੱਕ ਵੱਡੀ ਸਮਾਜਿਕ ਬੇਕਾਰੀ ਦੀ ਕਮੀ ਦੀ ਨਿਸ਼ਾਨੀ ਹੈ। ਹਮੇਸ਼ਾ ਦੀ ਤਰ੍ਹਾਂ ਕੁਦਰਤ ਨੇ ਅੱਜ ਵੀ ਆਪਣੀ ਗੋਦ ਖੁੱਲ੍ਹੀ ਛੱਡੀ ਹੈ, ਪਰ ਅਸੀਂ ਹੀ ਉਸ ਗੋਦ ਤੋਂ ਮੂੰਹ ਮੋੜ ਲਿਆ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਹਰ ਅਵਾਰਾ ਪਸ਼ੂ ਦੇ ਮਾਲਕ ਨੂੰ ਭਾਰੀ ਜੁਰਮਾਨਾ ਦੇਣ ਲਈ ਮਜਬੂਰ ਕੀਤਾ ਜਾਵੇ ਤੇ ਇਸ ਰਕਮ ਤੋਂ ਆਵਾਰਾ ਪਸ਼ੂਆਂ ਲਈ ਵਿਲੱਖਣ ਆਸ਼ਰਮ ਬਣਾਉਣ, ਉਸ ਜ਼ੁਰਮਾਨੇ ਤੋਂ ਇਕੱਠਾ ਹੋਇਆ ਪੈਸਾ, ਪਸ਼ੂਆਂ ਦੀ ਸੰਭਾਲ, ਖੁਰਾਕ ਅਤੇ ਇਲਾਜ ਦੀ ਵਿਵਸਥਾ ਕਰਨ ਵਿੱਚ ਵਰਤਿਆਂ ਜਾਵੇ। ਹਾਈਵੇ ਅਤੇ ਸ਼ਹਿਰਾਂ ਵਿੱਚ ਟੀਮਾਂ ਤੈਨਾਤ ਕੀਤੀਆਂ ਜਾਣ, ਜੋ ਅਵਾਰਾ ਪਸ਼ੂਆਂ ਨੂੰ ਕਾਬੂ ਵਿੱਚ ਰੱਖਣ ਲਈ ਕਾਰਵਾਈ ਕਰਨ। ਹਰ ਪਸ਼ੂ ਨੂੰ ਮਾਲਕ ਦੇ ਨਾਮ ਨਾਲ ਰਜਿਸਟਰ ਕਰਨਾ ਲਾਜ਼ਮੀ ਹੋਵੇ, ਤਾਂ ਜੋ ਕਿਸੇ ਵੀ ਹਾਦਸੇ ਦੀ ਸੂਰਤ ਵਿੱਚ ਉਸ ਦੀ ਪਛਾਂਣ ਹੋ ਸਕੇ। ਪਸ਼ੂ ਸੰਭਾਲ ਕੇਂਦਰ ਹੋਰ ਬਣਾ ਕੇ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਪਸ਼ੂ ਵਿਅਰਥ ਆਵਾਰਾ ਨਾ ਘੁੰਮਣ। ਲੋਕਾਂ ਵਿੱਚ ਜਾਗਰੂਕਤਾ ਵਧਾਉਣੀ ਪੈਣੀ ਹੈ, ਤਾਂ ਜੋ ਉਹ ਸਮਝ ਸਕਣ ਕਿ ਅਵਾਰਾ ਪਸ਼ੂ ਸਿਰਫ਼ ਆਪਣੇ ਲਈ ਹੀ ਨਹੀਂ, ਬਲਕਿ ਹਰੇਕ ਵਾਹਨ ਚਲਾਉਣ ਵਾਲੇ ਲਈ ਵੀ ਜਾਨ-ਲੇਵਾ ਖ਼ਤਰਾ ਹਨ।

ਜੇਕਰ ਅਸੀਂ ਆਪਣੇ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਅਤੇ ਹੋਰ ਸਾਰਿਆਂ ਦੀ ਸੁਰੱਖਿਆ ਚਾਹੁੰਦੇ ਹਾਂ, ਤਾਂ ਅਸੀਂ ਇਨ੍ਹਾਂ ਦੁਧਾਰੂ ਪਸ਼ੂਆਂ ਨੂੰ ਖੁੱਲ੍ਹਾ ਛੱਡਣ ਵਾਲੇ ਮਾਲਕਾਂ 'ਤੇ ਨਕੇਲ ਪਾਉਣੀ ਪਵੇਗੀ ਜੋ ਸਮੇਂ ਦੀ ਮੁੱਖ ਲੋੜ ਹੈ, ਸੋ ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਅਵਾਰਾ ਪਸ਼ੂਆਂ ਦੀ ਸੰਭਾਲ ਅਤੇ ਉਨ੍ਹਾਂ ਦੀ ਸੰਭਾਵਿਤ ਆਵਾਜਾਈ 'ਤੇ ਕੋਈ ਉਚਿਤ ਹੱਲ ਕੱਢੇ। ਅਵਾਰਾ ਪਸ਼ੂਆਂ ਉਪਰ ਰਿਫਲੈਕਟਰ ਲਾਏ ਜਾਣ, ਸੜਕਾਂ 'ਤੇ ਚੇਤਾਵਨੀ ਦੇ ਸੰਕੇਤ ਲਗਾਉਣ, ਗੌਸ਼ਾਲਾਵਾਂ ਦੀਆਂ ਹੋਰ ਵਿਆਪਕ ਵਿਵਸਥਾ ਬਣਾਉਣ, ਅਤੇ ਯਾਤਰੀਆਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਉਚਿਤ ਉਪਰਾਲੇ ਕਰਵਾਏ ਜਾਣ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਦੇ ਉਸ ਸਮੇਂ ਵੱਲੋਂ ਝਾਤੀ ਮਾਰੀਏ ਤਾਂ ਯਾਦ ਆਉਂਦਾ ਹੈ ਕਿ ਜਦ ਪੰਜਾਬ ਵਿੱਚ ਕੋਈ ਅਵਾਰਾ ਪਸ਼ੂ ਨਜ਼ਰ ਆ ਜਾਂਦਾ, ਤਾਂ ਪਸ਼ੂ-ਪਾਲਣ ਵਿਭਾਗ ਦੇ ਕਰਮਚਾਰੀ ਉਸ ਨੂੰ ਫੜ ਕੇ ਪਸ਼ੂ ਹਸਪਤਾਲ ਲੈ ਜਾਂਦੇ ਸਨ। ਜੇ ਮਾਲਕ ਦਾ ਪਤਾ ਲੱਗਦਾ, ਤਾਂ ਜੁਰਮਾਨਾ ਲਗਾਇਆ ਜਾਂਦਾ ਸੀ। ਇਹ ਪ੍ਰਣਾਲੀ ਪਸ਼ੂ-ਪਾਲਕਾਂ ਲਈ ਡਰ ਬਣੀ ਹੋਈ ਸੀ, ਜਿਸ ਕਰਕੇ ਉਹ ਆਪਣੇ ਪਸ਼ੂਆਂ ਨੂੰ ਆਵਾਰਾ ਨਹੀਂ ਛੱਡਦੇ ਸਨ। ਅੱਜ ਇਹ ਪ੍ਰਣਾਲੀ ਮੁੜ ਲਾਗੂ ਕਰਨ ਦੀ ਲੋੜ ਹੈ। ਜਦੋਂ ਵੈਟਰਨਰੀ ਇੰਸਪੈਕਟਰ ਸੰਦੀਪ ਮਹਾਜਨ, ਜੋ ਕਿ ਵੈਟਰਨਰੀ ਇੰਸਪੈਕਟਰ ਯੂਨੀਅਨ ਪਠਾਨਕੋਟ ਪੰਜਾਬ ਦੇ ਬੁਲਾਰੇ ਤੇ ਜ਼ਿਲ੍ਹਾ ਪ੍ਰਧਾਨ ਵੀ ਹਨ, ਨਾਲ ਗੱਲਬਾਤ ਕੀਤੀ ਗਈ, ਤਾਂ ਉਨ੍ਹਾਂ ਦੱਸਿਆ ਕਿ ਪੰਜਾਬ ਭਰ ਵਿੱਚ ਹਰ ਜਿਲ੍ਹੇ ਵਿੱਚ ਕੈਂਟਲ ਪੋਂਡ ਸੈਂਟਰ ਚੱਲ ਰਹੇ ਹਨ। ਜੇਕਰ ਕਿਸੇ ਪਿੰਡ ਜਾਂ ਸ਼ਹਿਰੀ ਵਾਰਡ ਵਿੱਚ ਅਵਾਰਾ ਪਸ਼ੂ ਮਿਲਦੇ ਹਨ, ਤਾਂ ਸਰਪੰਚ ਜਾਂ ਐਮ।ਸੀ। ਵੱਲੋਂ ਲਿਖਤੀ ਰੂਪ ਵਿੱਚ ਜਾਣਕਾਰੀ ਦੇਣ 'ਤੇ ਉਹਨਾਂ ਨੂੰ ਇਨ੍ਹਾਂ ਕੇਂਦਰਾਂ ਵਿੱਚ ਭੇਜਿਆ ਜਾ ਸਕਦਾ ਹੈ। ਇੱਥੇ ਉਹਨਾਂ ਦੀ ਐਂਟਰੀ ਮੁਫਤ ਹੁੰਦੀ ਹੈ, ਇਲਾਜ, ਚਾਰਾ ਅਤੇ ਟੀਕਾਕਰਨ ਵੀ ਮੁਫਤ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਦੀ ਸਮੇਂ-ਸਮੇਂ ਤੇ ਦੇਖਭਾਲ ਕੀਤੀ ਜਾਂਦੀ ਹੈ ਤੇ ਰਹਾਇਸ਼ ਦੀ ਵੀ ਸੁਵਿਧਾ ਉਪਲਬਧ ਹੁੰਦੀ ਹੈ। ਇਸ ਸਮੇਂ ਕੇਵਲ ਪਠਾਨਕੋਟ ਜ਼ਿਲ੍ਹੇ ਵਿੱਚ 500 ਤੋਂ ਵੱਧ ਪਸ਼ੂ ਕੈਂਟਲ ਪੋਂਡ ਸੈਂਟਰ ਵਿੱਚ ਰਜਿਸਟਰਡ ਹਨ। ਪੰਜਾਬ ਸਰਕਾਰ ਵੱਲੋਂ ਲਾਗੂ ਕੀਤੇ "ਸੈਕਸ ਸੀਮਨ ਪ੍ਰੋਜੈਕਟ" ਨੇ ਵੀ ਅਵਾਰਾ ਵੱਛਿਆਂ ਦੀ ਜਨ ਸੰਖਿਆ 'ਤੇ ਕਾਬੂ ਪਾਉਣ ਵਿੱਚ ਲਾਭਦਾਇਕ ਭੂਮਿਕਾ ਨਿਭਾਈ ਹੈ। ਇਸ ਪ੍ਰੋਜੈਕਟ ਤਹਿਤ ਕੀਤੇ ਜਾਣ ਵਾਲੇ ਟੀਕਾਕਰਨ ਰਾਹੀਂ 95% ਤੱਕ ਸੰਭਾਵਨਾ ਹੁੰਦੀ ਹੈ ਕਿ ਵੱਛੀਆਂ ਹੀ ਪੈਦਾ ਹੋਣ, ਜਿਸ ਕਾਰਨ ਅਵਾਰਾ ਵੱਛਿਆਂ ਦੀ ਸੰਖਿਆ 'ਚ ਭਾਰੀ ਕਮੀ ਆ ਰਹੀ ਹੈ।

# ਵੱਧ ਰਹੇ ਹਾਦਸੇ- ਸੜਕ ਨਾਲੋਂ ਵੱਧ ਡੈਸ਼ਬੋਰਡ ਵੱਲ ਦੇਖਣ ਲਈ ਮਜਬੂਰ ਡਰਾਈਵਰ

**ਨਵੀਂ ਦਿੱਲੀ-** ਅੱਜ ਦੇ ਸਮੇਂ ਵਿੱਚ, ਹਰ ਚੀਜ਼ ਵਿੱਚ ਉੱਨਤ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਲੋਕਾਂ ਨੂੰ ਵਧੇਰੇ ਸਹੂਲਤ ਪ੍ਰਦਾਨ ਕਰ ਰਹੀ ਹੈ। ਪਰ ਜਿਸ ਤਰ੍ਹਾਂ ਨਵੀਆਂ ਕਾਰਾਂ ਦੇ ਡੈਸ਼ਬੋਰਡ 'ਤੇ ਟੱਚ ਸਕਰੀਨਾਂ ਲਗਾਈਆਂ ਜਾ ਰਹੀਆਂ ਹਨ, ਉਹ ਵੀ ਡਰਾਈਵਰਾਂ ਲਈ ਮੁਸੀਬਤ ਦਾ ਕਾਰਨ ਬਣ ਰਹੀਆਂ ਹਨ।

ਭਾਵੇਂ ਨਵੀਆਂ ਕਾਰਾਂ ਵਿੱਚ ਉੱਨਤ ਸੁਰੱਖਿਆ ਅਤੇ ਇਨਫੋਟੇਨਮੈਂਟ ਵਿਸ਼ੇਸ਼ਤਾਵਾਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ, ਪਰ ਡਰਾਈਵਰ ਲਈ ਟੱਚ ਸਕਰੀਨ ਦੀ ਮਦਦ ਨਾਲ ਕਾਰ ਦੀਆਂ ਵਿਸ਼ੇਸ਼ਤਾਵਾਂ ਨੂੰ ਕੰਟਰੋਲ ਕਰਨਾ ਆਸਾਨ ਨਹੀਂ ਹੈ। ਇਨ੍ਹਾਂ ਸਕ੍ਰੀਨਾਂ ਕਾਰਨ, ਡਰਾਈਵਰ ਦਾ ਧਿਆਨ ਸੜਕ ਨਾਲੋਂ ਡੈਸ਼ਬੋਰਡ 'ਤੇ ਜ਼ਿਆਦਾ ਹੁੰਦਾ ਹੈ, ਜਿਸ ਕਾਰਨ ਹਾਦਸੇ ਵੀ ਹੋ ਸਕਦੇ ਹਨ।

ਉਹ ਕੰਮ ਜੋ ਪਹਿਲਾਂ ਕੁਝ ਸਕਿੰਟਾਂ ਵਿੱਚ ਬਟਨਾਂ ਦੀ ਵਰਤੋਂ ਕਰਕੇ ਕੀਤਾ ਜਾ ਸਕਦਾ ਸੀ, ਹੁਣ ਸਕ੍ਰੀਨ 'ਤੇ ਮੀਨੂ ਨੂੰ ਖੋਜਣ ਅਤੇ ਫੋਕਸ ਕਰਨ ਵਿੱਚ ਵਧੇਰੇ ਸਮਾਂ ਲੱਗਦਾ ਹੈ। ਇਸ ਨਾਲ ਗੱਡੀ ਚਲਾਉਣਾ ਮੁਸ਼ਕਲ ਹੋ ਰਿਹਾ ਹੈ ਅਤੇ ਹਾਦਸਿਆਂ ਦਾ ਖ਼ਤਰਾ ਵੀ ਵਧ ਰਿਹਾ ਹੈ।

ਯੂਕੇ ਮੋਟਰਿੰਗ ਮੈਗਜ਼ੀਨ ਦੇ ਅਧਿਐਨ ਨੇ ਕੀ ਪਾਇਆ?

ਬ੍ਰਿਟੇਨ ਦੇ ਹਫਤਾਵਾਰੀ ਮੋਟਰਿੰਗ ਮੈਗਜ਼ੀਨ ਆਟੋ ਐਕਸਪ੍ਰੈਸ ਦੁਆਰਾ ਕਰਵਾਏ ਗਏ ਇਸ ਅਧਿਐਨ ਵਿੱਚ 10 ਪ੍ਰਸਿੱਧ ਕਾਰਾਂ ਦੇ ਟੱਚ ਸਕ੍ਰੀਨ ਸਿਸਟਮ ਦੀ ਜਾਂਚ ਕੀਤੀ ਗਈ।

ਡਰਾਈਵਰਾਂ ਨੂੰ ਪੰਜ ਆਮ ਕੰਮ ਦਿੱਤੇ ਗਏ ਸਨ ਜਿਨ੍ਹਾਂ ਵਿੱਚ ਨੈਵੀਗੇਸ਼ਨ ਸੈੱਟ ਕਰਨਾ, ਰੇਡੀਓ ਟਿਊਨ ਕਰਨਾ ਅਤੇ ਗਰਮ ਸੀਟਾਂ ਨੂੰ ਚਾਲੂ ਕਰਨਾ ਸ਼ਾਮਲ ਸੀ।

ਅਧਿਐਨ ਵਿੱਚ, ਸਕੋਡਾ, ਮਰਸੀਡੀਜ਼ ਅਤੇ ਮਿੰਨੀ ਵਰਗੀਆਂ ਕੰਪਨੀਆਂ ਦੇ ਸਿਸਟਮਾਂ ਨੂੰ ਚਲਾਉਣ ਲਈ ਸਭ ਤੋਂ ਆਸਾਨ ਅਤੇ ਘੱਟ ਸਮਾਂ ਲੈਣ ਵਾਲਾ ਪਾਇਆ ਗਿਆ।

ਜੈਨੇਸਿਸ, ਪਿਊਜੋ ਅਤੇ ਫੋਰਡ ਵਰਗੀਆਂ ਕੰਪ-ਨੀਆਂ ਇਸ ਕੰਮ ਵਿੱਚ ਪਿੱਛੇ ਰਹਿ ਗਈਆਂ।

ਸਕੋਡਾ ਡਰਾਈਵਰ ਨੇ ਇਹ ਕੰਮ 4.8 ਸਕਿੰਟਾਂ ਵਿੱਚ ਕੀਤਾ, ਜਦੋਂ ਕਿ ਜੈਨੇਸਿਸ ਡਰਾਈਵਰ ਨੇ 13.6 ਸਕਿੰਟ ਲਏ।

**ਬ੍ਰਿਟੇਨ 'ਚ 2026 ਤੋਂ ਸੁਰੱਖਿਆ ਨਿਯਮ ਬਦਲਣਗੇ**

ਜਿਸ ਤਰ੍ਹਾਂ ਵਾਹਨਾਂ ਵਿੱਚ ਗੁੰਝਲਦਾਰ ਪ੍ਰਣਾਲੀਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ, ਉਸ ਨਾਲ ਡਰਾਈਵਰਾਂ ਵਿੱਚ ਅਸੰਤੁਸ਼ਟੀ ਵਧ ਰਹੀ ਹੈ ਅਤੇ ਇਸ ਕਾਰਨ ਕਾਰਾਂ ਦੀ ਵਿਕਰੀ ਵੀ ਪ੍ਰਭਾਵਿਤ ਹੋ ਸਕਦੀ ਹੈ। ਡਰਾਈਵਰ ਨਿਗਰਾਨੀ ਤਕਨਾਲੋਜੀ 'ਤੇ ਕੰਮ ਕਰਨ ਵਾਲੀ ਕੰਪਨੀ ਸੀਇੰਗ ਮਸ਼ੀਨਜ਼ ਦੇ ਮੁੱਖ ਸੁਰੱਖਿਆ ਅਧਿਕਾਰੀ ਡਾ। ਮਾਈਕ ਲੇਨ ਨੇ ਕਿਹਾ ਕਿ 'ਮਨੁੱਖੀ ਕਾਰਕ ਡਿਜ਼ਾਈਨ' ਡਰਾਈਵਰਾਂ ਦੀਆਂ ਜ਼ਰੂਰਤਾਂ ਨੂੰ ਸਮਝ ਕੇ ਤਕਨਾਲੋਜੀ ਨੂੰ ਅਨੁਭਵੀ ਬਣਾਉਂਦਾ ਹੈ।

ਉਨ੍ਹਾਂ ਕਿਹਾ ਕਿ ਸਕੋਡਾ ਨੇ ਇਸਨੂੰ ਅਪਣਾਇਆ ਹੈ ਅਤੇ ਕਾਰਾਂ ਵਿੱਚ ਆਪਣੇ 'ਸਮਾਰਟ ਡਾਇਲ' ਦੇ ਨਾਲ-ਨਾਲ ਭੌਤਿਕ ਬਟਨ ਵੀ ਸ਼ਾਮਲ ਕੀਤੇ ਹਨ। ਮਾਈਕ ਨੇ ਚੇਤਾਵਨੀ ਦਿੱਤੀ ਕਿ ਮਾੜੇ ਡਿਜ਼ਾਈਨ ਡਰਾਈਵਰ ਪ੍ਰਵਾਨਗੀ ਟੈਸਟਾਂ ਵਿੱਚ ਅਸਫਲ ਹੋ ਰਹੇ ਹਨ।

**2026 ਤੋਂ ਯੂਰਪ ਵਿੱਚ ਸੁਰੱਖਿਆ ਨਿਯਮ ਬਦਲਣਗੇ**

ਤੁਹਾਨੂੰ ਦੱਸ ਦੇਈਏ ਕਿ ਸਾਲ 2026 ਤੋਂ, ਯੂਰਪ ਦੀ ਕਾਰ ਸੁਰੱਖਿਆ ਏਜੰਸੀ (ਯੂਰਪੀਅਨ ਨਿਊ ਕਾਰ ਅਸੈਸਮੈਂਟ ਪ੍ਰੋਗਰਾਮ) ਨਵੇਂ ਸੁਰੱਖਿਆ ਪ੍ਰੋਟੋਕੋਲ ਲਾਗੂ ਕਰੇਗੀ। ਇਸ ਪ੍ਰੋਟੋਕੋਲ ਦੇ ਤਹਿਤ, ਜੇਕਰ ਵਾਹਨਾਂ ਵਿੱਚ ਹਾਰਨ, ਵਾਈਪਰ ਜਾਂ ਸੂਚਕ ਲਈ ਭੌਤਿਕ ਬਟਨ ਨਹੀਂ ਹਨ, ਤਾਂ ਉਹਨਾਂ ਨੂੰ ਘੱਟ ਸੁਰੱਖਿਆ ਸਕੋਰ ਮਿਲੇਗਾ।

ਜੈਗੁਆਰ ਲੈਂਡ ਰੋਵਰ ਦੇ ਮਨੁੱਖੀ ਮਸ਼ੀਨ ਇੰਟਰਫੇਸ ਮਾਹਰ ਡਾ। ਲੀ ਸਕ੍ਰਿਪਚੁਕ ਨੇ ਕਿਹਾ ਕਿ ਇਸ ਤਕਨੀਕ ਦਾ ਉਦੇਸ਼ ਡਰਾਈਵਿੰਗ ਨੂੰ ਬਿਹਤਰ ਬਣਾਉਣਾ ਹੈ, ਨਾ ਕਿ ਡਰਾਈਵਰ ਨੂੰ ਥਕਾਣਾ।

ਵੱਡੀਆਂ ਕੰਪਨੀਆਂ ਭੌਤਿਕ ਬਟਨ ਨੂੰ ਵਾਪਸ ਲਗਾ ਰਹੀਆਂ ਹਨ

"ਸਾਰੇ ਨਿਯੰਤਰਣਾਂ ਨੂੰ ਇੱਕ ਸਿੰਗਲ ਸਕ੍ਰੀਨ 'ਤੇ ਰੱਖ ਕੇ, ਵਾਹਨ ਨਿਰਮਾਤਾ ਡਿਜ਼ਾਈਨ ਅਤੇ ਉਤਪਾਦਨ 'ਤੇ ਪੈਸੇ ਦੀ ਬਚਤ ਕਰ ਰਹੇ ਹਨ," ਆਟੋ ਐਕਸਪ੍ਰੈਸ ਦੇ ਸੰਪਾਦਕ ਪਾਲ ਬਰਕਰ ਨੇ ਕਿਹਾ। "ਹੁਣ, ਫੀਡਬੈਕ ਤੋਂ ਬਾਅਦ, ਵੋਲਕਸਵੈਗਨ ਵਰਗੀਆਂ ਕੰਪਨੀਆਂ ਭੌਤਿਕ ਬਟਨ ਵਾਪਸ ਲਿਆ ਰਹੀਆਂ ਹਨ।"

ਇਨ੍ਹਾਂ ਤਬਦੀਲੀਆਂ ਨੂੰ ਦੇਖ ਕੇ, ਇਹ ਵਿਸ਼ਵਾਸ ਕੀਤਾ ਜਾ ਸਕਦਾ ਹੈ ਕਿ ਕੰਪਨੀਆਂ ਇਹ ਮਹਿਸੂਸ ਕਰ ਰਹੀਆਂ ਹਨ ਕਿ ਡਰਾਈਵਰ ਦੀ ਸੰਤੁਸ਼ਟੀ ਅਤੇ ਸੁਰੱਖਿਆ ਤੋਂ ਬਿਨਾਂ ਕੋਈ ਵੀ ਤਕਨਾਲੋਜੀ ਜ਼ਿਆਦਾ ਦੇਰ ਤੱਕ ਨਹੀਂ ਟਿਕ ਸਕਦੀ। ਟੱਚ ਸਕਰੀਨ ਆਪਣੀ ਥਾਂ 'ਤੇ ਠੀਕ ਹਨ, ਪਰ ਹੁਣ ਸਮਾਂ ਆ ਗਿਆ ਹੈ ਕਿ ਕੰਪਨੀਆਂ ਸੰਤੁਲਿਤ, ਆਸਾਨ ਅਤੇ ਸੁਰੱਖਿਅਤ ਡਿਜ਼ਾਈਨ ਵੱਲ ਵਾਪਸ ਆਉਣ।

# ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੰਗੀ ਜੀਵਨ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਲੋਕ ਭਲਾਈ ਦੇ ਸੰਕਲਪ ਤਹਿਤ ਚਾਰੋ ਦਿਸ਼ਾਵਾਂ ਵਿਚ 'ਉਦਾਸੀਆਂ' ਕੀਤੀਆਂ। ਅੱਗੇ ਸਾਰੇ ਗੁਰੂ ਸਾਹਿਬਾਨ ਨੇ ਇਸ ਕਾਰਜ ਨੂੰ ਜਾਰੀ ਰੱਖਦਿਆਂ ਧਰਮ ਪ੍ਰਚਾਰ ਲਈ ਦੂਰ ਦੂਰ ਤੱਕ ਪ੍ਰਚਾਰਕ ਦੌਰੇ ਕੀਤੇ। ਗੁਰੂ ਅਰਜਨ ਦੇਵ ਜੀ ਨੇ ਵੀ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਨਾਲ ਨਾਲ ਚਲਦੀ ਰਹੀ। ਗੁਰੂ ਅਰਜਨ ਦੇਵ ਜੀ ਜਦੋਂ ਅੰਮ੍ਰਿਤਸਰ ਤੋਂ ਪ੍ਰਚਾਰਕ ਦੌਰਾ ਸ਼ੁਰੂ ਕਰਕੇ ਗੋਇੰਦਵਾਲ, ਕਰਤਾਰਪੁਰ ਤੋਂ ਹੁੰਦੇ ਹੋਏ ਵਾਪਸ ਅੰਮ੍ਰਿਤਸਰ ਪਹੁੰਚੇ ਤਾਂ ਉਥੇ ਨੇੜਲੇ ਪਿੰਡ ਵਡਾਲੀ ਵਿਖੇ ਬਾਲ (ਗੁਰੂ) ਹਰਿਗੋਬਿੰਦ ਜੀ ਦਾ ਆਗਮਨ 5 ਜੁਲਾਈ 1595 ਨੂੰ ਹੋਇਆ।

ਆਪ ਜੀ ਦੀ ਵਿੱਦਿਆ ਅਤੇ ਸ਼ਸ਼ਤਰਾਂ ਦੀ ਸਿਖਲਾਈ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਹੋਈ। ਆਪ ਜਲਦੀ ਹੀ ਨਿਪੁੰਨ ਮਹਾਂਬਲੀ ਯੋਧਾ ਬਣ ਗਏ। ਜਦੋਂ ਆਪ ਜੀ ਦੀ ਉਮਰ ਗਿਆਰਾਂ ਕੁ ਸਾਲ ਸੀ, ਤਦ ਹੀ ਬਾਦਸ਼ਾਹ ਜਹਾਂਗੀਰ ਨੇ ਧਾਰਮਿਕ ਈਰਖਾ ਹੇਠ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁੱਧ ਹਥਿਆਰ ਚੁੱਕਣੇ ਪੈਣਗੇ। ਉਹਨਾਂ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ ਤੇ ਸ਼ਸ਼ਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ ਫੌਜ ਵੀ ਰੱਖਦੀ ਹੈ। ਇਸੇ ਫੌਜੀ ਕਾਰਵਾਈ ਨੂੰ ਅੱਗੇ ਜਾ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਜੀ ਖਾਲਸੇ ਦਾ ਰੂਪ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ 25 ਮਈ 1606 ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ। ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੇ ਰਾਹ ਤੁਰਨ ਲਈ, ਆਪ ਜੀ ਨੇ ਦੋ ਤਲਵਾਰਾਂ 'ਮੀਰੀ ਤੇ ਪੀਰੀ' ਧਾਰਨ ਕਰ ਲਈਆਂ। ਗੁਰੂ ਜੀ ਨੇ ਸਿੱਖਾਂ ਨੂੰ ਸ਼ਿਕਾਰ ਖੇਡਣ ਅਤੇ ਸ਼ਸ਼ਤਰ ਵਿੱਦਿਆ, ਘੋੜ ਸਵਾਰੀ ਦੇ ਅਭਿਆਸਾਂ ਨਾਲ ਸੂਰਮਿਆਂ ਦੀ ਫੌਜ ਬਣਾ ਲਿਆ। ਮਾਲਵੇ ਦੁਆਬੇ ਦੇ 500 ਜੁਆਨ ਗੁਰੂ ਜੀ ਦੀ ਮਦਦ ਵਿਚ ਅੱਗੇ ਆਏ। ਗੁਰੂ ਜੀ ਦੇ ਸਮਾਜਿਕ ਕੰਮਾਂ ਜਿਵੇਂ ਬਿਪਤਾ ਅਤੇ ਕਾਲ ਦੇ ਸਮੇਂ ਸੰਗਤਾਂ ਦੀ ਸੇਵਾ ਕਰਨ ਅਤੇ ਸਾਂਝੀਵਾਲਤਾ ਦੇ ਉਪਦੇਸ਼ ਤੋਂ ਪ੍ਰਭਾਵਿਤ ਹੋ ਕੇ ਕਈ ਮੁਸਲਮਾਨ ਵੀ ਗੁਰੂ ਜੀ ਦੀ ਫੌਜ ਵਿਚ ਭਰਤੀ ਹੋ ਗਏ।

ਸੰਨ 1609 ਵਿਚ ਗੁਰੂ ਜੀ ਨੇ ਅਕਾਲ ਤਖਤ ਦੀ ਉਸਾਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਕਰ ਲਈ। ਸੂਰਮਿਆਂ ਵਿਚ ਬੀਰ-ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਸ਼ੁਰੂ ਕੀਤਾ। ਪਹਿਲਾ ਢਾਡੀ ਅਬਦੁੱਲਾ ਸੀ। ਗੁਰੂ ਜੀ ਦੀ ਵਧਦੀ ਹਰਮਨਪਿਆਰਤਾ ਤੋਂ ਜਹਾਂਗੀਰ ਔਖਾ ਸੀ। ਸੰਨ 1612 ਵਿਚ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਵੀ 52 ਰਾਜੇ ਕੈਦ ਸਨ। ਜਿਹਨਾਂ ਨਾਲ ਬੜਾ ਮਾੜਾ ਸਲੂਕ ਹੋ ਰਿਹਾ ਸੀ। ਉਹ ਸਾਰੇ ਗੁਰੂ ਜੀ ਦੇ ਸਤਸੰਗੀ ਬਣ ਗਏ। ਫਕੀਰ ਮੀਆਂ ਮੀਰ ਦੇ ਕਹਿਣ ਤੇ ਗੁਰੂ ਜੀ ਦੀ ਰਿਹਾਈ ਦੇ ਹੁਕਮ ਹੋਏ। ਗੁਰੂ ਜੀ ਨੇ 52 ਰਾਜੇ ਵੀ ਰਿਹਾਅ ਕਰਨ 'ਤੇ ਸਹਿਮਤੀ ਦਿੱਤੀ। ਬਾਦਸ਼ਾਹ ਨੂੰ 52 ਰਾਜੇ ਵੀ ਰਿਹਾਅ ਕਰਨੇ ਪਏ। ਉਪਰੰਤ ਗੁਰੂ ਜੀ ਦਰਬਾਰ ਸਾਹਿਬ ਅੰਮ੍ਰਿਤਸਰ ਪੁੱਜੇ ਤਾਂ ਉਸ ਦਿਨ ਨੂੰ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ।

### ਗੁਰੂ ਜੀ ਦਾ ਜੰਗੀ ਜੀਵਨ

**1. ਅੰਮ੍ਰਿਤਸਰ ਦੀ ਜੰਗ–** ਮੁਗਲ ਬਾਦਸ਼ਾਹ ਜਹਾਂਗੀਰ ਦੀ 1627 ਵਿਚ ਮੌਤ ਹੋ ਗਈ, ਉਸਦਾ ਪੁੱਤਰ ਸ਼ਾਹਜਹਾਂ ਤਖਤ 'ਤੇ ਬੈਠਾ। ਸਮੇਂ ਦੇ ਹਾਕਮਾਂ ਨੇ ਸਿੱਖਾਂ ਦੇ ਵਿਰੁੱਧ ਉਸਦੇ ਕੰਨ ਭਰੇ। ਉਹ ਸਿੱਖਾਂ ਨਾਲ ਟੱਕਰ ਲੈਣ ਦਾ ਬਹਾਨਾ ਲੱਭਦਾ ਸੀ। 1628 ਨੂੰ ਅੰਮ੍ਰਿਤਸਰ ਦੇ ਨੇੜੇ ਗੁਮਟਾਲਾ ਵਿਖੇ ਸ਼ਾਹੀ ਸ਼ਿਕਾਰ ਖੇਡਿਆ ਜਾ ਰਿਹਾ ਸੀ, ਉਧਰ ਹੀ ਸਿੱਖਾਂ ਦਾ ਅਭਿਆਸੀ ਸ਼ਿਕਾਰੀ ਜਥਾ ਵੀ ਸ਼ਿਕਾਰ ਖੇਡ ਰਿਹਾ ਸੀ। ਬਾਦਸ਼ਾਹ ਦਾ ਇਕ ਬਾਜ ਸਿੱਖਾਂ ਦੇ ਹੱਥ ਆ ਗਿਆ। ਬਾਦਸ਼ਾਹ ਦੇ ਸ਼ਿਕਾਰੀ ਬੜੇ ਰੋਹਬ ਨਾਲ ਬਾਜ਼ ਵਾਪਸ ਮੰਗਣ ਆਏ। ਸਿੱਖਾਂ ਨੇ ਬਾਜ ਨਾ ਮੋੜਿਆ। ਬਾਦਸ਼ਾਹ ਸ਼ਾਹਜਹਾਨ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਉਣ ਲਈ ਮੁਖਲਿਸ ਖਾਂ ਦੀ ਕਮਾਨ ਹੇਠ ਸੱਤ ਹਜ਼ਾਰ ਦੀ ਫੌਜ ਭੇਜੀ।

ਗੁਰੂ ਜੀ ਆਪਣੀ ਸਪੁੱਤਰੀ ਬੀਬੀ ਵੀਰੋ ਜੀ ਦੇ ਵਿਆਹ ਦੀ ਤਿਆਰੀ ਵਿਚ ਸਨ। ਗੁਰੂ ਜੀ ਦੀ ਕੋਈ ਜੰਗੀ



ਤਿਆਰੀ ਵੀ ਨਹੀਂ ਸੀ। ਜੰਗੀ ਸਮਾਨ ਵੀ ਕਾਫੀ ਨਹੀਂ ਸੀ। ਮੁਗਲਾਂ ਨੇ ਪਹਿਲਾਂ ਲੋਹਗੜ੍ਹ ਦੇ ਕਿਲੇ ਤੇ ਹਮਲਾ ਕੀਤਾ। ਥੋੜ੍ਹੇ ਜਿਹੇ ਸਿੱਖਾਂ ਨੇ ਸਖਤ ਮੁਕਾਬਲਾ ਕੀਤਾ। ਮੁਗਲਾਂ ਨੇ ਸ਼ਹਿਰ ਨੂੰ ਲੁੱਟਿਆ। ਉਹਨਾਂ ਨੇ ਗੁਰੂ ਜੀ ਦੀ ਜਾਇਦਾਦ ਅਤੇ ਪਵਿੱਤਰ ਨਿਵਾਸ ਨੂੰ ਵੀ ਲੁੱਟਿਆ। ਦੂਸਰੇ ਦਿਨ ਲੜਾਈ ਪਿਪਲੀ ਸਾਹਿਬ ਦੇ ਕੋਲ ਖਾਲਸਾ ਕਾਲਜ ਵਾਲੀ ਥਾਂ 'ਤੇ ਹੋਈ। ਗੁਰੂ ਜੀ ਦੇ ਨਾਲ ਸੂਰਬੀਰ ਯੋਧੇ ਭਾਈ ਬਿਧੀ ਚੰਦ, ਭਾਈ ਜੇਠਾ ਅਤੇ ਪੈਂਦੇ ਖਾਂ ਆਦਿ ਸਨ। ਸਿੰਘਾਂ ਨੇ ਮੁਗਲਾਂ ਨੂੰ ਬਹੁਤ ਭਜਾਇਆ। ਤੀਸਰੇ ਦਿਨ ਦੀ ਲੜਾਈ ਵਿਚ ਭਾਰੀ ਕਤਲੇਆਮ ਹੋਇਆ। ਗੁਰੂ ਜੀ ਨੇ ਲੱਕੜ ਦੀ ਤੋਪ ਚਲਾਈ। ਦੁਸ਼ਮਣ ਦੀ ਗਿਣਤੀ ਵਧੇਰੇ ਸੀ। ਗੁਰੂ ਜੀ ਕੋਲ 700 ਸਿਪਾਹੀ ਸਨ। ਗੁਰੂ ਜੀ ਨੇ ਆਪਣਾ ਪਰਿਵਾਰ ਸੁਰੱਖਿਅਤ ਝਬਾਲ ਭੇਜ ਦਿੱਤਾ। ਘਮਸਾਨ ਦੀ ਜੰਗ ਵਿਚ ਮੁਗਲਾਂ ਦੇ ਪੈਰ ਉਖੜ ਗਏ। ਗੁਰੂ ਜੀ ਨੇ ਖੰਡੇ ਨਾਲ ਮੁਖਲਿਸ ਖਾਂ ਦੇ ਟੋਟੇ ਕਰ ਦਿੱਤੇ। ਉਸ ਦੇ ਮਰਨ ਤੇ ਮੁਗਲ ਫੌਜ ਮੈਦਾਨ ਛੱਡ ਗਈ। ਮੁਗਲਾਂ ਅਤੇ ਸਿੱਖਾਂ ਦੀ ਇਸ ਪਹਿਲੀ ਹਥਿਆਰਬੰਦ ਜੰਗ ਵਿਚ ਗੁਰੂ ਜੀ ਦੀ ਪਹਿਲੀ ਜਿੱਤ ਸੀ। ਅਗਲੇ ਦਿਨ ਗੁਰੂ ਜੀ ਨੇ ਬੀਬੀ ਵੀਰੋ ਦਾ ਵਿਆਹ ਝਬਾਲ ਦੇ ਚੌਧਰੀ ਭਾਈ ਲੰਗਾਹ ਦੇ ਘਰ ਕਰ ਦਿੱਤਾ। ਇਸ ਪਹਿਲੀ ਜੰਗ ਦੀ ਯਾਦ ਵਿਚ ਗੁਰਦੁਆਰਾ ਸੰਗਰਾਣਾ ਸਾਹਿਬ ਸੁਸ਼ੋਭਿਤ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

**2. ਹਰਿਗੋਬਿੰਦਪੁਰ ਦੀ ਜੰਗ (1630)–** ਅੰਮ੍ਰਿਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਅੰਮ੍ਰਿਤਸਰ ਛੱਡ ਕੇ ਜਲੰਧਰ ਦੁਆਬੇ ਵਾਲੇ ਕਰਤਾਰਪੁਰ ਚਲੇ ਗਏ। ਉਥੋਂ ਆਪ ਗੁਰਦਾਸਪੁਰ ਦੇ ਨਗਰ ਗੋਬਿੰਦਪੁਰ ਗਏ। ਗੁਰੂ ਅਰਜਨ ਦੇਵ ਸਾਹਿਬ ਨੇ ਇਹ ਨਗਰ ਵਸਾਇਆ ਸੀ। ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਗਰ ਦਾ ਵਿਸਥਾਰ ਕੀਤਾ ਤਾਂ ਇਸਦਾ ਨਾਂ ਹਰਿਗੋਬਿੰਦਪੁਰ ਪੈ ਗਿਆ। ਇੱਥੋਂ ਦਾ ਮਾਲੀਆ ਅਧਿਕਾਰੀ ਭਗਵਾਨ ਦਾਸ ਘਰੋੜ ਸਿੱਖਾਂ ਨਾਲ ਈਰਖਾ ਕਰਦਾ ਸੀ। ਸੰਨ 1630 ਵਿਚ ਉਹ ਇਕ ਜੰਗ ਵਿਚ ਮਾਰਿਆ ਗਿਆ ਸੀ। ਉਸਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫੌਜਦਾਰ ਅਬਦੁੱਲਾ ਖਾਂ ਪਾਸੋਂ ਮਦਦ ਮੰਗੀ। ਉਸਨੇ ਚੜ੍ਹਾਈ ਕਰ ਦਿੱਤੀ। ਤਿੰਨ ਦਿਨ ਸਖਤ ਜੰਗ ਹੋਈ। ਅਬਦੁਲਾ ਖਾਂ ਤੇ ਰਤਨ ਚੰਦ ਨੂੰ ਗੁਰੂ ਜੀ ਨੇ ਮਾਰ ਮੁਕਾਇਆ। ਜਲੰਧਰ ਦੀ ਫੌਜਮੈਦਾਨ ਛੱਡ ਗਈ। ਗੁਰੂ ਜੀ ਨੇ ਜੰਗੀ ਸ਼ਹੀਦਾਂ ਦਾ ਸਸਕਾਰ ਕੀਤਾ, ਜਿੱਥੇ ਗੁਰਦੁਆਰਾ ਦਮਦਮਾ ਸਾਹਿਬ ਸੁਸ਼ੋਭਿਤ ਹੈ।

**3. ਮਹਿਰਾਜ ਦੀ ਜੰਗ (1631)–** ਕਾਬਲ ਦਾ ਮਸੰਦ ਗੁਰੂ ਜੀ ਵਾਸਤੇ ਬਹੁਤ ਹੀ ਵਧੀਆ ਨਸਲ ਦੇ ਘੋੜੇ ਲੈ ਆਇਆ। ਲਾਹੌਰ ਦੇ ਸੂਬੇਦਾਰ ਨੇ ਉਹ ਘੋੜੇ ਖੋਹ ਲਏ। ਭਾਈ ਬਿਧੀ ਚੰਦ ਆਪਣੀ ਜੁਗਤ ਨਾਲ ਉਹ ਘੋੜੇ ਵਾਪਸ ਲੈ ਆਇਆ। ਲਾਲਬੇਗ ਅਤੇ ਕਰਮ-ਬੇਗ ਦੀ ਕਮਾਨ ਹੇਠ 20 ਕੁ ਹਜ਼ਾਰ ਦੀ ਫੌਜ ਗੁਰੂ ਜੀ ਦੇ ਵਿਰੁੱਧ ਚੜ੍ਹ ਆਈ। ਸ਼ਾਹੀ ਫੌਜ 1631 ਵਿਚ ਸਤਲੁਜ ਤੋਂ ਪਾਰ ਆਈ। ਗੁਰੂ ਜੀ ਨੇ ਮਹਿਰਾਜ਼ ਦੇ ਨੇੜੇ ਨਥਾਣੇ ਦੀ ਢਾਬ ਤੇ ਮੋਰਚੇ ਲਾ ਲਏ। ਦੋ ਦਿਨ ਦੀ ਸਖਤ ਜੰਗ ਵਿਚ ਲੋਥਾਂ ਦੇ ਢੇਰ ਲੱਗ ਗਏ। ਲਲਾ ਬੇਗ ਨੇ ਗੁਰੂ ਜੀ ਨੂੰ ਆਹਮੋ-ਸਾਹਮਣੇ ਜੰਗ ਕਰਨ ਲਈ ਲਲਕਾਰਿਆ। ਪਹਿਲਾਂ ਤੀਰਾਂ ਨਾਲ ਜੰਗ ਹੋਈ, ਫਿਰ ਤਲਵਾਰਾਂ ਨਾਲ। ਲਲਾਬੇਗ ਮਾਰਿਆ ਗਿਆ। ਉਸਦੀ ਫੌਜ ਵੀ ਭੱਜ ਗਈ। ਇਸ ਜੰਗ ਵਿਚ1200 ਸਿੰਘ ਸ਼ਹੀਦ ਹੋਏ। ਸ਼ਾਹੀ ਫੌਜ ਦਾ ਇਸ ਤੋਂ ਵੀ ਵੱਧ ਨੁਕਸਾਨ ਹੋਇਆ। ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ। ਜੰਗ ਦੀ ਜਗ੍ਹਾ ਤੇ ਗੁਰੂਸਰ ਤਾਲ ਬਣਾਇਆ।

**4. ਕਰਤਾਰਪੁਰ ਦੀ ਜੰਗ (1634)–** ਮਹਿਰਾਜ ਦੀ ਜੰਗ ਤੋਂ ਬਾਅਦ ਗੁਰੂ ਜੀ ਕਰਤਾਰਪੁਰ (ਜਲੰਧਰ) ਚਲੇ ਗਏ। ਕੁਝ ਸਮਾਂ ਪਹਿਲਾਂ ਵੀ ਜਦੋਂ ਗੁਰੂ ਜੀ ਕਰਤਾਰਪੁਰ ਠਹਿਰੇ ਸਨ ਤਾਂ ਉਹਨਾਂ ਕੁਝ ਮੁਸਲਮਾਨ ਪਠਾਣ ਨੌਕਰ ਰੱਖੇ ਸਨ। ਇਹਨਾਂ ਵਿਚ ਪੈਂਦੇ ਖਾਂ ਵੀ ਗੁਰੂ ਜੀ ਦਾ ਵਫਾਦਾਰ ਸੀ। ਪਿਪਲੀ ਸਾਹਿਬ-ਅੰਮ੍ਰਿਤਸਰ ਦੀ ਜੰਗ ਵਿਚ ਇਸਨੇ ਚੰਗੇ ਜੰਗੀ ਜੌਹਰ ਦਿਖਾਏ ਸਨ। ਫਿਰ ਉਸਨੂੰ ਹੰਕਾਰ ਹੋ ਗਿਆ ਕਿ ਗੁਰੂ ਜੀ ਦੀ ਜੰਗੀ ਸ਼ਕਤੀ ਉਸੇ ਕਰਕੇ ਹੀ ਹੈ। ਗੁਰੂ ਜੀ ਨੇ ਉਸਨੂੰ ਨੌਕਰੀ ਤੋਂ ਕੱਢ ਦਿੱਤਾ। ਉਹ ਬਾਦਸ਼ਾਹ ਕੋਲ ਜਾ ਨੌਕਰ ਹੋਇਆ। ਉਸਨੇ ਬਾਦਸ਼ਾਹ ਨੂੰ ਗੁਰੂ ਜੀ ਵਿਰੁੱਧ ਤਕੜੀ ਫੌਜ ਭੇਜਣ ਲਈ ਉਕਸਾਇਆ। ਸ਼ਾਹੀ ਫੌਜ ਦੀ ਕਮਾਨ ਕਾਲੇ ਖਾਂ ਕੋਲ ਸੀ। ਕਾਲੇ ਖਾਂ ਅੰਮ੍ਰਿਤਸਰ ਦੀ ਜੰਗ ਵਿਚ ਮਾਰੇ ਗਏ ਮੁਖਲਿਸ ਖਾਂ ਦਾ ਭਰਾ ਸੀ। ਪੈਂਦੇ ਖਾਂ ਅਤੇ ਜਲੰਧਰ ਦਾ ਫੌਜਦਾਰ ਕਤਬ ਖਾਂ ਉਸਦੇ ਸਹਾਇਕ ਸਨ।

ਸੰਨ 1634 ਵਿਚ ਕਰਤਾਰਪੁਰ ਦੀ ਜੰਗ ਹੋਈ। ਸ਼ਾਹੀ ਫੌਜ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਕਮਾਲ ਦੇ ਜੰਗੀ ਜੌਹਰ ਦਿਖਾਏ। ਇਸ ਧਰਮ ਜੰਗ ਦੀ ਅਗਵਾਈ ਬਾਬਾ ਗੁਰਦਿੱਤਾ ਜੀ ਅਤੇ ਭਾਈ ਬਿਧੀ ਚੰਦ ਜੀ ਕਰ ਰਹੇ ਸਨ। ਸਿੰਘਾਂ ਨੇ ਸ਼ਾਹੀ ਫੌਜ ਨੂੰ ਭੜਥੂ ਪਾ ਦਿੱਤਾ। ਬਾਲ (ਗੁਰੂ) ਤੇਗ ਬਹਾਦਰ ਜੀ ਵੀ 14 ਕੁ ਸਾਲਾਂ ਦੇ ਸਨ, ਕਮਾਲ ਦੀ ਬਹਾਦਰੀ ਨਾਲ ਜੰਗ ਲੜੇ। ਘਮਸਾਨ ਦੀ ਜੰਗ ਵਿਚ ਕਾਲੇ ਖਾਂ ਅਸਮਾਨ ਖਾਂ ਆਦਿ ਪਠਾਣ ਮਾਰੇ ਗਏ। ਪੈਂਦੇ ਖਾਂ ਦੀ ਗੁਰੂ ਜੀ ਨਾਲ ਹੱਥੋਂ-ਹੱਥ ਜੰਗ ਹੋਈ। ਗੁਰੂ ਜੀ ਨੇ ਉਸਨੂੰ ਪਹਿਲਾਂ ਵਾਰ ਕਰਨ ਅਤੇ ਸਾਰਾ ਗੁੱਸਾ ਕੱਢ ਲੈਣ ਦਾ ਮੌਕਾ ਦਿੱਤਾ। ਉਸਦੇ ਸਾਰੇ ਵਾਰ ਅਸਫਲ ਰਹੇ। ਗੁਰੂ ਜੀ ਨੇ ਤਲਵਾਰ ਨਾਲ ਅਜਿਹਾ ਵਾਰ ਕੀਤਾ ਕਿ ਉਹ ਗੁਰੂ ਜੀ ਦੇ ਚਰਨਾਂ ਵਿਚ ਡਿੱਗ ਪਿਆ। ਗੁਰੂ ਜੀ ਨੇ ਕਿਹਾ ਕਿ ਹੁਣ ਆਪਣੇ ਧਰਮ ੀਆਂ ਕਲਮਾਂ ਪੜ੍ਹਨ ਦਾ ਵੇਲਾ ਹੈ। ਉਹ ਆਖਰੀ ਸਾਹਾਂ 'ਤੇ ਸੀ। ਗੁਰੂ ਜੀ ਨੇ ਧੁੱਪ ਤੋਂ ਬਚਾਉਣ ਲਈ ਆਪਣੀ ਢਾਲ ਨਾਲ ਉਸਦੇ ਚਿਹਰੇ ਤੇ ਛਾਂ ਕੀਤੀ। ਉਸਨੇ ਕਿਹਾ ਕਿ ਗੁਰੂ ਜੀ ਤੁਹਾਡੀ ਤਲਵਾਰ ਹੀ ਮੇਰਾ ਕਲਮਾ ਤੇ ਮੁਕਤੀ ਦਾਤਾ ਹੈ। ਪੈਂਦੇ ਖਾਂ ਦੇ ਮਰਨ ਤੇ ਸ਼ਾਹੀ ਫੌਜ ਵਿਚ ਭਗਦੜ ਮੱਚ ਗਈ, ਉਹ ਨੱਸ ਗਏ। ਗੁਰੂ ਜੀ ਪਰਿਵਾਰ ਸਮੇਤ ਕੀਰਤਪੁਰ ਨੂੰ ਤੁਰ ਪਏ।

**5. ਕੀਰਤਪੁਰ ਦੀ ਜੰਗ (1634)–** ਇਹ ਜੰਗ ਗੁਰੂ ਜੀ ਦੇ ਜੰਗੀ ਜੀਵਨ ਦੀ ਆਖਰੀ ਜੰਗ ਸੀ। ਸੰਨ 1634 ਦੀ ਇਹ ਜੰਗ ਪਡਿਆਲਾ ਕਰਕੇ ਵੀ ਜਾਣੀ ਜਾਂਦੀ ਹੈ। ਗੁਰੂ ਜੀ ਜਦੋ ਕੁਰਖਸ਼ੇਤ ਤੋਂ ਕੀਰਤਪੁਰ ਜਾ ਰਹੇ ਸਨ। ਮੁਗਲ ਪਠਾਣ ਗੁਰੂ ਜੀ ਦੀ ਵਧਦੀ ਤਾਕਤ ਵੇਖ ਕੇ ਈਰਖਾ ਵਿਚ ਸਨ। ਉਹਨਾਂ ਨੇ ਗੁਰੂ ਜੀ ਨੂੰ ਖਰੜ ਵਿਖੇ ਘੇਰਨ ਦੀ ਵਿਉਂਤ ਬਣਾਈ। ਸਿੰਘ ਜੋ 1632 ਤੋਂ ਪਿੰਡ ਨੰਗਲ ਸਿੰਘੀਆਂ ਵਿਖੇ ਰਹਿ ਰਹੇ ਸਨ, ਨੂੰ ਖਬਰ ਮਿਲੀ ਤਾਂ ਉਹ ਗੁਰੂ ਜੀ ਦੀ ਰੱਖਿਆ ਅਤੇ ਸਤਿਕਾਰ ਲਈ ਮੁਗਲ ਪਠਾਣਾਂ ਵਿਰੁੱਧ ਜੰਗ ਵਿਚ ਉਤਰ ਆਏ। ਉਹ ਸਿੰਘ ਆਪਣੇ ਖੂਨ ਦੇ ਆਖਰੀ ਕਤਰੇ ਤੱਕ ਲੜੇ ਅਤੇ ਉਹਨਾਂ ਮੁਗਲ ਪਠਾਣਾਂ ਨੂੰ ਜੰਗ ਵਿਚ ਉਲਝਾਈ ਰੱਖਿਆ। ਉਹਨਾਂ ਗੁਰੂ ਜੀ ਦੇ ਲੰਘਣ ਲਈ ਰਸਤਾ ਸੁਰੱਖਿਅਤ ਬਣਾ ਦਿੱਤਾ। ਜਦੋਂ ਗੁਰੂ ਜੀ ਪਡਿਆਲਾ ਪਹੁੰਚੇ ਤਾਂ ਉਹਨਾਂ ਨੇ ਸ਼ਹੀਦਾਂ ਨੂੰ ਮੁਕਤੀ ਦਾ ਵਰ ਦਿੱਤਾ।

ਸਿੰਘਾਂ ਦਾ ਹੱਥੀਂ ਸਸਕਾਰ ਕਰਕੇ ਗੁਰੂ ਜੀ ਬ੍ਰਾਹਮਣ ਮਾਜਰਾ ਵੱਲ ਚਲੇ ਗਏ, ਜਿੱਥੇ ਕਿ ਇਕ ਬ੍ਰਾਹਮਣ ਨੇ ਫਰਿਆਦ ਕੀਤੀ ਕਿ ਉਸਦੀ ਪਤਨੀ ਦਾ ਡੋਲਾ ਰੋਪੜ ਦੇ ਮੁਗਲ ਪਠਾਣ ਲੈ ਗਏ ਹਨ। ਸਿੰਘਾਂ ਨੇ ਉਹਨਾਂ ਦੀ ਰੱਖਿਆ ਵਿਚ ਮੁਗਲ ਪਠਾਣਾਂ ਨੂੰ ਭਜਾ ਦਿੱਤਾ। ਗੁਰੂ ਜੀ ਨੇ ਇਸ ਮੈਦਾਨ ਵਿਚ ਜਿੱਤ ਦਾ ਨਿਸ਼ਾਨ ਸਾਹਿਬ ਲਹਿਰਾਇਆ, ਜਿੱਥੇ ਗੁਰਦੁਆਰਾ ਝੰਡਾ ਸਾਹਿਬ ਪਡਿਆਲਾ ਕੁਰਾਲੀ ਸੁਸ਼ੋਭਿਤ ਹੈ।

ਗੁਰੂ ਜੀ ਦਾ ਉਪਦੇਸ਼ ਹੈ ਕਿ ਸ਼ਬਦ ਗੁਰੂ ਦੇ ਗਿਆਨ ਨਾਲ ਕਰਮਕਾਂਡਾਂ ਝੂਠੇ ਕਰਮਾਂ ਦੀ ਕੈਦ ਵਿਚੋਂ ਮੁਕਤ ਹੋਣਾ ਹੈ। ਉਹਨਾਂ ਰਾਮਸਰ ਬਿਬੇਕ ਸਰ ਨਾਂ ਦੇ ਸਰੋਵਰ ਬਣਾਏ। ਅੰਮ੍ਰਿਤਸਰ ਨੂੰ ਖੁਦਮੁਖਤਿਆਰ ਅਤੇ ਸੁਰੱਖਿਅਤ ਬਣਾਉਣ ਵਾਸਤੇ ਲੋਹਗੜ੍ਹ ਕਿਲਾ ਉਸਾਰਿਆ।

# ਲੰਡਨ ਦੇ 'ਸੀਨਜ਼ ਇਨ ਦ ਸਕੁਏਅਰ' 'ਚ ਲੱਗੇਗਾ ਸ਼ਾਹਰੁਖ-ਕਾਜੋਲ ਦਾ ਬੁੱਤ

ਸਾਲ 1995 ਵਿੱਚ ਰਿਲੀਜ਼ ਹੋਈ ਸ਼ਾਹਰੁਖ ਖਾਨ ਅਤੇ ਕਾਜੋਲ ਦੀ ਫਿਲਮ ਦਿਲਵਾਲੇ ਦੁਲਹਨੀਆ ਲੇ ਜਾਏਂਗੇ (ਧਧ੍ਹਝ) ਨੇ ਇੱਕ ਨਵਾਂ ਮੀਲ ਪੱਥਰ ਹਾਸਲ ਕੀਤਾ ਹੈ। ਇਸ ਦੇ ਥੀਏਟਰ ਵਿੱਚ ਰਿਲੀਜ਼ ਹੋਣ ਤੋਂ ਤੀਹ ਸਾਲ ਬਾਅਦ, ਲੰਡਨ ਦੇ ਲੈਸਟਰ ਸਕੁਏਅਰ ਵਿੱਚ ਇਸਦਾ ਇੱਕ ਕਾਂਸੀ ਦਾ ਬੁੱਤ ਲਗਾਇਆ ਜਾਵੇਗਾ। ਇਸ ਦੇ ਨਾਲ, ਇਹ ਫਿਲਮ ਇਹ ਉਪਲਬਧੀ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਫਿਲਮ ਬਣ ਗਈ ਹੈ। ਇਹ ਉਪਲਬਧੀ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਫਿਲਮ ਹੈ। ਹਾਰਟ ਆਫ ਲੰਡਨ ਬਿਜ਼ਨਸ ਅਲਾਇੰਸ ਦੇ ਡਿਪਟੀ ਚੀਫ ਐਗਜ਼ੀਕਿਊਟਿਵ ਮਾਰਕ ਵਿਲੀਅਮਜ਼ ਨੇ ਡੀਡੀਐਲਜੇ ਦਾ ਟ੍ਰੇਲ ਵਿੱਚ ਸਵਾਗਤ ਕਰਨ ਬਾਰੇ ਆਪਣੀ ਖੁਸ਼ੀ ਜ਼ਾਹਰ ਕੀਤੀ। "ਸਾਡੇ ਟ੍ਰੇਲ ਵਿੱਚ ਸ਼ਾਹਰੁਖ ਖਾਨ ਅਤੇ ਕਾਜੋਲ ਨੂੰ ਜੋੜਨ ਦਾ ਮੌਕਾ ਮਿਲਣਾ ਬਹੁਤ ਵਧੀਆ ਹੈ, ਜੋ ਅੰਤਰਰਾਸ਼ਟਰੀ ਸਿਨੇਮਾ ਦੇ ਅਜਿਹੇ ਟਾਇਟਨਸ ਹਨ। ਦਿਲਵਾਲੇ ਦੁਲਹਨੀਆ ਲੇ ਜਾਏਂਗੇ ਹਰ ਸਮੇਂ ਦੀਆਂ ਸਭ ਤੋਂ ਸਫਲ ਅਤੇ ਮਹੱਤਵਪੂਰਨ ਬਾਲੀਵੁੱਡ ਫਿਲਮਾਂ ਵਿੱਚੋਂ ਇੱਕ ਹੈ,"। "ਇਹ ਮੂਰਤੀ ਬਾਲੀਵੁੱਡ ਦੀ ਵਿਸ਼ਵਵਿਆਪੀ ਪ੍ਰਸਿੱਧੀ ਅਤੇ ਲੰਡਨ ਦੀ ਅਮੀਰ ਵਿਭਿੰਨਤਾ ਦੇ ਜਸ਼ਨ ਲਈ ਇੱਕ ਢੁਕਵੀਂ ਸ਼ਰਧਾਂਜਲੀ ਹੈ। ਸਾਨੂੰ ਕੋਈ ਸ਼ੱਕ ਨਹੀਂ ਹੈ ਕਿ ਇਹ ਦੁਨੀਆ ਭਰ ਦੇ ਪ੍ਰਸ਼ੰਸਕਾਂ ਨੂੰ ਫਿਲਮ ਅਤੇ ਮਨੋਰੰਜਨ ਦੇ ਘਰ, ਲੈਸਟਰ ਸਕੁਏਅਰ ਵੱਲ ਆਕਰਸ਼ਿਤ ਕਰੇਗਾ," ਉਸਨੇ ਅੱਗੇ ਕਿਹਾ। ਯਸ਼ ਰਾਜ ਫਿਲਮਜ਼ ਦੇ ਸੀਈਓ ਅਕਸ਼ੈ ਵਿਧੀ ਨੇ ਇਸ ਭਾਵਨਾ ਨੂੰ ਦੁਹਰਾਇਆ, ਇਸ ਪਲ ਨੂੰ ਇੱਕ ਮਾਣਮੱਤਾ ਮੀਲ ਪੱਥਰ ਕਿਹਾ। "ਜਦੋਂ 30 ਸਾਲ ਪਹਿਲਾਂ ਦਿਲਵਾਲੇ ਦੁਲਹਨੀਆ ਲੇ ਜਾਏਂਗੇ (DDLJ) ਰਿਲੀਜ਼ ਹੋਈ ਸੀ, ਤਾਂ ਇਹ ਫਿਲਮ ਭਾਰਤੀ ਸਿਨੇਮਾ ਲਈ ਇੱਕ ਪਰਿਭਾਸ਼ਿਤ ਪਲ ਬਣ ਗਈ ਅਤੇ ਇੰਡਸਟਰੀ ਦਾ ਚਿਹਰਾ ਬਦਲ ਦਿੱਤਾ, ਜਿਸਨੇ ਇਸਨੂੰ ਦੁਨੀਆ ਭਰ ਵਿੱਚ ਦੇਖਣ ਵਾਲੇ ਹਰ ਵਿਅਕਤੀ ਦੇ ਦਿਲਾਂ ਨੂੰ ਆਪਣੇ ਵੱਲ ਖਿੱਚਿਆ। ਅਸੀਂ ਸੀਨਜ਼ ਇਨ ਦ ਸਕੁਏਅਰ ਵਿੱਚ ਪ੍ਰਦਰਸ਼ਿਤ ਹੋਣ ਵਾਲੀ ਪਹਿਲੀ ਭਾਰਤੀ ਫਿਲਮ ਹੋਣ ਲਈ ਬਹੁਤ ਖੁਸ਼ ਹਾਂ। ਇਹ DDLJ ਦੇ 30 ਸਾਲਾਂ ਨੂੰ ਵੀ ਦਰਸਾਉਂਦੀ ਹੈ, ਇੱਕ ਅਜਿਹੀ ਫਿਲਮ ਜਿਸਨੇ ਵਿਸ਼ਵ ਪੱਧਰ 'ਤੇ ਪਿਆਰ ਅਤੇ ਖੁਸ਼ੀ ਫੈਲਾਈ ਹੈ ਅਤੇ ਯੂਕੇ ਵਿੱਚ ਇਸਦੇ ਸੱਭਿਆਚਾਰਕ ਪ੍ਰਭਾਵ ਨੂੰ ਦਰਸਾਉਂਦੀ ਹੈ।






ਡੀ.ਆਰ.ਵੀ ਡੀ.ਏ.ਵੀ ਸ਼ਤਾਬਦੀ ਕਾਲਜ ਫ਼ਿਲੌਰ ਵਿਖੇ ਐਨ ਐਸ ਐਸ ਯੂਨਿਟ ਅਤੇ ਰੈਡ ਰਿਬਨ ਕਲੱਬ ਵੱਲੋਂ ਡਾ. ਬੀ ਆਰ ਅੰਬੇਡਕਰ ਦੇ ਜੀਵਨ ਤੇ ਫ਼ਲਸਫ਼ਾ ਸਬੰਧੀ ਸੈਮੀਨਾਰ ਪ੍ਰਿੰਸੀਪਲ ਐਸ।ਕੇ ਮਿੱਢਾ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਮੌਕੇ ਤੇ ਪ੍ਰਿੰਸੀਪਲ ਐਸ.ਕੇ ਮਿੱਢਾ ਨੇ ਬਾਬਾ ਸਾਹਿਬ ਦੇ ਜਨਮਦਿਨ ਦੀ ਮੁਬਾਰਕਬਾਦ ਦਿੰਦਿਆਂ ਵਿਦਿਆਰਥੀਆਂ ਨੂੰ ਉਹਨਾਂ ਦੀ ਸੋਚ 'ਤੇ ਪਹਿਰਾ ਦੇਣ ਲਈ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਉਸ ਵੇਲੇ ਦੀਆਂ ਮਨੁੱਖਤਾ ਪ੍ਰਤੀ ਘਾਤਕ ਰਿਵਾਇਤਾਂ ਜਿਵੇਂ ਛੂਤ-ਛਾਤ,ਊਚ-ਨੀਚ ਤੇ ਭੇਦ-ਭਾਵ ਆਦਿ ਹਾਲਾਤਾਂ ਵਿੱਚੋਂ ਜੋ ਵਿੱਦਿਆ ਦੀ ਦਿਸ਼ਾ ਅਪਣਾਈ ਉਸ ਤੋਂ ਸਾਨੂੰ ਸੇਧ ਪ੍ਰਾਪਤ ਕਰਨੀ ਚਾਹੀਦੀ ਹੈ। ਉਹਨਾਂ ਨੇ ਕਿਹਾ ਕਿ ਸਾਨੂੰ ਹਰ ਇੱਕ ਨੂੰ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਪੜ੍ਹਨਾ ਚਾਹੀਦਾ ਹੈ ਅਤੇ ਆਪਣੀ ਸਵੈ-ਪੜਚੋਲ ਕਰਦਿਆਂ ਸਮਾਜ ਪ੍ਰਤਿ ਸਮਾਨਤਾ ਤੇ ਸੰਵੇਦਨਸ਼ੀਲਤਾ ਕਾਇਮ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਹਾਨ ਸ਼ਖਸ਼ੀਅਤਾਂ ਦੇ ਜਨਮਦਿਨ ਮਨਾਉਣ ਦਾ ਤਾਂ ਹੀ ਫਾਇਦਾ ਹੈ ਜੇਕਰ ਅਸੀਂ ਉਹਨਾਂ ਦੁਆਰਾ ਬਣਾਏ ਸਿਧਾਤਾਂ ਨੂੰ ਅਮਲ ਵਿੱਚ ਲਿਆ ਕੇ ਇੱਕ ਚੰਗੇ ਇਨਸਾਨ ਬਣੀਏ ਤੇ ਆਪਣੇ ਹੱਕਾਂ ਪ੍ਰਤੀ ਜਾਣੂ ਹੋਈਏ। ਆਪਣੀ ਪਹਿਚਾਣ ਨੂੰ ਸਮਾਜ ਵਿੱਚ ਆਪ ਕਾਇਮ ਕਰੀਏ। ਉਨ੍ਹਾਂ ਪੜ੍ਹੋ, ਜੁੜੋ ਤੇ ਸੰਘਰਸ਼ ਕਰਨ ਵਾਲੀ ਵਿਚਾਰਧਾਰਾ 'ਤੇ ਜ਼ੋਰ ਦਿੱਤਾ। ਇਸ ਮੌਕੇ ਤੇ ਪ੍ਰੋ. ਮਹਿਕ ਬਿਰਦੀ ਦੁਆਰਾ ਡਾਕਟਰ ਬੀ।ਆਰ ਅੰਬੇਡਕਰ ਦੇ ਜੀਵਨ ਤੇ ਸੰਖੇਪ ਚਾਨਣਾ ਪਾਇਆ ਗਿਆ। ਮੰਚ ਦਾ ਸੰਚਾਲਨ ਡਾਕਟਰ ਪਰਮਜੀਤ ਕੌਰ ਦੁਆਰਾ ਕੀਤਾ ਗਿਆ। ਇਸ ਮੌਕੇ ਤੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।




### ਫਿਰੋਜ਼ ਖਾਨ ਨੇ ਮੱਲ੍ਹੀ ਦੇ "ਯੁੱਧ ਨਸ਼ਿਆਂ ਵਿਰੁੱਧ" ਨੂੰ ਕੀਤਾ ਸ਼ੇਅਰ



ਫਿਰੋਜ਼ ਖਾਨ ਸਟਾਰ ਕਲਾਕਾਰ ਹੈ ਤੇ ਉਸ ਨੇ ਖਾਸ ਤੌਰ ਤੇ ਪੁਲਸੀਏ ਗਾਇਕ ਬਲਜਿੰਦਰ ਪੰਮਾ ਮੱਲ੍ਹੀ ਦੇ ਨਵੇਂ ਗੀਤ "ਯੁੱਧ ਨਸ਼ਿਆਂ ਵਿਰੁੱਧ" ਲਈ ਖਾਸ ਕਲਿਪ ਅੱਪਲੋਡ ਕੀਤੀ ਹੈ ਤੇ ਕਿਹਾ ਕਿ ਪੰਜਾਬ ਪੁਲਿਸ ਨੇ ਪੰਜਾਬ ਸਰਕਾਰ ਦੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ ਨੂੰ ਤੇਜ਼ੀ ਨਾਲ ਚਲਾ ਨਸ਼ਾ ਮੁਕਤ ਪੰਜਾਬ ਕਰਨਾ ਹੈ।ਪੰਮਾ ਮੱਲ੍ਹੀ ਨੇ ਬੀਟ ਅੰਦਾਜ਼ ਨਾਲ ਇਹ ਗੀਤ ਗਾ ਕਿ ਸਰਕਾਰ ਦੀ ਮੁਹਿੰਮ ਨੂੰ ਸਰਾਹਿਆ ਹੈ। ਫਿਰੋਜ਼ ਖਣੰਦਾ ਇਸ ਲਈ ਮੱਲ੍ਹੀ ਦੇ ਨਾਲ ਸਰਕਾਰੀ ਲੋਕਾਂ ਨੇ ਵੀ ਧੰਨਵਾਦ ਕੀਤਾ ਹੈ ਕਿ ਕਲਾਕਾਰ ਪੰਜਾਬ ਪੁਲਿਸ ਨੂੰ ਸਹਿਯੋਗ ਦੇ ਰਹੇ ਹਨ।ਪ੍ਰਤਾਪ ਪਾਰਸ ਜਿਹੜੇ ਪੰਜਾਬ ਪੁਲਿਸ ਮੁਲਾਜਿਮ ਨੇ ਗੀਤ ਲਿਖਿਆ ਤੇ ਜੱਸੀ ਬ੍ਰਦਰਸ ਦੇ ਸੰਗੀਤ ਨਾਲ ਪੰਮਾ ਮੱਲ੍ਹੀ ਦਾ ਇਹ ਗੀਤ ਮਨੋਰੰਜਕ ਬਣ ਲੋਕ ਮੂੰਹਾਂ ਤੇ ਵੀ ਆ ਗਿਆ ਹੈ ਤੇ ਸਾਰੇ ਮਾਡਲ ਮੁੰਡੇ ਕੁੜੀਆਂ ਤੇ ਵੀਡਿਓ ਨਿਰਦੇਸ਼ਕ ਲੋਕਾਂ ਨੇ ਵੀ ਬਲਜਿੰਦਰ ਪੰਮਾ ਮੱਲ੍ਹੀ ਦੇ ਇਸ ਗੀਤ ਨੂੰ ਸਮੇਂ ਦਾ ਹਾਣੀ ਗੀਤ ਦੱਸਿਆ ਹੈ।

### ਦਲੇਰ ਮਹਿਤਾ ਵੀਡਿਓ ਗੀਤ ਤੇ ਵੈੱਬ ਸੀਰੀਜ਼ ਕਰਨ ਲੱਗੇ



ਫ਼ਿਲਮ ਐਕਟਰ ਦਲੇਰ ਮਹਿਤਾ ਨੇ ਫ਼ਿਲਮਜ਼ ਦੇ ਨਾਲ ਨਾਲ ਹੁਣ ਵੀਡਿਓ ਗੀਤਾਂ ਲਈ ਮਾਡਲਿੰਗ ਸ਼ੁਰੂ ਕੀਤੀ ਹੈ ਤੇ ਓਹਨਾਂ ਕਿਹਾ ਕਿ ਗਾਣੇ ਜਿਆਦਾ ਆ ਰਹੇ ਹਨ ਤੇ ਵੀਡਿਓ ਮਾਡਲਿੰਗ ਨਾਲ ਇੱਕ ਤੇ ਚਿਹਰੇ ਦੀ ਪਹਿਚਾਣ ਵਧ ਜਾਂਦੀ ਹੈ ਤੇ ਪੈਸੇ ਵੀ ਮਿਲਦੇ ਹਨ, ਬਾਕੀ ਨਿਰਮਾਤਾ ਨਿਰਦੇਸ਼ਕ ਫ਼ਿਲਮ ਲਈ ਲੈਂਦੇ ਵਕਤ ਕਲਾਕਾਰ ਦੀ ਲੋਕ ਪ੍ਰਿਅ ਸ਼ੈਲੀ ਦੇਖਦੇ ਹਨ।ਦਲੇਰ ਮਹਿਤਾ ਨੂੰ ਐਡ ਫ਼ਿਲਮਾਂ ਵੀ ਮਿਲੀਆਂ ਹਨ ਤੇ ਇਸ ਤਰਾਂ ਉਹ ਆਪਣਾ ਫ਼ਿਲਮਜ਼ ਦਾ ਕੈਰੀਅਰ ਸ਼ਾਨਦਾਰ ਬਣਾਉਣ ਲਈ ਸਰਗਰਮ ਹਨ। ਉਹਨਾਂ ਕਿਹਾ ਕਿ ਓਹ ਵਿਦੇਸ਼ਾਂ ਵਿੱਚ ਫਿਲਮੀ ਸ਼ੋ ਕਰਨ ਬਾਬਤ ਵੀ ਸੋਚ ਰਹੇ ਹਨ ਤੇ ਮਲਵਿੰਦਰ ਭਾਜੀ ਨਾਲ ਅਗਲੀ ਫ਼ਿਲ੍ਮ ਵੀ ਕਰ ਰਹੇ ਹਨ ਜਦ ਕਿ ਐਕਟ੍ਰੈਸ ਸੁੱਚੀ ਬਿਰਗੀ ਨੇ ਵੀ ਦਲੇਰ ਮਹਿਤਾ ਨੂੰ ਸ਼ਾਨਦਾਰ ਐਕਟਰ ਕਿਹਾ ਹੈ।

### ਸਤਨਾਮ ਜੱਜ ਬੋਲੇ ਖਾਹਮ ਖਾਹ ਪ੍ਰੇਸ਼ਾਨ ਨਾ ਕਰੋ ਫ਼ਿਲਮ ਵਾਲਿਆਂ ਨੂੰ



ਸਤਨਾਮ ਜੱਜ ਦਾ ਚੋਟੀ ਦੇ।ਮੀਡੀਆ ਦਿੱਗਜ ਤੇ ਧਾਰਮਿਕ ਮਸਲਿਆਂ ਦੇ ਮਾਹਿਰ ਹਨ। ਆਪਣੀ ਸਰਦਾਰਨੀ ਨਾਲ ਇੱਕ ਸ਼ਾਨਦਾਰ ਸੰਗੀਤਕ ਪਾਰਟੀ ਤੇ ਮਿਲੇ ਜੱਜ ਨੇ ਕਿਹਾ ਕਿ "ਅਕਾਲ" ਫ਼ਿਲਮ ਨੂੰ ਉਤਸ਼ਾਹਿਤ ਕਰਨ ਦੀ ਲੋੜ ਪਰ ਅਸੀਂ ਕਿਰਦਾਰ ਘੋਨਾ ਮੋਨਾ ਜਿਹੇ ਤੰਗ ਸੋਚ ਚੱਕਰਾਂ ਵਿੱਚ ਹਾਂ ਜਦ ਕਿ ਅੱਧੇ ਤੋਂ ਜਿਆਦਾ ਸਿੰਘ ਨਾਮ ਵਾਲੇ ਅਜਿਹੀ ਦਿੱਖ ਵਿੱਚ ਹਨ। ਸਤਨਾਮ ਜੱਜ ਨੇ ਕਿਹਾ ਕਿ ਅੱਜ "ਅਕਾਲ" "ਰਜਨੀ' ਜਿਹੀਆਂ ਫ਼ਿਲਮਾਂ ਦੀ ਲੋੜ ਹੈ ਤਾਂ ਹੀ ਕਈ ਲੋਕ ਧਰਮ ਬਦਲੀ ਵੱਲ ਹਨ। ਸਤਨਾਮ ਜੱਜ ਨੇ ਦਮਦਮੀ ਟਕਸਾਲ ਨੂੰ ਬੇਨਤੀ ਕੀਤੀ ਕਿ ਉਹ ਅੱਗੇ ਆ ਕਿ ਇਤਿਹਾਸਕ ਫ਼ਿਲਮਾਂ ਕਰਨ ਵਾਲਿਆਂ ਨੂੰ ਉਤਸ਼ਾਹਿਤ ਕਰੇ। ਸਤਨਾਮ ਜੱਜ ਮਹਿਤਾ ਵਿਖੇ ਵੀ ਪੰਜਾਬੀ ਫ਼ਿਲਮਾਂ ਦੇ ਨਿਰਮਾਤਾ ਹੁਣ ਹਨ ਤੇ ਖੁਸ਼ ਹੋਏ ਤੇ ਉਹਨਾਂ ਜਲਦੀ ਇੱਕ ਫ਼ਿਲਮ ਮਿਊਜ਼ਿਕ ਈਵੈਂਟ ਕਰਵਾਉਣ ਦੀ ਗੱਲ ਵੀ ਆਖੀ ਹੈ।

### ਰਮੇਸ਼ ਨੂਸੀਵਾਲ ਨੇ ਮਨਾਈ ਡੀ ਡੀ ਪੰਜਾਬੀ ਨਾਲ 25 ਦੀ ਵੈਸਾਖੀ

ਸੂਫ਼ੀ ਗਾਇਕੀ ਤੇ ਕਲਾਸਿਕ ਗਾਇਕੀ ਦਾ ਰਾਜਾ ਹੈ ਗਾਇਕ ਰਮੇਸ਼ ਨੂਸੀਵਾਲ ਤੇ ਪਿਛਲੇ ਕੁੱਝ ਸਾਲਾਂ ਤੋਂ ਉਹ ਡੀ ਡੀ ਪੰਜਾਬੀ ਤੇ ਵਿਸ਼ੇਸ਼ ਨਵੇਂ ਸਾਲ ਤੇ ਵੈਸਾਖੀ ਪ੍ਰੋਗਰਾਮ ਬਣਾ ਕਿ ਕਾਮਯਾਬ ਨਿਰਮਾਤਾ ਵੀ ਹੈ। ਇਸ ਵਾਰ ਵੈਸਾਖੀ ਤੇ ਰਾਏ ਜੁਝਾਰ, ਅਮਨ ਕੌਰ ਸਤਪਾਲ ਬੱਲ, ਸੰਤਾ ਬੰਤਾ ਦੇ ਨਾਲ ਰਵਿੰਦਰ ਰਮਤਾ ਲੰਡਨ, ਦਿਆਲਪੁਰੀ, ਸਰਬਜੀਤ ਫੁੱਲ, ਪ੍ਰੀਤ ਸਮਰਾਲਾ ਤੇ ਖੁਦ ਗੀਤ



ਗਾ ਕਿ ਉਸ ਨੇ ਡੀ ਡੀ ਪੰਜਾਬੀ ਤੇ ਸ਼ਾਨਦਾਰ ਵੈਸਾਖੀ 2025 ਦੀ ਮਨਾਈ। ਜਸਵਿੰਦਰ ਸਿੰਘ ਆਜ਼ਾਦ ਤੇ ਕੇ ਕੇ ਸੱਭਰਵਾਲ ਦੇ ਸਹਿਯੋਗ ਦੀ ਗੱਲ ਕਰਦੇ ਨੂਸੀਵਾਲ ਦੱਸਦੇ ਨੇ ਕਿ ਪੁਸ਼ਪਿੰਦਰ ਕੌਰ ਦੀ ਐਂਕਰਿੰਗ ਉਸ ਨੇ ਲਈ ਤੇ ਓਹ ਸੋਨੇ ਤੇ ਸੁਹਾਗਾ ਸਾਬਿਤ ਹੋਈ। ਮਜ਼ਬੂਰੀਆਂ ਨਾਂ ਮਾਰਦੀਆਂ ਤਾਂ ਹੰਸ ਰਾਜ ਹੰਸ ਤੇ ਸਾਬਰਕੋਟੀ ਪੱਧਰ ਦੇ ਇਸ ਗਾਇਕ ਨੇ ਬਾਲੀਵੁੱਡ ਜਾਣਾ ਸੀ ਖ਼ੈਰ ਬੱਚੇ ਸਥਾਪਿਤ ਤੇ ਸਰਗੁਨ ਮਿਊਜ਼ਿਕ ਦੇ ਸੀਈਓ ਅਤੇ ਡੀ ਡੀ ਪੰਜਾਬੀ ਦੇ ਸਫ਼ਲ ਪ੍ਰੋਗਰਾਮ ਨਿਰਮਾਤਾ ਬਣ ਰਮੇਸ਼ ਦੇ ਪ੍ਰੋਗਰਾਮ ਦਾ ਪੱਧਰ ਡੀ ਡੀ ਨੈਸ਼ਨਲ ਦੇ ਖਾਸ ਪ੍ਰੋਗਰਾਮਾਂ ਦੇ ਬਰਾਬਰ ਹੁੰਦਾ ਹੈ। ਅਸੀਂ ਗਿਣਤੀ ਨਹੀਂ ਵਧਾਉਂਦੇ ਇਕੱਲੇ ਨੋਟ ਕਮਾਉਣ ਲਈ ਬਲ ਕਿ ਪ੍ਰੋਗਰਾਮ ਗੁਣਵਤਾ ਵਾਲਾ ਉੱਚ ਪੱਧਰੀ ਕਰਦੇ ਹਾਂ ਰਮੇਸ਼ ਇਹ ਗੱਲ ਦਾਅਵੇ ਨਾਲ ਕਰਦੇ ਹਨ। ਟੀਵੀ ਪ੍ਰੋਗਰਾਮ ਨਿਰਮਾਤਾ ਤੇ ਗਾਇਕ ਰਮੇਸ਼ ਨੂਸੀਵਾਲ ਦੇ ਇਸ ਨਵੇਂ ਕੈਰੀਅਰ ਲਈ ਹੋਰ ਸ਼ੁੱਭ ਕਾਮਨਾਵਾਂ।

### ਅਸ਼ੋਕ ਪੁਰੀ ਭਾਰਤ ਭਰ ਵਿੱਚ "ਗੋਲਡ ਮੈਡਲ ਦਾ ਦਹੇਜ"

ਇੱਕ ਸ਼ਾਨਦਾਰ ਪੀ ਆਰ ਵੀ ਖੁਦ ਉਹੀ ਅਸ਼ੋਕ ਪੁਰੀ ਹੈ ਜਿਹੜਾ ਓ ਟੀ ਟੀ ਪੰਜਾਬੀ ਤੇ ਨਿਰਦੇਸ਼ਕ ਤੇ ਅਭਿਨੇਤਾ ਬਣ ਕਾਮਯਾਬ ਹੈ। ਸੰਸਦ ਮੈਂਬਰ ਰਹੇ ਬੀ ਜੇ ਪੀ ਦੇ ਕੱਦਾਵਰ ਨੇਤਾ ਅਵਿਨਾਸ਼ ਰਾਏ ਖੰਨਾ ਲਿਖਤ "ਗੋਲਡ ਮੈਡਲ ਦਾ ਦਹੇਜ ' ਵੈੱਬ ਫ਼ਿਲਮ ਨਾਲ ਪੰਜਾਬ ਭਰ ਉਹਨਾਂ ਦੀ ਚਰਚਾ ਹੈ ਤੇ ਹੁਣ ਗੁਜਰਾਤ, ਓੜੀਸਾ ਤੇ ਲਖਨਵੀ ਲੋਕਾਂ ਤੱਕ ਉਹਨਾਂ ਦੀ ਇਹ ਫ਼ਿਲਮ ਪਹੁੰਚੀ ਹੈ। ਫਿਲਮੀ ਮੇਲੇ ਇਸ



ਫ਼ਿਲਮ ਨੂੰ ਉਤਸ਼ਾਹਿਤ ਕਰ ਰਹੇ ਹਨ। ਅਸ਼ੋਕ ਪੁਰੀ "ਗੋਲਡ ਮੈਡਲ ਦਾ ਦਹੇਜ " ਜਲਦੀ ਟੀਵੀ ਦੇ ਪ੍ਰਮੁੱਖ ਚੈਨਲਾਂ ਤੇ ਲਿਆ ਸਕਦੇ ਹਨ ਤੇ ਸਾਊਥ ਲਈ ਇਹ ਵੱਖ ਵੱਖ ਭਾਸ਼ਾਵਾਂ ਵਿੱਚ ਡੱਬ ਹੋ ਰਹੀ ਹੈ। ਅਸ਼ੋਕ ਪੁਰੀ ਇਸ ਫ਼ਿਲਮ ਨਾਲ "ਕਾਂਸ ਫ਼ਿਲਮ ਉਤਸਵ ਤੇ ਪੂਨਾ ਫ਼ਿਲਮ ਫੈਸਟੀਵਲ ਤੱਕ ਦਿਖਾਈ ਦੇ ਸਕਦੇ ਹਨ। ਐਕਟ੍ਰੈਸ ਆਰਤੀ ਸਿੰਘ ਨਾਲ ਪਰਦੇ ਤੇ ਪੁਰੀ ਦੀ ਕੇਮਿਸਟਰੀ ਸ਼ਾਨਦਾਰ ਹੈ। ਨੈਂਸੀ ਅਰੋੜਾ, ਵਿਨੀਤ ਅਟਵਾਲ, ਗੁਰਮੇਲ ਧਾਲੀਵਾਲ, ਰੇਣੂਕਾ ਉਹਨਾਂ ਨੇ ਆਪਣੀ ਇਸ ਚਰਚਿਤ ਫ਼ਿਲਮ ਵਿੱਚ ਕਲਾਕਾਰ ਲਏ ਸਨ।

### ਦੀਪ ਮਾਂਡੀਆ ਬੋਲੇ "ਅੱਜ ਦੇ ਲਫੰਗੇ" ਆਉਣ ਦਿਓ ਫ਼ਿਰ ਦੇਖਣਾ ਦੋ ਦੋ ਪੰਜ ਹੁੰਦੇ

ਲੁਧਿਆਣਾ ਦਾ ਮੁੰਡਾ ਦੀਪ ਮਾਂਡੀਆ ਫ਼ਿਲਮ ਨਾਇਕ ਬਣ ਸਾਹਮਣੇ ਆਏਗਾ ਹਾਲਾਂ ਕਿ ਕੁੱਝ ਕਾਰਨ ਕਿ ਉਸ ਦੀ ਫ਼ਿਲਮ "ਅੱਜ ਦੇ ਲਫੰਗੇ "ਲੇਟ ਹੈ। ਦੀਪ ਨੇ ਇਸ ਫਿਲਮ ਵਿੱਚ ਜ਼ਰਯਾਲ ਦੀਪ ਤੇ ਪੂਨਮ ਸੂਦ ਨਾਲ ਕੰਮ ਕੀਤਾ ਹੈ।



ਉਸ ਦੇ ਪਿਤਾ ਬਲਦੇਵ ਰਾਜ ਫ਼ਿਲਮ ਮੇਕਰ ਹਨ ਤੇ ਉਹ ਬੂਟਾ ਸਿੰਘ ਤੇ ਰਾਜਨ ਬੱਤਰਾ ਨਾਲ ਫ਼ਿਲਮਾਂ ਕਰ ਚੁੱਕੇ ਹਨ। ਦੀਪ ਨੇ ਕਿਹਾ ਕਿ ਉਹ ਕਨੇਡਾ ਤੇ ਲੰਡਨ ਵਿੱਚ ਫਿਲਮੀ ਤਜ਼ਰਬੇ ਸਿੱਖ ਰਹੇ ਹਨ ਤੇ ਨਾਲ ਹੀ ਫ਼ਿਲਮ ਨਿਰਦੇਸ਼ਨ ਵਿੱਚ ਉਹਨਾਂ ਦੀ ਦਿਲਚਸਪੀ ਹੈ। ਦੀਪ ਆਸਵੰਦ ਨੇ ਕਿ ਜਦ ਵੀ "ਅੱਜ ਦੇ ਲਫੰਗੇ" ਆਈ ਉਹਨਾਂ ਦੀ ਗੱਲ ਬਣ ਜਾਣੀ ਹੈ। ਦੀਪ ਦਾ ਕੱਦ ਕਾਠ ਉੱਚਾ ਤੇ ਲੰਬਾ ਹੈ ਅਤੇ ਦਿੱਖ ਵੀ ਰੋਮਾਂਟਿਕ ਹੈ।ਵੈਸੇ ਦੀਪ ਆਖਦੇ ਨੇ ਕਿ ਉਹ ਐਕਸ਼ਨ ਫ਼ਿਲਮਾਂ ਕਰਨ ਦੇ ਵੀ ਸਮਰਥ ਹਨ ਤੇ ਨਿਰਦੇਸ਼ਕ ਬਲਜਿੰਦਰ ਸਿੱਧੂ ਉਹਨਾਂ ਦੇ ਕੈਰੀਅਰ ਨੂੰ ਸ਼ਹਿ ਦੇ ਕਿ ਅੱਗੇ ਵਧਾ ਕਿ ਕਾਮਯਾਬੀ ਦੇ ਦਰਸ਼ਨ ਕਰਵਾ ਸਕਦੇ ਹਨ।

## ਸਰਦਾਰ ਸੋਹੀ ਜਿਹੇ ਫ਼ਿਲਮ ਐਵਾਰਡ ਵਿਨਰ ਐਕਟਰ ਨਾਲ "ਜਰਨੈਲ ਦਾ ਵਾਰੀਅਰ" ਕਰਨੀ ਅਹਿਮ ਪ੍ਰਾਪਤੀ ਹੈ ਡਾਇਰੈਕਟਰ ਕਰਨ ਲੌਰੀ

ਕਰਨ ਲੌਰੀ ਨੇ ਟੀਵੀ ਦੇ ਤਜ਼ਰਬੇ ਬਾਅਦ "ਚਾਦਰ" ਜਿਹੀ ਸ਼ਾਨਦਾਰ ਫ਼ਿਲਮ ਬਣਾ ਕਿ ਦੱਸ ਦਿੱਤਾ ਕਿ ਉਸ ਕੋਲ ਟੈਲੇਂਟ ਹੈ।ਕਰਨ ਕੋਲ ਵਕ਼ਤ ਵਕਤ ਤੇ ਵੀਡਿਓ ਤੇ ਹੋਰ ਕੰਮ ਰਿਹਾ ਹੈ ਤੇ ਉਸ ਨੇ ਵਿਸ਼ਾਲ ਤਜ਼ਰਬੇ ਲਈ ਕਾਫੀ ਦੇਰ ਮੁੰਬਈ ਬਾਲੀਵੁੱਡ ਵਿੱਚ ਵੀ ਕੰਮ ਕੀਤਾ ਹੈ। ਕਰਨ ਦੀ ਚਰਚਾ ਹੁਣ ਪੰਜਾਬੀ ਓ ਟੀ ਟੀ ਨੇ ਕਾਫੀ ਕਰਵਾਈ ਹੈ ਤੇ ਉਸ ਦੀ ਫ਼ਿਲਮ "ਜਰਨੈਲ ਦਾ ਵਾਰੀਅਰ" ਨੂੰ ਖ਼ੂਬ ਹੁੰਗਾਰਾ ਮਿਲਿਆ ਹੈ। ਕਰਨ ਦੀ ਇਹ ਫ਼ਿਲਮ ਯੂਟਿਊਬ ਦੇ ਇਲਾਵਾ ਚੌਪਾਲ ਟੀਵੀ ਦੀ ਸ਼ਾਨ ਬਣੀ ਹੈ। ਕਰਨ ਲੋਰੀ ਆਪਣੀ ਫ਼ਿਲਮ ਬਾਬਤ ਆਖਦੇ ਨੇ ਕਿ



ਚੌਪਾਲ ਟੀਵੀ ਵਾਲੇ ਗੁਣਵਤਾ ਦੇਖ ਫ਼ਿਲਮ ਲੈਂਦੇ ਹਨ ਤੇ ਇਹ ਫ਼ਿਲਮ ਚੌਪਾਲ ਟੀਵੀ ਤੇ ਆਉਣ ਨਾਲ ਉਸ ਲਈ ਕੰਮ ਦੇ ਰਾਹ ਖ਼ੂਬ ਖੁੱਲ ਗਏ ਕਰਨ ਦੇ ਇਸ ਖੇਤਰ ਵਿੱਚ ਆਉਣ ਦੀ ਤਾਂ ਉਹ ਰਾਜੂ ਘੁੰਮਣ ਦੇ ਨਾਂ ਨਾਲ ਟੀਵੀ ਤੇ ਵੀਡਿਓ ਐਲਬਮ ਖੇਤਰ ਵਿਚ ਸਰਗਰਮ ਰਿਹਾ ਹੈ। ਇੱਕ ਵਕਤ ਦਰਜ਼ਨ ਦੇ ਕਰੀਬ ਗਾਇਕ ਕਲਾਕਾਰਾਂ ਦੇ ਟਰੈਕ ਉਸ ਰਲੀਜ਼ ਕੀਤੇ ਪਰ ਡਾਇਰਕਟਰ ਤੇ ਰਾਇਟਰ ਬਣ ਪ੍ਰਸਿੱਧ ਹੋਣ ਦੀ ਤਮੰਨਾ ਨੇ ਉਸ ਨੂੰ ਮੁੰਬਈ ਬਾਲੀਵੁੱਡ ਦਿਖਾ ਦਿੱਤੀ। ਇਥੇ ਉਸ ਨੇ ਖ਼ੂਬ ਕੰਮ ਕੀਤਾ ਤੇ ਤਜ਼ਰਬਾ ਲਿਆ। ਕਰਨ ਲੋਰੀ ਨੇ "ਚਾਦਰ" ਤੋਂ ਬਾਅਦ ਜਿਹੜੀ ਬੇਮਿਸਾਲ ਹੁੰਗਾਰਾ ਲੈਣ ਵਾਲੀ ਸਥਿਤੀ ਦੇਖੀ ਉਹ ਹੁਣ ਫ਼ਿਲਮ "ਜਰਨੈਲ ਦਾ ਵਾਰੀਅਰ" ਵੈੱਬ ਪੰਜਾਬੀ ਫ਼ਿਲਮ ਨੇ ਲਿਆਂਦੀ ਹੈ।ਕਰਨ ਨੇ ਇਸ ਫ਼ਿਲਮ ਵਿੱਚ ਜਿੱਥੇ ਟੀਵੀ ਤੇ ਰੰਗਮੰਚ ਦੇ ਸਟਾਰ ਲਏ ਉਥੇ ਸਰਦਾਰ ਸੋਹੀ ਜਿਹੇ ਦਿੱਗਜ ਐਵਾਰਡ ਜੇਤੂ ਅਭਿਨੇਤਾ ਨੂੰ ਡਾਇਰੈਕਟ ਕੀਤਾ ਹੈ। ਉਹ ਕਹਿੰਦਾ ਹੈ ਕਿ ਸਰਦਾਰ ਸੋਹੀ ਨੇ ਉਸ ਨੂੰ ਬਹੁਤ ਸਹਿਯੋਗ ਦਿੱਤਾ ਤੇ ਉਸ ਦਾ ਹੌਸਲਾ ਵਧਾਉਣ ਲਈ ਕੰਮ ਕੀਤਾ। ਫ਼ਿਲਮ ਨੂੰ ਆਈ ਐਮ ਡੀ ਬੀ ਨੇ 8 ਦੇ ਕਰੀਬ ਰੇਟ ਦਿੱਤਾ ਜਿਹੜੀ ਵੱਡੀ ਗੱਲ ਹੈ। ਕਰਨ ਨੇ ਕਿਹਾ ਕਿ ਸਰਦਾਰ ਸੋਹੀ ਦੇ ਇਲਾਵਾ ਰਜਿੰਦਰ ਕਸ਼ਪ ਜਿਹੇ ਸੀਨੀਅਰ ਟੀਵੀ ਸਟਾਰ ਦਾ ਕੰਮ ਤੇ ਸਲਾਹ ਉਹਨਾਂ ਨੂੰ ਪ੍ਰਭਾਵਿਤ ਕਰ ਗਈ। ਰਜਿੰਦਰ ਰੀਤ ਦੇ ਨਾਲ ਦਿਲ ਨੂਰ ਏਂਜਲ ਦਾ ਕੰਮ ਵੀ ਵਧੀਆ ਰਿਹਾ ਹੈ। ਕਰਨ ਨੂੰ ਵੱਧ ਖੁਸ਼ੀ ਤਾਂ ਵੀ ਕਿ ਮਸ਼ਹੂਰ ਫ਼ਿਲਮ ਆਲੋਚਕਾਂ ਨੇ ਉਸ ਦੀ ਫ਼ਿਲਮ "ਜਰਨੈਲ ਦਾ ਵਾਰੀਅਰ" ਨੂੰ ਬੇਹਤਰੀਨ ਫ਼ਿਲਮ ਦਾ ਦਰਜ਼ਾ ਦਿੱਤਾ ਹੈ। ਮੈਡਮ ਘੁੰਮਣ ਦਾ ਉਹ ਧੰਨਵਾਦ ਕਰਦੇ ਨੇ ਕਿ ਜਿਹਨਾਂ ਸ ਨੂੰ ਨਿਰਦੇਸ਼ਕ ਤੌਰ ਤੇ ਅਜ਼ਾਦ ਹੋ ਕੰਮ ਕਰਨ ਦਾ ਮੌਕਾ ਦਿੱਤਾ। ਹੁਣ ਜਿੱਥੇ ਅਗਲੀ ਵੈੱਬ ਫ਼ਿਲਮ ਦੀ ਤਿਆਰੀ ਹੈ ਉਥੇ ਉਹ ਪੰਜਾਬੀ ਟੀ ਦੀ ਵਧਦੀ ਲੋਕ ਪ੍ਰਿਅ ਸਥਿਤੀ ਤੋਂ ਖੁਸ਼ ਹਨ। ਕਰਨ ਇਸ ਤੋਂ ਬਾਅਦ ਵੱਡੀ ਪੰਜਾਬੀ ਫ਼ਿਲ੍ਮ ਕਰਨ ਦੀ ਵੀ ਸੋਚ ਰਹੇ ਹਨ। ਉਮੀਦ ਹੈ ਕਿ ਕਰਨ ਲੋਰੀ ਪੰਜਾਬੀ ਓ ਟੀ ਟੀ ਪਲੇਟਫਾਰਮ ਨੂੰ ਐਮਾਜ਼ੋਨ ਤੇ ਨੇਟਫਲਿਕਸ ਪੱਧਰ ਤੇ ਦੇਖਣ ਲਈ ਬਤੌਰ ਨਿਰਦੇਸ਼ਕ ਕੋਸਿਸ਼ ਕਰਨਗੇ। ਕਰਨ ਲੋਰੀ ਯੁਵਾ ਸੋਚ ਦੇ ਨਾਮਵਰ ਨਿਰਦੇਸ਼ਕ ਬਣ ਸਾਰਥਿਕ ਮਨੋਰੰਜਕ ਫ਼ਿਲਮਾਂ ਦਰਸ਼ਕਾਂ ਨੂੰ ਦੇਣ ਲਈ ਵੱਡੀਆਂ ਫ਼ਿਲਮਾਂ ਨਾਲ ਜਲਦੀ ਜੁੜੇ ਨਜ਼ਰ ਆਉਣਗੇ।

**ਪੇਸ਼ਕਸ਼-ਅੰਮ੍ਰਿਤ ਪਵਾਰ**

## ਪੰਜਾਬ ਖੇਡ ਨਕਸ਼ੇ 'ਤੇ ਮੋਹਰੀ ਸੂਬੇ ਵੱਜੋਂ ਉੱਭਰੇਗਾ - ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ। ਰਵਜੋਤ ਸਿੰਘ ਨੇ ਐਤਵਾਰ ਨੂੰ ਪਿੰਡ ਬੈਂ-ਸਤਾਨੀਵਾਲ ਵਿਖੇ ਪਿੰਡ ਦੀ ਪੰਚਾਇਤ ਵੱਲੋਂ ਕਰਵਾਏ ਗਏ ਪਹਿਲੇ ਵਾਲੀਬਾਲ ਅਤੇ ਰੱਸਾ-ਕੱਸੀ ਟੂਰਨਾਮੈਂਟ ਦੇ ਸਮਾਪਤੀ ਸਮਾਰੋਹ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ ਰਾਜ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਜਲਦ ਦੇਸ਼ ਦੇ ਖੇਡ ਨਕਸ਼ੇ 'ਤੇ ਮੋਹਰੀ ਸੂਬੇ ਵਜੋਂ ਉੱਭਰੇਗਾ।



ਪਿੰਡ ਦੀ ਪੰਚਾਇਤ ਅਤੇ ਮੋਹਤਬਰਾਂ ਸਮੇਤ ਖਿਡਾਰੀਆਂ ਨਾਲ ਜਾਣ-ਪਛਾਣ ਉਪਰੰਤ ਸਥਾਨਕ ਸਰਕਾਰਾਂ ਮੰਤਰੀ ਡਾ। ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਪਿੰਡ-ਪਿੰਡ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਤਵੱਜੋਂ ਦੇ ਰਹੀ ਹੈ ਜਿਸ ਤਹਿਤ ਪਿੰਡਾਂ ਵਿਚ ਖੇਡ ਮੈਦਾਨ ਬਣਾਉਣ ਦੇ ਨਾਲ-ਨਾਲ ਜਿੰਮ ਤਿਆਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਖੇਡਾਂ ਲਈ ਚਾਲੂ ਵਿੱਤੀ ਸਾਲ ਦੌਰਾਨ 979 ਕਰੋੜ ਰੁਪਏ ਦੀ ਵਿਵਸਥਾ ਰੱਖੀ ਗਈ ਹੈ ਜੋ ਕਿ ਖੇਡਾਂ ਦੇ ਖੇਤਰ ਲਈ ਪੰਜਾਬ ਦੇ ਇਤਿਹਾਸ ਵਿਚ ਹੁਣ ਤੱਕ ਦੀ ਸਭ ਤੋਂ ਵੱਧ ਜਾਰੀ ਹੋਣ ਵਾਲੀ ਰਕਮ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਰਾਜ ਵਿਚ ਖੇਡ ਸਭਿਆਚਾਰ ਅਤੇ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਦ੍ਰਿੜ ਸੰਕਲਪ ਹੈ ਅਤੇ ਪਿੰਡਾਂ ਵਿਚ ਅਜਿਹੇ ਟੂਰਨਾਮੈਂਟ ਇਸ ਦਿਸ਼ਾ ਵਿਚ ਮਦਦਗਾਰ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬੀ ਨੌਜਵਾਨਾਂ ਵਿਚ ਮਿਹਨਤ ਅਤੇ ਲਗਨ ਦਾ ਅਥਾਹ ਜਜ਼ਬਾ ਹੈ ਜਿਸ ਨਾਲ ਇਹ ਦੁਨੀਆਂ ਭਰ ਵਿਚ ਆਪਣੀ ਕਾਬਲੀਅਤ ਦਾ ਲੋਹਾ ਮਨਵਾ ਚੁੱਕੇ ਹਨ ਅਤੇ ਖੇਡਾਂ ਵਿਚ ਵੀ ਪੰਜਾਬੀਆਂ ਨੇ ਵਿਲੱਖਣ ਛਾਪ ਛੱਡਦਿਆਂ ਦੁਨੀਆਂ ਭਰ ਵਿਚ ਵੱਡੇ ਮਾਅਰਕੇ ਮਾਰੇ ਹਨ। ਪੰਜਾਬੀ ਖਿਡਾਰੀਆਂ ਵੱਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵੱਖ-ਵੱਖ ਖੇਡਾਂ ਵਿਚ ਜਿੱਤੇ ਤਮਗਿਆਂ ਬਾਰੇ ਗੱਲ ਕਰਦਿਆਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪਹਿਲੀ ਵਾਰ ਹੋਇਆ ਹੈ ਕਿ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਦੀ ਤਿਆਰੀ ਲਈ ਵੀ ਖਿਡਾਰੀਆਂ ਨੂੰ ਵਿੱਤੀ ਮਦਦ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਨੇ ਖਿਡਾਰੀਆਂ ਨੂੰ ਆਪਣੇ ਹੁਨਰ ਦੇ ਪ੍ਰਦਰਸ਼ਨ ਲਈ ਢੁਕਵਾਂ ਮੰਚ ਪ੍ਰਦਾਨ ਕਰਦਿਆਂ ਸੂਬੇ ਭਰ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸੂਬਾ ਸਰਕਾਰ ਰਾਜ ਵਿਚ ਖੇਡਾਂ ਨੂੰ ਉਤਸਾਹਿਤ ਕਰਨ ਵਿਚ ਕੋਈ ਕੋਰ ਕਸਰ ਨਹੀਂ ਛੱਡੇਗੀ ਅਤੇ ਖਿਡਾਰੀਆਂ ਨੂੰ ਹਰ ਲੋੜੀਂਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਪਿੰਡ ਬੈਂਸਤਾਨੀਵਾਲ ਦੀ ਬਾਹਰਲੀ ਫਿਰਨੀ ਦੇ ਮਜਬੂਤੀਕਰਨ, ਸਟੇਡੀਅਮ ਨੂੰ ਨਵੀਂ ਦਿੱਖ ਦੇਣ ਅਤੇ 51 ਹਜ਼ਾਰ ਰੁਪਏ ਦੇਣ ਦਾ ਐਲਾਨ ਕਰਦਿਆਂ ਡਾ। ਰਵਜੋਤ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋੜੀਂਦੇ ਵਿਕਾਸ ਕਾਰਜ ਕਰਵਾ ਕੇ ਪਿੰਡਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਜਿਸ ਤਹਿਤ ਵਿਕਾਸ ਕੰਮਾਂ ਲਈ ਪੰਚਾਇਤਾਂ ਨੂੰ ਫੰਡ ਉਪਲਬਧ ਕਰਵਾਏ ਜਾ ਰਹੇ ਹਨ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਚੌਥਾ ਮਹਾਨ ਨਗਰ ਕੀਰਤਨ ਬਹੁਤ ਹੀ ਸ਼ਰਧਾਪੂਰਵਕ ਕੱਢਿਆ ਗਿਆ
























# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਚੌਥਾ ਮਹਾਨ ਨਗਰ ਕੀਰਤਨ ਬਹੁਤ ਹੀ ਸ਼ਰਧਾਪੂਰਵਕ ਕੱਢਿਆ ਗਿਆ
























# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਚੌਥਾ ਮਹਾਨ ਨਗਰ ਕੀਰਤਨ ਬਹੁਤ ਹੀ ਸ਼ਰਧਾਪੂਰਵਕ ਕੱਢਿਆ ਗਿਆ












ਤਸਵੀਰਾਂ- ਦੇਸ਼ ਦੁਆਬਾ












# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਚੌਥਾ ਮਹਾਨ ਨਗਰ ਕੀਰਤਨ ਬਹੁਤ ਹੀ ਸ਼ਰਧਾਪੂਰਵਕ ਕੱਢਿਆ ਗਿਆ
























# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਾਧ ਸੰਗਤ ਦੇ ਸਹਿਯੋਗ ਨਾਲ ਚੌਥਾ ਮਹਾਨ ਨਗਰ ਕੀਰਤਨ ਬਹੁਤ ਹੀ ਸ਼ਰਧਾਪੂਰਵਕ ਕੱਢਿਆ ਗਿਆ


























